@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Wednesday, 18 March 2026

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 18 ਮਾਰਚ 2026, 2 ਚੈਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 132, qpatrika@gmail.com ਫੋਨ : 9971359517 www.qaumipatrika.org

# ਹੈਦਰਾਬਾਦ ਘਟਨਾ 'ਤੇ SGPC ਦੀ ਚੁੱਪੀ 'ਤੇ ਉਠੇ ਸਵਾਲ ਕਿ ਪੰਜਾਬ ਤੋਂ ਬਾਹਰ ਸਿੱਖ ਖਤਰੇ ਵਿੱਚ ਹਨ ?

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 17 ਮਾਰਚ: ਹੈਦਰਾਬਾਦ ਵਿੱਚ ਕਾਂਗਰਸ ਸਰਕਾਰ ਵੱਲੋਂ ਇਕ ਪੁਰਾਤਨ ਗੁਰਦੁਆਰਾ ਸਾਹਿਬ ਦੀ ਜ਼ਮੀਨ ਨਾਲ ਜੁੜੇ ਮਾਮਲੇ ਵਿੱਚ ਬੁਲਡੋਜ਼ਰ ਕਾਰਵਾਈ ਕਰਨ ਤੋਂ



ਬਾਅਦ ਦੇਸ਼ ਭਰ ਵਿੱਚ ਰਹਿੰਦੇ ਸਿੱਖਾਂ ਵਿੱਚ ਭਾਰੀ ਗੁੱਸਾ ਅਤੇ ਚਿੰਤਾ ਦਾ ਮਾਹੌਲ ਪੈਦਾ ਹੋ ਗਿਆ ਹੈ। ਇਸ ਘਟਨਾ ਨੂੰ ਸਿਰਫ਼ ਇੱਕ ਇਲਾਕਾਈ ਮਸਲਾ ਨਹੀਂ ਮੰਨਿਆ ਜਾ ਰਿਹਾ, ਸਗੋਂ ਇਸ ਨੂੰ ਪੂਰੇ ਸਿੱਖ ਕੌਮ ਨਾਲ ਜੁੜੀ ਸੰਵੇਦਨਸ਼ੀਲ ਘਟਨਾ ਵਜੋਂ ਦੇਖਿਆ ਜਾ ਰਿਹਾ ਹੈ। ਜਾਣਕਾਰੀ ਮੁਤਾਬਕ, ਹੈਦਰਾਬਾਦ ਵਿੱਚ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਬਣੇ ਮਕਾਨਾਂ ਨੂੰ ਸਰਕਾਰ ਵੱਲੋਂ ਜਬਰਨ ਬੁਲਡੋਜ਼ਰ ਰਾਹੀਂ ਢਾਹ ਦਿੱਤਾ ਗਿਆ। ਇਸ ਕਾਰਵਾਈ ਨੇ ਸਥਾਨਕ ਸਿੱਖ ਭਾਈਚਾਰੇ ਨੂੰ ਗਹਿਰੇ ਤੌਰ 'ਤੇ ਝੰਜੋੜ ਦਿੱਤਾ ਹੈ। ਸਿੱਖ ਪਰਿਵਾਰਾਂ ਦਾ ਦੋਸ਼ ਹੈ ਕਿ ਬਿਨਾਂ ਸੰਵਾਦ ਅਤੇ ਬਿਨਾਂ ਕਿਸੇ ਵਿਕਲਪ ਦੇ ਉਨ੍ਹਾਂ ਦੇ ਘਰ ਢਾਹੇ ਗਏ, ਜੋ ਕਿ ਮਨੁੱਖੀ ਅਧਿਕਾਰਾਂ ਦੇ ਖਿਲਾਫ਼ ਹੈ। ਇਸ ਸੰਵੇਦਨਸ਼ੀਲ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੀ ਹੁਣ



ਤੱਕ ਦੀ ਚੁੱਪੀ 'ਤੇ ਵੀ ਗੰਭੀਰ ਸਵਾਲ ਖੜੇ ਹੋ ਰਹੇ ਹਨ। ਸਿੱਖ ਜਥੇਬੰਦੀਆਂ ਅਤੇ ਬੁੱਧੀਜੀਵੀਆਂ ਦਾ ਕਹਿਣਾ ਹੈ ਕਿ SGPC ਨੂੰ ਤੁਰੰਤ ਹੈਦਰਾਬਾਦ ਪਹੁੰਚ ਕੇ ਪੀੜਤ ਸਿੱਖ ਪਰਿਵਾਰਾਂ ਦੇ ਨਾਲ ਖੜ੍ਹਾ ਹੋਣਾ ਚਾਹੀਦਾ ਹੈ। ਉਹਨਾਂ ਦਾ ਮੰਨਣਾ ਹੈ ਕਿ ਜੇ SGPC ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਚੁੱਪ ਰਹਿੰਦੀ ਹੈ, ਤਾਂ ਇਹ ਸਿੱਖ ਕੌਮ ਦੇ ਭਵਿੱਖ ਲਈ ਚੰਗੇ ਸੰਕੇਤ ਨਹੀਂ ਹਨ। ਇਸ ਮਾਮਲੇ ਵਿੱਚ ਸਿੱਖ ਧਾਰਮਿਕ ਅਥਾਰਟੀ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਅਪੀਲ ਕੀਤੀ ਜਾ ਰਹੀ ਹੈ ਕਿ ਉਹ SGPC ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ 'ਤੇ ਦਬਾਅ ਬਣਾਉਣ, ਤਾਂ ਜੋ ਉਹ ਬਿਨਾਂ ਕਿਸੇ ਦੇਰੀ ਦੇ ਹੈਦਰਾਬਾਦ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲੈਣ ਅਤੇ ਸਿੱਖ ਭਾਈਚਾਰੇ ਨੂੰ ਨਿਆਂ ਦਿਵਾਉਣ ਲਈ ਕਦਮ ਚੁੱਕਣ। ਸਿੱਖ ਆਗੂਆਂ ਦਾ ਕਹਿਣਾ ਹੈ ਕਿ



ਹੈਦਰਾਬਾਦ ਦੀ ਇਹ ਘਟਨਾ ਕਿਸੇ ਇੱਕ ਪਰਿਵਾਰ ਦੀ ਨਹੀਂ, ਸਗੋਂ ਪੂਰੀ ਸਿੱਖ ਕੌਮ ਦੀ ਇੱਜ਼ਤ ਅਤੇ ਹੱਕਾਂ ਨਾਲ ਜੁੜੀ ਹੋਈ ਹੈ। ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਕਬਜ਼ਾ ਕਰਨ ਜਾਂ ਉਸ ਨੂੰ ਖਾਲੀ ਕਰਵਾਉਣ ਦੇ ਨਾਂ 'ਤੇ ਇਸ ਤਰ੍ਹਾਂ ਦੀ ਕਾਰਵਾਈ ਦੇਸ਼ ਦੀ ਇਕਤਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਸ ਤੋਂ ਇਲਾਵਾ, ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਰਹਿੰਦੇ ਸਿੱਖਾਂ ਉੱਤੇ ਪਿਛਲੇ ਸਮੇਂ ਵਿੱਚ ਵੀ ਕਈ ਵਾਰ ਹਮਲੇ ਹੋ ਚੁੱਕੇ ਹਨ, ਜਿਸ ਨਾਲ ਇਹ ਡਰ ਵਧਦਾ ਜਾ ਰਿਹਾ ਹੈ ਕਿ ਪੰਜਾਬ ਤੋਂ ਬਾਹਰ ਰਹਿਣ ਵਾਲੇ ਸਿੱਖਾਂ ਦੀ ਸੁਰੱਖਿਆ ਸਵਾਲਾਂ ਦੇ ਘੇਰੇ ਵਿੱਚ ਹੈ। ਹੈਦਰਾਬਾਦ ਦੀ ਇਹ ਘਟਨਾ ਇਸ ਚਿੰਤਾ ਨੂੰ ਹੋਰ ਵੀ ਗੰਭੀਰ ਬਣਾ ਰਹੀ ਹੈ। ਸਿੱਖ ਜਥੇਬੰਦੀਆਂ ਨੇ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਤੋਂ ਵੀ ਮੰਗ ਕੀਤੀ




ਹੈ ਕਿ ਉਹ ਤੁਰੰਤ ਦਖਲ ਦੇ ਕੇ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਵਾਉਣ, ਦੋਸ਼ੀਆਂ ਖਿਲਾਫ਼ ਕਾਰਵਾਈ ਕੀਤੀ ਜਾਵੇ ਅਤੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਨਿਆਂ ਦਿੱਤਾ ਜਾਵੇ।

- SGPC ਤੁਰੰਤ ਹੈਦਰਾਬਾਦ ਪਹੁੰਚੇ
- ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਖ਼ਤ ਨੋਟਿਸ ਲਿਆ ਜਾਵੇ
- ਪੀੜਤ ਸਿੱਖ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਸੁਰੱਖਿਆ ਦਿੱਤੀ ਜਾਵੇ
- ਗੁਰਦੁਆਰਾ ਸਾਹਿਬ ਦੀ ਜ਼ਮੀਨ ਦੀ ਕਾਨੂੰਨੀ ਸਥਿਤੀ ਸਾਫ਼ ਕੀਤੀ ਜਾਵੇ
- ਕੇਂਦਰ ਸਰਕਾਰ ਵੱਲੋਂ ਉੱਚ ਪੱਧਰੀ ਜਾਂਚ ਬੈਠਾਈ ਜਾਵੇ

ਅੰਤ ਵਿੱਚ, ਸਿੱਖ ਆਗੂਆਂ ਨੇ ਸਪਸ਼ਟ ਕੀਤਾ ਕਿ ਜੇਕਰ ਇਸ ਮਾਮਲੇ ਵਿੱਚ ਜਲਦੀ ਕਾਰਵਾਈ ਨਾ ਹੋਈ ਤਾਂ ਦੇਸ਼ ਭਰ ਵਿੱਚ ਵੱਡੇ ਪੱਧਰ 'ਤੇ ਪ੍ਰਦਰਸ਼ਨ ਕੀਤੇ ਜਾਣਗੇ। ਇਹ ਮਾਮਲਾ ਹੁਣ ਸਿਰਫ਼ ਹੈਦਰਾਬਾਦ ਤੱਕ ਸੀਮਿਤ ਨਹੀਂ ਰਹਿ ਗਿਆ, ਸਗੋਂ ਇਹ ਸਿੱਖ ਕੌਮ ਦੇ ਅਧਿਕਾਰਾਂ ਅਤੇ ਸੁਰੱਖਿਆ ਨਾਲ ਜੁੜਿਆ ਇੱਕ ਰਾਸ਼ਟਰੀ ਮਸਲਾ ਬਣ ਚੁੱਕਾ ਹੈ।

## ਸਾਰੇ ਵਿਰੋਧੀ ਕੁਰਸੀ ਦੀ ਲੜਾਈ ਲੜ ਰਹੇ ਹਨ ਅਤੇ ਭਗਵੰਤ ਮਾਨ ਲੋਕਾਂ ਦੇ ਹੱਕਾਂ ਦੀ ਲੜਾਈ ਲੜ ਰਿਹਾ: ਮੁੱਖ ਮੰਤਰੀ ਮਾਨ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਧੂਰੀ, 17 ਮਾਰਚ: ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਜੇਕਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਹੁੰਦੇ ਤਾਂ ਅੱਜ ਦੇਸ਼ ਦਾ ਨਕਸ਼ਾ ਬਿਲਕੁਲ ਵੱਖਰਾ ਹੁੰਦਾ। ਉਨ੍ਹਾਂ ਨੇ ਸਵਾਲ ਕਰਦਿਆਂ ਕਿਹਾ ਕਿ ਆਜ਼ਾਦੀ ਦੇ ਦਹਾਕਿਆਂ ਬਾਅਦ ਵੀ ਦੇਸ਼ ਵੇਲਾ ਵਿਹਾਅ ਚੁੱਕੇ ਸਿਸਟਮ ਦੇ ਜਾਲ ਵਿੱਚ ਕਿਉਂ ਉਲਝਿਆ ਹੋਇਆ ਹੈ ਜਦਕਿ ਇਸੇ ਸਿਸਟਮ ਤੋਂ ਨਿਜਾਤ ਪਾਉਣ ਲਈ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਵਰਗੇ ਇਨਕਲਾਬੀਆਂ ਨੇ




ਆਪਣੀਆਂ ਜਾਨਾਂ ਨਿਛਾਵਰ ਕੀਤੀਆਂ ਸਨ। ਉਨ੍ਹਾਂ ਕਿਹਾ ਕਿ ਇਹ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਸਾਲ 2027 ਵਿੱਚ ਵੀ ਆਮ ਆਦਮੀ ਪਾਰਟੀ ਹੀ ਸੱਤਾ ਵਿੱਚ ਆਵੇਗੀ ਕਿਉਂਕਿ ਚਾਰ ਸਾਲਾਂ ਵਿੱਚ ਸਾਰੀਆਂ ਗਾਰੰਟੀਆਂ ਪੂਰੀਆਂ ਕਰ ਦਿੱਤੀਆਂ ਹਨ ਅਤੇ ਵਿਰੋਧੀਆਂ ਕੋਲ ਲੋਕਾਂ ਅੱਗੇ ਜਾਣ ਲਈ ਕੋਈ ਮੁੱਦਾ ਨਹੀਂ ਬਚਿਆ। ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਵਾਰੋ-ਵਾਰੀ ਪੰਜਾਬ ਨੂੰ ਲੁੱਟਣ ਤੋਂ ਬਾਅਦ ਹੁਣ ਫੇਰ ਸੱਤਾ ਵਿੱਚ ਆਉਣ ਲਈ ਆਪਸ ਵਿੱਚ ਕਾਟੋ-ਕਲੇਸ਼ ਕਰ ਰਹੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਕਾਲੇ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਅੰਦੋਲਨ ਦੌਰਾਨ ਸ਼ਹੀਦ ਹੋਏ 750 ਕਿਸਾਨਾਂ ਨੂੰ ਪੰਜਾਬ ਅਜੇ ਭੁੱਲਿਆ ਨਹੀਂ ਹੈ। ਅੱਜ ਨਵੇਂ ਬਣੇ ਸਬ-ਡਿਵੀਜ਼ਨਲ ਹਸਪਤਾਲ ਨੂੰ ਸਮਰਪਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਲੋਕ-ਪੱਖੀ ਫੈਸਲਿਆਂ ਕਾਰਨ 'ਆਪ' ਸੂਬੇ ਵਿੱਚ ਦੁਬਾਰਾ ਸਰਕਾਰ ਬਣਾਏਗੀ।"ਉਨ੍ਹਾਂ ਅੱਗੇ ਕਿਹਾ, "ਪੰਜਾਬ ਦੇ ਲੋਕ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ 'ਆਪ' ਸਰਕਾਰ ਬਣਾਉਣ ਲਈ ਉਤਾਵਲੇ ਹਨ। ਸਾਲ 2022 ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਤੋਂ ਸੱਤਾ ਸੰਭਾਲਣ ਤੋਂ ਬਾਅਦ ਸਾਡੀ ਸਰਕਾਰ ਨੇ ਕਈ ਲੋਕ-ਪੱਖੀ ਫੈਸਲੇ ਲਏ। ਅਸੀਂ ਚਾਰ ਸਾਲਾਂ ਵਿੱਚ ਆਪਣੇ ਸਾਰੇ ਵਾਅਦੇ ਪਹਿਲਾਂ ਹੀ ਪੂਰੇ ਕਰ ਲਏ ਹਨ ਅਤੇ ਆਉਣ ਵਾਲੇ ਇੱਕ ਸਾਲ ਵਿੱਚ ਅਸੀਂ ਸੂਬੇ ਨੂੰ ਨਵੇਂ ਸਿਖਰ 'ਤੇ ਲੈ ਜਾਵਾਂਗੇ। ਸ਼ਾਸਨ ਵਿਵਸਥਾ ਵਿੱਚ ਨਵੀਆਂ ਪਿਰਤਾਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਸੀਂ ਚਾਰ ਸਾਲਾਂ ਵਿੱਚ ਸਾਰੇ ਵਾਅਦੇ ਪੂਰੇ ਕਰਕੇ ਰਾਜਨੀਤੀ ਵਿੱਚ ਨਵੀਂ ਕਵਾਇਦ ਸ਼ੁਰੂ ਕੀਤੀ ਹੈ, ਜਦੋਂ ਕਿ ਦੂਜੀਆਂ ਪਾਰਟੀਆਂ ਪੰਜ ਸਾਲਾਂ ਵਿੱਚ ਅਜਿਹਾ ਕਰਨ ਦੇ ਕਾਬਲ ਨਹੀਂ ਹਨ। ਪਹਿਲੇ ਦਿਨ ਤੋਂ ਹੀ ਸਾਡੀ ਸਰਕਾਰ ਪਿਛਲੀਆਂ ਸਰਕਾਰਾਂ ਦੇ ਘਟੀਆ ਸਿਸਟਮ ਨੂੰ ਸੁਧਾਰ ਰਹੀ ਹੈ ਅਤੇ ਅਸੀਂ ਆਮ ਆਦਮੀ ਦੀ ਭਲਾਈ ਲਈ ਦਲੇਰਾਨਾ ਫੈਸਲੇ ਲੈਣ ਤੋਂ ਝਿਜਕਦੇ ਨਹੀਂ ਹਾਂ।"ਉਨ੍ਹਾਂ ਅੱਗੇ ਕਿਹਾ, "ਹੁਣ ਫਿਰ ਕਾਂਗਰਸ ਅਤੇ ਬਾਦਲ ਸੂਬੇ ਨੂੰ ਲੁੱਟਣ ਦਾ ਇੱਕ ਹੋਰ ਮੌਕਾ ਲੱਭ ਰਹੇ ਹਨ ਜਦੋਂ ਕਿ ਸੂਬੇ ਨੇ ਪਹਿਲਾਂ ਹੀ ਇਨ੍ਹਾਂ ਦੀ ਸੱਤਾ ਦੌਰਾਨ ਵਿੱਚ ਬਹੁਤ ਕੁਝ ਝੱਲਿਆ ਹੈ। ਲੋਕਾਂ ਦੀਆਂ ਭਾਵਨਾਵਾਂ ਦਾ ਜ਼ਿਕਰ ਹੋਏ ਉਨ੍ਹਾਂ ਕਿਹਾ, "ਸੂਬੇ ਦੇ ਸੂਝਵਾਨ ਲੋਕ ਇਨ੍ਹਾਂ ਨੂੰ ਕਦੇ ਵੀ ਇੱਕ ਹੋਰ ਮੌਕਾ ਨਹੀਂ ਦੇਣਗੇ ਅਤੇ ਚੋਣਾਂ ਤੋਂ ਬਾਅਦ ਉਨ੍ਹਾਂ ਨੂੰ ਸਿਆਸੀ ਗੁਮਨਾਮੀ ਵਿੱਚ ਭੇਜ ਦਿੱਤਾ ਜਾਵੇਗਾ।

Contd.....................page-3

## ਰਾਜ ਸਭਾ 'ਚ ਗੂੰਜਿਆ ਰਸੋਈ ਗੈਸ ਦਾ ਮੁੱਦਾ, ਖੜਗੇ ਅਤੇ ਨੱਢਾ ਵਿਚਾਲੇ ਹੋਈ ਤਿੱਖੀ ਬਹਿਸ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 17 ਮਾਰਚ। ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨੇ ਪੱਛਮੀ ਏਸ਼ੀਆ ਸੰਕਟ ਕਾਰਨ ਦੇਸ਼ 'ਚ ਰਸੋਈ ਗੈਸ ਸਿਲੰਡਰ ਦੀ ਸਪਲਾਈ ਪ੍ਰਭਾਵਿਤ ਹੋਣ ਦਾ ਮੁੱਦਾ ਸੋਮਵਾਰ ਨੂੰ ਸਦਨ 'ਚ ਚੁੱਕਿਆ, ਜਿਸ 'ਤੇ ਨੇਤਾ ਸਦਨ ਜਗਤ ਪ੍ਰਕਾਸ਼ ਨੱਢਾ (ਜੇਪੀ ਨੱਢਾ) ਨੇ ਇਹ ਕਹਿੰਦੇ ਹੋਏ ਵਿਰੋਧ ਕੀਤਾ ਕਿ ਕਾਂਗਰਸ ਇਤਰਾਜ਼ ਦੇ ਸਮੇਂ ਵੀ ਰਾਜਨੀਤੀ ਕਰ ਕੇ ਲੋਕਾਂ ਨੂੰ ਭੜਕਾ ਰਹੀ ਹੈ। ਖੜਗੇ ਨੇ ਸਿਫਰ ਕਾਲ ਦੌਰਾਨ ਇਹ ਮੁੱਦਾ ਚੁੱਕਦੇ ਹੋਏ ਕਿਹਾ ਕਿ ਦੇਸ਼ 'ਚ ਰਸੋਈ ਗੈਸ ਸਿਲੰਡਰ ਦੀ ਸਪਲਾਈ ਪ੍ਰਭਾਵਿਤ ਹੋਣ ਕਾਰਨ ਹਾਹਾਕਾਰ ਮਚਿਆ ਹੈ ਐਤ ਇਸ ਨਾਲ ਵਿਸ਼ੇਸ਼ ਰੂਪ ਨਾਲ ਗਰੀਬ, ਮੱਧਮ ਵਰਗ ਅਤੇ ਛੋਟੇ ਰੈਸਟੋਰੈਂਟ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਭਾਰਤ ਆਪਣੀ ਜ਼ਰੂਰਤ ਦੀ 6 ਫੀਸਦੀ ਰਸੋਈ ਗੈਸ ਆਯਾਤ ਕਰਦਾ ਹੈ ਅਤੇ ਇਨ੍ਹਾਂ 'ਚੋਂ ਵੀ 90 ਫੀਸਦੀ Strait of Hormuz ਦੇ ਰਸਤੇ ਆਉਂਦੀ ਹੈ। ਖੜਗੇ ਨੇ ਕਿਹਾ ਕਿ ਸਪਲਾਈ ਪ੍ਰਭਾਵਿਤ ਹੋਣ ਨਾਲ ਕਮਿਊਨਿਟੀ ਰਸੋਈ ਬੰਦ ਕਰਨੇ ਪੈ ਰਹੇ ਹਨ ਅਤੇ ਸਿਲੰਡਰ ਦੀ ਕੀਮਤ ਵੀ ਵਧ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਹ ਦਾਅਵਾ



ਕਰ ਰਹੀ ਹੈ ਕਿ ਦੇਸ਼ 'ਚ ਗੈਸ ਸਿਲੰਡਰ ਦੀ ਕਮੀ ਨਹੀਂ ਹੈ ਅਤੇ ਲੋਕ ਅਫਵਾਹਾਂ 'ਤੇ ਧਿਆਨ ਨਾ ਦੇਣ ਤਾਂ ਫਿਰ ਇਹ ਲਾਈਨ ਕਿਉਂ ਲੱਗ ਰਹੀ ਹੈ। ਉਨ੍ਹਾਂ ਕਿਹਾ ਕਿ ਪੱਛਮੀ ਏਸ਼ੀਆ ਸੰਕਟ ਦੇ ਮੱਧ ਨਜ਼ਰ ਜਦੋਂ ਸਰਕਾਰ ਉੱਥੇ ਰਹਿ ਰਹੇ ਭਾਰਤੀਆਂ ਲਈ ਐਡਵਾਇਜ਼ਰੀ ਜਾਰੀ ਕਰ ਰਹੀ ਸੀ ਤਾਂ ਸਪਲਾਈ ਲਈ ਵੀ ਵਿਕਲਪਿਕ ਵਿਵਸਥਾ ਕਿਉਂ ਨਹੀਂ ਕੀਤੀ ਗਈ ਅਤੇ ਸਪਲਾਈ ਕਿਉਂ ਨਹੀਂ ਵਧਾਈ ਗਈ। ਸਦਨ ਦੇ ਨੇਤਾ



ਨੱਢਾ ਨੇ ਕਿਹਾ ਕਿ ਇਹ ਸਿਫਰ ਕਾਲ ਹੈ ਅਤੇ ਇਸ 'ਚ ਹਰ ਮੈਂਬਰ ਨੂੰ ਤਿੰਨ ਮਿੰਟ ਦਾ ਸਮਾਂ ਆਪਣੀ ਗੱਲ ਰੱਖਣ ਲਈ ਦਿੱਤਾ ਜਾਂਦਾ ਹੈ ਪਰ ਖੜਗੇ ਵਿਰੋਧੀ ਧਿਰ ਦੇ ਨੇਤਾ ਹੋਣ ਦੇ ਬਾਵਜੂਦ ਨਿਯਮਾਂ ਦੀ ਉਲੰਘਣਾ ਕਰ ਰਹੇ ਹਨ।



# ਨਸ਼ਾ ਤਸਕਰੀ ਮਡਿਊਲ ਦਾ ਕੀਤਾ ਪਰਦਾਫਾਸ਼, 2 ਕਿਲੋ ਤੋਂ ਵੱਧ ਹੈਰੋਇਨ ਸਮੇਤ ਤਸਕਰ ਕਾਬੂ

**ਕੌਮੀ ਪਤ੍ਰਿਕਾ**

ਜੈਤੋ 17 ਮਾਰਚ। ਫਰੀਦਕੋਟ ਪੁਲਸ ਵੱਲੋ ਇਕ ਹੋਰ ਨਸ਼ਾ ਤਸਕਰਾ ਮਡਿਊਲ ਦਾ ਪਰਦਾਫਾਸ਼ ਕਰਦਿਆਂ 2.064 ਕਿਲੋਗ੍ਰਾਮ ਹੈਰੋਇਨ ਸਮੇਤ ਨਸ਼ਾ ਤਸਕਰ ਨੂੰ ਗ੍ਰਿਫਤਾਰ ਕੀਤਾ ਹੈ। ਇਹ ਆਪੇਸ਼ਨ ਜੋਗੇਸ਼ਵਰ ਸਿੰਘ ਗੋਰਾਇਆ ਐੱਸ.ਪੀ (ਇਨਵੈਸਟੀਗੇਸ਼ਨ) ਫਰੀਦਕੋਟ ਦੀ ਰਹਿਨੁਮਾਈ ਅਤੇ ਅਵਤਾਰ ਸਿੰਘ ਡੀ.ਐੱਸ.ਪੀ (ਇਨਵੈਸਟੀਗੇਸ਼ਨ) ਫਰੀਦਕੋਟ ਦੇ ਦਿਸ਼ਾ ਨਿਰਦੇਸ਼ਾ ਹੇਠ ਸੀ.ਆਈ.ਏ ਸਟਾਫ ਫਰੀਦਕੋਟ ਵੱਲੋਂ ਯੋਜਨਾਬੱਧ ਢੰਗ ਨਾਲ ਅੰਜ਼ਾਮ ਦਿੱਤਾ ਗਿਆ। ਕਾਰਵਾਈ ਦੌਰਾਨ ਗ੍ਰਿਫਤਾਰ ਕੀਤੇ ਗਏ ਦੋਸ਼ੀ ਦੀ ਪਹਿਚਾਣ ਅਕਾਸ਼ ਉਰਫ ਮਾਨ ਵਜੋ ਹੋਈ ਹੈ, ਜੋ ਕਿ ਅੰਮ੍ਰਿਤਸਰ ਦੇ ਪ੍ਰੀਤ ਨਗਰ ਦਾ ਰਿਹਾਇਸ਼ੀ ਹੈ, ਜੋ ਹੁਣ ਅੰਮ੍ਰਿਤਸਰ ਦੇ ਕਿਰਪਾ ਨਾਗਰ, ਨਰਾਇਣਗੜ੍ਹ ਛੇਹਾਰਟ ਵਿਖੇ ਰਹਿ ਰਿਹਾ ਸੀ। ਪੁਲਸ ਟੀਮਾਂ ਵੱਲੋ ਨਸ਼ੇ ਦੀ ਖੇਪ ਦੇ ਨਾਲ ਮੌਕੇ ਪਰ ਮੌਜੂਦ ਮੋਟਰਸਾਈਕਲ ਵੀ ਕਬਜ਼ੇ ਵਿਚ ਲਿਆ ਗਿਆ ਹੈ। ਜਾਣਕਾਰੀ ਮੁਤਾਬਕ ਇੰਸਪੈਕਟਰ ਅਮਰਿੰਦਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਫਰੀਦਕੋਟ ਦੀ ਨਿਗਰਾਨੀ ਹੇਠ ਸਹਾਇਕ ਥਾਣੇਦਾਰ ਸੁਖਪਾਲ ਸਿੰਘ ਪੁਲਸ ਪਾਰਟੀ ਸਮੇਤ ਏਰੀਆ ਵਿਚ ਗਸ਼ਤ ਕਰ ਰਹੇ ਸੀ ਤਾਂ ਪਿੰਡ ਚੰਦਬਾਜਾ ਵਾਲੇ ਪੁੱਲ ਤੋਂ ਖੱਬੇ ਪਾਸੇ ਵਾਲੇ ਸਰਵਿਸ ਰੋਡ ਤੇ ਦੋਸ਼ੀ ਕਿੱਟ ਬੈਗ ਸਮੇਤ ਮੌਜੂਦ ਸੀ, ਜਿਸ ਵੱਲੋਂ ਪੁਲਸ ਪਾਰਟੀ ਨੂੰ ਵੇਖ ਕੇ ਮੋਟਰਸਾਈਕਲ ਸਟਾਰਟ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪੁਲਸ ਨੇ ਸ਼ੱਕ ਦੀ ਆਧਾਰ 'ਤੇ ਉਸ ਨੂੰ ਕਾਬੂ ਕੀਤਾ ਅਤੇ ਜਦ ਤਰਲੋਚਨ ਸਿੰਘ ਡੀ.ਐੱਸ.ਪੀ. (ਸਬ-ਡਵੀਜਨ) ਫਰੀਦਕੋਟ ਦੀ ਹਾਜ਼ਰੀ ਵਿਚ ਤਲਾਸ਼ੀ ਕੀਤੀ ਤਾਂ ਉਸ ਦੀ ਕਿੱਟ ਵਿਚੋਂ 2 ਪੈਕੇਟ ਹੈਰੋਇਨ ਅਤੇ 20 ਹਜ਼ਾਰ ਰੁਪਏ ਡਰੱਗ ਮਨੀ ਬਰਾਮਦ ਹੋਈ। ਪੈਕੇਟਾ ਵਿਚ 1 ਕਿਲੋ 58 ਗ੍ਰਾਮ ਅਤੇ 1 ਕਿਲੋ 06 ਗ੍ਰਾਮ ਹੈਰੋਇਨ ਬਰਾਮਦ ਹੋਈ। ਮੁੱਢਲੀ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਗ੍ਰਿਫਤਾਰ ਦੋਸ਼ੀ ਵੱਲੋਂ ਬਰਾਮਦ ਕੀਤੀ ਗਈ ਹੈਰੋਇਨ ਦੀ ਖੇਪ ਨੂੰ ਅੱਗੇ ਸਪਲਾਈ ਕੀਤਾ ਜਾਣਾ ਸੀ, ਜਿਸ ਨਾਲ ਨਸ਼ਾ ਤਸਕਰੀ ਦੇ ਵੱਡੇ ਜਾਲ ਨਾਲ ਇਸਦੇ ਸੰਬੰਧ ਹੋਣ ਦੇ ਸੰਕੇਤ ਮਿਲਦੇ ਹਨ। ਦੋਸ਼ੀ



ਦੇ ਕ੍ਰਿਮਿਨਲ ਰਿਕਾਰਡ ਦੀ ਜਾਂਚ ਕੀਤੀ ਗਈ ਤਾਂ ਇਹ ਸਾਹਮਣੇ ਆਇਆ ਕਿ ਇਸ ਦੇ ਖ਼?ਲਾਫ਼ ਪਹਿਲਾਂ ਵੀ ਨਸ਼ਾ ਤਸਕਰੀ, ਅਸਲਾ ਐਕਟ ਅਤੇ ਹੋਰ ਸੰਗੀਨ ਧਾਰਾਵਾਂ ਹੇਠ ਕੁੱਲ 7 ਮਾਮਲੇ ਦਰਜ ਹਨ। ਦੋਸ਼ੀ ਨੂੰ ਅਦਾਲਤ ਵਿਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ ਤਾਂ ਜੋ ਇਸ ਦੇ ਬੈਕਵਰਡ ਅਤੇ ਫਾਰਵਰਡ ਲਿੰਕਾਂ ਦੀ ਬਾਰੀਕੀ ਨਾਲ ਜਾਂਚ ਕਰਕੇ ਨਸ਼ਾ ਤਸਕਰੀ ਦੇ ਪੂਰੇ ਨੈੱਟਵਰਕ ਨੂੰ ਬੇਨਕਾਬ ਕੀਤਾ ਜਾ ਸਕੇ।

## ਸੂਬੇ 'ਚ 71 ਫੀਸਦੀ ਸ਼ਰਾਬ ਦੇ ਲਾਇਸੈਂਸ ਗਰੁੱਪਾਂ ਦਾ ਹੋਇਆ ਨਵੀਨੀਕਰਨ

ਚੰਡੀਗੜ੍ਹ 17 ਮਾਰਚ। ਸਾਲ 2026-27 ਦੀ ਆਬਕਾਰੀ ਨੀਤੀ ਦੇ ਤਹਿਤ ਸੂਬੇ ਵਿਚ ਸ਼ਰਾਬ ਦੇ ਲਾਇਸੈਂਸਾਂ ਦੇ ਨਵੀਨੀਕਰਨ ਦੀ ਪ੍ਰਕਿਰਿਆ ਸਫਲਤਾਪੂਰਵਕ ਨੇਪਰੇ ਚੜ੍ਹ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੂਬੇ ਦੇ ਕੁੱਲ 207 ਰਿਟੇਲ ਲਾਇਸੈਂਸ ਗਰੁੱਪਾਂ ਵਿੱਚੋਂ 147 ਗਰੁੱਪਾਂ ਨੇ ਆਪਣੇ ਕੰਟਰੈਕਟ ਅਗਲੇ ਸਾਲ ਲਈ ਰੀਨਿਊ ਕਰਵਾ ਲਏ ਹਨ, ਜਦੋਂ ਕਿ 60 ਗਰੁੱਪਾਂ ਦਾ ਨਵੀਨੀਕਰਨ ਅਜੇ ਬਾਕੀ ਹੈ। ਇਸ ਦੇ ਨਾਲ ਹੀ ਸੂਬੇ ਵਿਚ ਨਵੀਨੀਕਰਨ ਦੀ ਕੁੱਲ ਦਰ 71 ਫੀਸਦੀ ਰਹੀ ਹੈ। ਆਬਕਾਰੀ ਨੀਤੀ ਦੀਆਂ ਸ਼ਰਤਾਂ ਅਨੁਸਾਰ ਮੌਜੂਦਾ ਲਾਇਸੈਂਸ ਧਾਰਕਾਂ ਕੋਲ ਆਪਣੇ ਕੰਟਰੈਕਟ ਰੀਨਿਊ ਕਰਨ ਲਈ 13 ਮਾਰਚ ਤੱਕ ਦਾ ਸਮਾਂ ਸੀ। ਜਿਹੜੇ 60 ਗਰੁੱਪਾਂ ਨੇ ਨਵੀਨੀਕਰਨ ਦੇ ਬਦਲ ਦੀ ਵਰਤੋਂ ਨਹੀਂ ਕੀਤੀ ਹੈ, ਉਹ ਹੁਣ ਟੈਂਡਰ ਰਾਹੀਂ ਹੋਣ ਵਾਲੀ ਨਵੀਂ ਅਲਾਟਮੈਂਟ ਪ੍ਰਕਿਰਿਆ ਵਿਚ ਹਿੱਸਾ ਲੈ ਸਕਣਗੇ। ਸੂਬੇ ਦੇ ਕਈ ਜ਼ਿਲ੍ਹਿਆਂ ਵਿਚ ਨਵੀਨੀਕਰਨ ਦੀ ਪ੍ਰਕਿਰਿਆ ਸ਼ਾਨਦਾਰ ਰਹੀ ਹੈ। ਬਰਨਾਲਾ, ਫਰੀਦਕੋਟ, ਫਤਹਿਗੜ੍ਹ ਸਾਹਿਬ, ਗੁਰਦਾਸਪੁਰ, ਮਾਨਸਾ, ਪਟਿਆਲਾ ਅਤੇ ਤਰਨਤਾਰਨ ਅਜਿਹੇ ਜ਼ਿਲ੍ਹੇ ਹਨ, ਜਿੱਥੇ ਸਾਰੇ ਗਰੁੱਪਾਂ ਦਾ 100 ਫੀਸਦੀ ਨਵੀਨੀਕਰਨ ਹੋਇਆ ਹੈ। ਵੱਡੇ ਵਪਾਰਕ ਜ਼ਿਲ੍ਹਿਆਂ 'ਚ ਵੀ ਨਤੀਜੇ ਸਕਾਰਾਤਮਕ ਰਹੇ ਹਨ। ਅੰਕੜਿਆਂ ਮੁਤਾਬਕ ਜਲੰਧਰ 76 ਫੀਸਦ, ਅੰਮ੍ਰਿਤਸਰ 75 ਫੀਸਦੀ, ਲੁਧਿਆਣਾ 73 ਫੀਸਦੀ ਰਿਹਾ ਹੈ। ਹਾਲਾਂਕਿ ਫਾਜ਼ਿਲਕਾ, ਫਿਰੋਜ਼ਪੁਰ, ਐੱਸ.ਬੀ.ਐੱਸ. ਨਗਰ, ਕਪੂਰਥਲਾ, ਮੋਗਾ ਅਤੇ ਪਠਾਨਕੋਟ ਵਰਗੇ ਜ਼ਿਲ੍ਹਿਆਂ ਵਿਚ ਨਵੀਨੀਕਰਨ ਦੀ ਦਰ ਕੁਝ ਘੱਟ ਰਹੀ ਹੈ

# ਲੁਧਿਆਣਾ ਪੁਲਸ ਵੱਲੋਂ 5 ਮੁਲਜ਼ਮ ਗ੍ਰਿਫ਼ਤਾਰ, 3 ਮੋਟਰਸਾਈਕਲ ਅਤੇ 4 ਤੇਜ਼ਧਾਰ ਹਥਿਆਰ ਬਰਾਮਦ

**ਕੌਮੀ ਪਤ੍ਰਿਕਾ**

ਲੁਧਿਆਣਾ 17 ਮਾਰਚ। ਚੌਕੀ ਮੁੰਡੀਆਂ ਕਲਾਂ ਵੱਲੋਂ ਗੁਪਤ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਗਈ ਹੈ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸਾਹਿਲ ਸਿੰਘ ਚੱਢਾ ਉਰਫ ਲਾਲਾ ਵਾਸੀ ਜਮਾਲਪੁਰ ਲੁਧਿਆਣਾ, ਜਗਜੀਤ ਸਿੰਘ ਉਰਫ ਜੀਤਾ ਵਾਸੀ ਗੋਬਿੰਦ ਨਗਰ ਭਾਮੀਆਂ ਕਲਾਂ ਲੁਧਿਆਣਾ, ਅਨਮੋਲਰਤਨ ਸਿੰਘ ਉਰਫ ਅਨਮੋਲ ਵਾਸੀ ਬੌਬੀ ਕਲੋਨੀ ਪਿੰਡ ਤਾਜਪੁਰ ਲੁਧਿਆਣਾ, ਮੋਹਿਤ ਵਾਸੀ ਸਰਪੰਚ ਕਾਲੋਨੀ ਨੇੜੇ ਬੁੱਢਾ ਦਰਿਆ ਪੁਲੀ ਪਿੰਡ ਤਾਜਪੁਰ ਲੁਧਿਆਣਾ ਅਤੇ ਕਰਮਜੀਤ ਸਿੰਘ ਉਰਫ ਕੰਮੂ ਵਾਸੀ ਗ੍ਰੀਨ ਸਿਟੀ ਭੂਖੜੀ ਲੁਧਿਆਣਾ ਵਜੋਂ ਹੋਈ ਹੈ। ਪੁਲਸ ਵੱਲੋਂ ਮੁਲਜ਼ਮਾਂ ਦੇ ਕਬਜ਼ੇ ਵਿਚੋਂ ਤਿੰਨ ਮੋਟਰਸਾਈਕਲ ਅਤੇ ਚਾਰ ਤੇਜ਼ਧਾਰ ਹਥਿਆਰ ਬਰਾਮਦ ਕੀਤੇ ਗਏ ਹਨ। ਇਸ ਸਬੰਧੀ ਮੁਕੱਦਮਾ ਨੰਬਰ 50 ਮਿਤੀ 03.03.2026 ਅਧੀਨ ਧਾਰਾ 310(4), 310(5), 317(2) ਥਾਣਾ ਜਮਾਲਪੁਰ ਲੁਧਿਆਣਾ ਵਿਚ ਦਰਜ ਕੀਤਾ ਗਿਆ ਹੈ। ਕਾਰਵਾਈ ਦੌਰਾਨ ਮੁਲਜ਼ਮ ਪਾਰਸ ਸਿੰਘ ਵਾਸੀ ਮੁਹੱਲਾ ਸੰਤੋਖਪੁਰਾ ਨੇੜੇ ਸ਼ਿਵਾ ਜੀ



ਮੰਦਰ ਫਿਲੌਰ ਜ਼ਿਲ੍ਹਾ ਜਲੰਧਰ, ਜਿਸ ਖ਼?ਲਾਫ਼ ਪਹਿਲਾਂ ਵੀ ਚੋਰੀ ਅਤੇ ਖੋਹ ਦੇ ਕਰੀਬ 5 ਮੁਕੱਦਮੇ ਦਰਜ ਹਨ, ਮੌਕੇ ਤੋਂ ਭੱਜਣ ਵਿਚ ਕਾਮਯਾਬ ਹੋ ਗਿਆ। ਉਸ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ ਹੈ। ਗ੍ਰਿਫ਼ਤਾਰ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ ਅਤੇ ਉਨ੍ਹਾਂ ਤੋਂ ਹੋਰ ਪੁੱਛਗਿੱਛ ਜਾਰੀ ਹੈ।

## ਇਸ ਜ਼ਿਲ੍ਹੇ 'ਚ ਬਣਦੀ ਹੈ ਭਾਰਤ ਦੀ ਸਭ ਤੋਂ ਮਹਿੰਗੀ ਸ਼ਰਾਬ ! ਕੀਮਤ ਜਾਣ ਉੱਡਣਗੇ ਹੋਸ਼

ਵੈੱਬ ਡੈਸਕ 17 ਮਾਰਚ। ਹੋਲੀ ਵਰਗੇ ਤਿਉਹਾਰਾਂ ਦੇ ਸੀਜ਼ਨ ਦੌਰਾਨ ਜਿੱਥੇ ਸ਼ਰਾਬ ਦੀ ਮੰਗ ਰਿਕਾਰਡ ਤੋੜ ਦਿੰਦੀ ਹੈ, ਉੱਥੇ ਹੀ ਭਾਰਤ 'ਚ ਬਣੀ ਇਕ ਅਜਿਹੀ ਵਿਸਕੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਜਿਸ ਦੇ ਅੱਗੇ ਵਿਦੇਸ਼ੀ ਬ੍ਰਾਂਡ ਵੀ ਫਿੱਕੇ ਪੈ ਜਾਂਦੇ ਹਨ। ਉੱਤਰ ਪ੍ਰਦੇਸ਼ ਦੇ ਰਾਮਪੁਰ 'ਚ ਦੇਸ਼ ਦੀ ਸਭ ਤੋਂ ਮਹਿੰਗੀ ਸ਼ਰਾਬ ਤਿਆਰ ਕੀਤੀ ਜਾਂਦੀ ਹੈ, ਜਿਸ ਦਾ ਨਾਮ 'ਰਾਮਪੁਰ ਸਿਗਨੇਚਰ ਰਿਜ਼ਰਵ ਸਿੰਗਲ ਮਾਲਟ ਵਿਸਕੀ' ਹੈ। ਜਾਣੀ-ਮਾਣੀ ਕੰਪਨੀ ਰੈਡੀਕੋ ਖੇਤਾਨ ਵੱਲੋਂ ਤਿਆਰ ਕੀਤੀ ਗਈ ਇਸ ਲਗਜ਼ਰੀ ਵਿਸਕੀ ਦੀ ਇੱਕ ਬੋਤਲ ਦੀ ਕੀਮਤ 5 ਲੱਖ ਰੁਪਏ ਹੈ। ਇਹ



ਕੋਈ ਆਮ ਸ਼ਰਾਬ ਨਹੀਂ ਹੈ; ਇਸਦੀ ਖਾਸ ਗੁਣਵੱਤਾ ਕਾਰਨ ਇਹ ਭਾਰਤ ਦੀ ਸਭ ਤੋਂ ਮਹਿੰਗੀ ਸਿੰਗਲ ਮਾਲਟ ਵਿਸਕੀ ਬਣ ਚੁੱਕੀ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਖਾਸ ਐਡੀਸ਼ਨ ਦੀਆਂ ਸਿਰਫ 400 ਬੋਤਲਾਂ ਹੀ ਤਿਆਰ ਕੀਤੀਆਂ ਗਈਆਂ ਸਨ, ਜਿਨ੍ਹਾਂ ਦੀ ਭਾਰੀ ਮੰਗ ਰਹਿੰਦੀ ਹੈ। ਰਾਮਪੁਰ 'ਚ ਇਹ ਡਿਸਟਿਲਰੀ 1943 ਤੋਂ ਸ਼ਰਾਬ ਬਣਾ ਰਹੀ ਹੈ। ਸਿੰਗਲ ਮਾਲਟ ਵਿਸਕੀ ਨੂੰ ਸਿਰਫ ਮਾਲਟਡ ਜੌਂ ਤੋਂ ਤਿਆਰ ਕੀਤਾ ਜਾਂਦਾ ਹੈ। ਇਸ ਪ੍ਰਕਿਰਿਆ 'ਚ ਜੌਂ ਨੂੰ ਪਹਿਲਾਂ ਅੰਕੁਰਿਤ ਕਰਕੇ ਸੁਕਾਇਆ ਜਾਂਦਾ ਹੈ ਅਤੇ ਫਿਰ ਫਰਮੈਂਟੇਸ਼ਨ ਰਾਹੀਂ ਅਲਕੋਹਲ 'ਚ ਬਦਲਿਆ ਜਾਂਦਾ ਹੈ। ਇਸ ਤੋਂ ਬਾਅਦ, ਇਸਨੂੰ ਓਕ ਬੈਰਲ 'ਚ ਘੱਟੋ-ਘੱਟ ਤਿੰਨ ਸਾਲ ਜਾਂ ਇਸ ਤੋਂ ਵੱਧ ਸਮੇਂ ਲਈ ਮੈਚਿਓਰ ਹੋਣ ਲਈ ਰੱਖਿਆ ਜਾਂਦਾ ਹੈ, ਜਿਸ ਨਾਲ ਇਸਨੂੰ ਖਾਸ ਸਵਾਦ ਅਤੇ ਖੁਸ਼ਬੂ ਮਿਲਦੀ ਹੈ।

## ਸ਼ੋਪੀਆਂ 'ਚ ਜਾਅਲੀ ਨੋਟਾਂ ਦੇ ਗਿਰੋਹ ਦਾ ਪਰਦਾਫਾਸ਼

ਸ੍ਰੀਨਗਰ 17 ਮਾਰਚ। ਜੰਮੂ-ਕਸ਼ਮੀਰ ਪੁਲਸ ਨੇ ਸ਼ੁੱਕਰਵਾਰ ਨੂੰ ਸ਼ੋਪੀਆਂ ਜ਼ਿਲ੍ਹੇ ਵਿੱਚ ਇੱਕ ਵੱਡੀ ਸਫਲਤਾ ਹਾਸਲ ਕਰਦਿਆਂ ਜਾਅਲੀ ਕਰੰਸੀ ਚਲਾਉਣ ਵਾਲੇ ਇੱਕ ਗਿਰੋਹ ਦਾ ਭੰਡਾਫੋੜ ਕੀਤਾ ਹੈ। ਇਸ ਕਾਰਵਾਈ ਦੌਰਾਨ ਪੁਲਸ ਨੇ 79,000 ਰੁਪਏ ਦੇ ਜਾਅਲੀ ਨੋਟ ਬਰਾਮਦ ਕੀਤੇ ਹਨ ਅਤੇ ਇੱਕ ਬਲਾਕ ਵਿਕਾਸ ਅਧਿਕਾਰੀ (24®) ਸਮੇਤ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਅਨੁਸਾਰ ਇਹ ਮਾਮਲਾ ਉਦੋਂ ਸ਼ੁਰੂ ਹੋਇਆ ਜਦੋਂ ਇੱਕ ਸਥਾਨਕ ਦੁਕਾਨਦਾਰ ਨੇ ਸ਼ੋਪੀਆਂ ਪੁਲਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ। ਦੁਕਾਨਦਾਰ ਦਾ ਕਹਿਣਾ ਸੀ ਕਿ ਇੱਕ ਵਿਅਕਤੀ ਨੇ ਉਸਦੀ ਦੁਕਾਨ ਤੋਂ ਸਾਮਾਨ ਖਰੀਦਦੇ ਸਮੇਂ ਨਕਲੀ ਨੋਟਾਂ ਦੀ ਵਰਤੋਂ ਕੀਤੀ ਹੈ। ਸ਼ਿਕਾਇਤ ਮਿਲਣ ਤੋਂ ਬਾਅਦ ਪੁਲਸ ਨੇ ਤੁਰੰਤ ਜਾਂਚ ਟੀਮ ਗਠਿਤ ਕੀਤੀ ਅਤੇ ਛਾਪੇਮਾਰੀ ਦੌਰਾਨ ਮੁਲਜ਼ਮਾਂ ਅਤੇ ਉਨ੍ਹਾਂ ਦੇ ਸਾਥੀਆਂ ਕੋਲੋਂ 79,000 ਰੁਪਏ ਦੀ ਜਾਅਲੀ ਕਰੰਸੀ ਬਰਾਮਦ ਕੀਤੀ। ਪੁਲਸ ਨੇ ਇਸ ਮਾਮਲੇ ਵਿੱਚ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਦੀ ਪਛਾਣ ਮੁਹੰਮਦ ਸਈਦ ਵਾਨੀ (ਨਿਵਾਸੀ ਬਟਪੋਰਾ, ਸ਼ੋਪੀਆਂ), ਮੁਹੰਮਦ ਮਕਬੂਲ ਨਾਇਕੂ (ਨਿਵਾਸੀ ਬਨਗਾਮ, ਸ਼ੋਪੀਆਂ) ਪੀਰਜ਼ਾਦਾ ਅਲਤਾਫ (ਨਿਵਾਸੀ ਟੁਕਰੂ ਬਬਨਾਡ) ਵਜੋ ਹੋਈ ਹੈ। ਜ਼ਿਕਰਯੋਗ ਹੈ ਕਿ ਫੜਿਆ ਗਿਆ ਮੁਲਜ਼ਮ ਪੀਰਜ਼ਾਦਾ ਅਲਤਾਫ ਮੌਜੂਦਾ ਸਮੇਂ ਵਿੱਚ ਜ਼ੈਨਾਪੋਰਾ ਦੇ ਬਲਾਕ ਵਿਕਾਸ ਅਧਿਕਾਰੀ (24®) ਵਜੋਂ ਸੇਵਾ ਨਿਭਾ ਰਿਹਾ ਹੈ। ਪੁਲਸ ਹੁਣ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਸ ਗਿਰੋਹ ਦੇ ਤਾਰ ਹੋਰ ਕਿੱਥੇ-ਕਿੱਥੇ ਜੁੜੇ ਹੋਏ ਹਨ।

## 4.63 ਲੱਖ ਰਾਸ਼ਨ ਕਾਰਡ ਧਾਰਕਾਂ ਦੀ ਟੁੱਟੀ ਆਸ ! 1 ਸਾਲ ਬਾਅਦ ਵੀ ਨਹੀਂ ਮਿਲੀ ਕਣਕ

ਲੁਧਿਆਣਾ 17 ਮਾਰਚ। ਮਾਣਯੋਗ ਸੁਪਰੀਮ ਕੋਰਟ ਵੱਲੋਂ ਜਾਰੀ ਅੰਤਰਿਮ ਹੁਕਮਾਂ ਦੇ ਬਾਵਜੂਦ ਕਰੀਬ ਇਕ ਸਾਲ ਦਾ ਲੰਬਾ ਸਮਾਂ ਗੁਜ਼ਰ ਜਾਣ ਤੋਂ ਬਾਅਦ ਵੀ ਈ-ਸ਼੍ਰਮ ਰਾਸ਼ਨ ਕਾਰਡ ਧਾਰਕਾਂ ਨਾਲ ਸਬੰਧਤ 1,49,604 ਪਰਿਵਾਰਾਂ ਦੇ 4,63,407 ਲੋਕ ਮੁਫ਼ਤ ਰਾਸ਼ਨ ਲੈਣ ਦੀ ਆਸ ਵਿੱਚ ਦਰ-ਦਰ ਭਟਕ ਰਹੇ ਹਨ। ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਇਨ੍ਹਾਂ ਮਿਹਨਤਕਸ਼ ਲੋਕਾਂ ਦੀ ਉਮੀਦ ''ਤੇ ਲਗਾਤਾਰ ਪਾਣੀ ਫਿਰਦਾ ਦਿਖਾਈ ਦੇ ਰਿਹਾ ਹੈ। ਲੱਖਾਂ ਈ-ਸ਼੍ਰਮ ਰਾਸ਼ਨ ਕਾਰਡ ਧਾਰਕ, ਜਿਨ੍ਹਾਂ ਵਿੱਚ ਜ਼ਿਆਦਾਤਰ ਪ੍ਰਵਾਸੀ ਪਰਿਵਾਰ ਸ਼ਾਮਲ ਹਨ, ਆਪਣੇ ਹੱਕ ਲੈਣ ਲਈ ਕਦੇ ਰਾਸ਼ਨ ਡਿਪੂਆਂ 'ਤੇ ਅਤੇ ਕਦੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਦਫ਼ਤਰਾਂ ਦੇ ਚੱਕਰ ਕੱਟ-ਕੱਟ ਕੇ ਆਪਣੀਆਂ ਚੱਪਲਾਂ ਘਸਾ ਰਹੇ ਹਨ ਪਰ ਇਨ੍ਹਾਂ ਪਰਿਵਾਰਾਂ ਨੂੰ ਉਨ੍ਹਾਂ ਦੇ ਹਿੱਸੇ ਦਾ ਅਨਾਜ ਮਿਲਣਾ ਤਾਂ ਦੂਰ ਉਨ੍ਹਾਂ ਦੀ ਕੋਈ ਅਪੀਲ-ਦਲੀਲ ਤੱਕ ਨਹੀਂ ਸੁਣੀ ਜਾ ਰਹੀ। ਜਾਣਕਾਰੀ ਅਨੁਸਾਰ ਸੁਪਰੀਮ ਕੋਰਟ ਦੀ ਫਿਟਕਾਰ ਤੋਂ ਬਾਅਦ ਫਰਵਰੀ 2025 ਵਿੱਚ ਪੰਜਾਬ ਸਰਕਾਰ ਦੇ ਨਿਰਦੇਸ਼ਾਂ 'ਤੇ ਖ਼ੁਰਾਕ ਤੇ ਸਪਲਾਈ ਵਿਭਾਗ ਵੱਲੋਂ ਪੰਜਾਬ ਭਰ ਵਿੱਚ ਕਰੀਬ ਡੇਢ ਲੱਖ ਮਜ਼ਦੂਰ ਪਰਿਵਾਰਾਂ ਨੂੰ ਮੁਫ਼ਤ ਅਨਾਜ ਮੁਹੱਈਆ ਕਰਵਾਉਣ ਲਈ ਪਰਿਵਾਰ ਸ਼ਾਮਲ ਹਨ, ਆਪਣੇ ਹੱਕ ਲੈਣ ਲਈ ਕਦੇ ਰਾਸ਼ਨ ਡਿਪੂਆਂ 'ਤੇ ਅਤੇ ਕਦੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਦਫ਼ਤਰਾਂ ਦੇ ਚੱਕਰ ਕੱਟ-ਕੱਟ ਕੇ ਆਪਣੀਆਂ ਚੱਪਲਾਂ ਘਸਾ ਰਹੇ ਹਨ ਪਰ ਇਨ੍ਹਾਂ ਪਰਿਵਾਰਾਂ ਨੂੰ ਉਨ੍ਹਾਂ ਦੇ ਹਿੱਸੇ ਦਾ ਅਨਾਜ ਮਿਲਣਾ ਤਾਂ ਦੂਰ ਉਨ੍ਹਾਂ ਦੀ ਕੋਈ ਅਪੀਲ-ਦਲੀਲ ਤੱਕ ਨਹੀਂ ਸੁਣੀ ਜਾ ਰਹੀ। ਜਾਣਕਾਰੀ ਅਨੁਸਾਰ ਸੁਪਰੀਮ ਕੋਰਟਈ-ਸ਼੍ਰਮ ਰਾਸ਼ਨ ਕਾਰਡ ਬਣਾਏ ਗਏ ਸਨ। ਚਿੰਤਾ ਦੀ ਗੱਲ ਇਹ ਹੈ ਕਿ ਇਨ੍ਹਾਂ ਪਰਿਵਾਰਾਂ ਨੂੰ ਅਜੇ ਤੱਕ ਰਾਸ਼ਨ ਡਿਪੂਆਂ ਤੋਂ ਅਨਾਜ ਦਾ ਇੱਕ ਦਾਣਾ ਵੀ ਨਹੀਂ ਮਿਲਿਆ ਹੈ। ਅਜਿਹੇ ਵਿੱਚ ਪੰਜਾਬ ਭਰ ਦੇ ਲੱਖਾਂ ਪਰਿਵਾਰ ਪੂਰੀ ਤਰ੍ਹਾਂ ਮਾਯੂਸ ਹਨ। ਜਦੋਂ ਇਹ ਪਰਿਵਾਰ ਆਪਣੇ ਹਿੱਸੇ ਦਾ ਅਨਾਜ ਲੈਣ ਲਈ ਅਧਿਕਾਰੀਆਂ ਜਾਂ ਡਿਪੂਆਂ 'ਤੇ ਪਹੁੰਚਦੇ ਹਨ ਤਾਂ ਉਨ੍ਹਾਂ ਨੂੰ ਸਿਰਫ਼ ਝੂਠੇ ਸੁਪਨੇ ਦਿਖਾ ਕੇ ਖਾਲੀ ਹੱਥ ਮੋੜ ਦਿੱਤਾ ਜਾਂਦਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਕੇਂਦਰ ਸਰਕਾਰ, ਪੰਜਾਬ ਸਰਕਾਰ ਜਾਂ ਜ਼ਿਲਾ ਪ੍ਰਸ਼ਾਸਨ ਇਨ੍ਹਾਂ ਪਰਿਵਾਰਾਂ ਦੀ ਬਾਂਹ ਕਦੋਂ ਅਤੇ ਕਿਵੇਂ ਫੜਦੇ ਹਨ।

# ਸਰਦੂਲਗੜ੍ਹ ਦੋਹਰੇ ਕਤਲਕਾਂਡ 'ਚ ਵੱਡਾ ਖ਼ੁਲਾਸਾ ਗੁਆਂਢੀ ਹੀ ਨਿਕਲਿਆ ਕਾਤਲ

**ਕੌਮੀ ਪਤ੍ਰਿਕਾ**

ਮਾਨਸਾ 17 ਮਾਰਚ। ਮਾਨਸਾ ਪੁਲਸ ਵੱਲੋਂ ਬੀਤੀ 27 ਫਰਵਰੀ ਨੂੰ ਥਾਣਾ ਸਰਦੂਲਗੜ੍ਹ ਇਲਾਕੇ 'ਚ ਸ਼ੈਲਰ ਰੋਡ 'ਤੇ ਇੱਕ ਫਾਰਮ ਹਾਊਸ 'ਚ ਦੋ ਵਿਅਕਤੀਆਂ ਦੇ ਅੰਨ੍ਹੇ ਕਤਲ ਦੇ ਮੁਕਦੱਮੇ ਨੂੰ ਟਰੇਸ ਕਰਕੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ 'ਚ ਸਫ਼ਲਤਾ ਹਾਸਲ ਕੀਤੀ ਗਈ ਹੈ। ਇਸ ਦੀ ਜਾਣਕਾਰੀ ਦਿੰਦੇ ਹੋਏ ਮਨਮੋਹਨ ਸਿੰਘ ਔਲਖ ਐੱਸ. ਪੀ. (ਇੰਨਵੈ) ਨੇ ਦੱਸਿਆ ਕਿ 27 ਫਰਵਰੀ 2026 ਨੂੰ ਥਾਣਾ ਸਰਦੂਲਗੜ੍ਹ ਪੁਲਸ ਨੂੰ ਇਤਲਾਹ ਮਿਲੀ ਸੀ ਕਿ ਸਰਦੂਲਗੜ੍ਹ ਦੇ ਸ਼ੈਲਰ ਰੋਡ 'ਤੇ ਇੱਕ ਫਾਰਮ ਹਾਊਸ 'ਚ ਜਸਵੀਰ ਸਿੰਘ ਉਰਫ਼ ਕਾਕਾ ਪੁੱਤਰ ਰਮੇਸ਼ ਕੁਮਾਰ ਵਾਸੀ ਸਰਦੂਲਗੜ੍ਹ ਅਤੇ ਉਸ ਦੇ ਮਾਲੀ ਬਲਦੇਵ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਮੀਰਪੁਰ ਖੁਰਦ ਦਾ ਕਤਲ ਕਰ ਦਿੱਤਾ ਗਿਆ ਹੈ। ਇਸ ਦੇ ਸਬੰਧ 'ਚ ਤੁਰੰਤ ਕਾਰਵਾਈ ਕਰਦਿਆਂ ਅਸ਼ੋਕ ਕੁਮਾਰ ਦੇ ਬਿਆਨ 'ਤੇ ਮੁਕੱਦਮਾ ਰਜਿਸਟਰ ਕੀਤਾ ਗਿਆ। ਮੁਕੱਦਮੇ ਦੀ ਅਹਿਮੀਅਤ ਨੂੰ ਦੇਖਦੇ ਹੋਏ ਵੱਖ-ਵੱਖ ਪੁਲਸ ਟੀਮਾਂ ਦਾ ਗਠਨ ਕੀਤਾ ਗਿਆ। ਟੀਮਾਂ ਵੱਲੋਂ ਮੁਸਤੈਦੀ ਅਤੇ ਵਿਗਿਆਨਕ ਤਰੀਕੇ ਨਾਲ ਕੰਮ ਕਰਦੇ ਹੋਏ ਮੁਕੱਦਮੇ 'ਚ ਗੁਰਪ੍ਰੀਤ ਸਿੰਘ (35) ਉਰਫ਼ ਨਿਉਲਾ ਪੁੱਤਰ ਘੋਨਾ ਸਿੰਘ ਵਾਸੀ ਸਰਦੂਲਗੜ੍ਹ ਨੂੰ ਨਾਮਜ਼ਦ ਕਰਕੇ 4 ਮਾਰਚ 2026 ਨੂੰ ਗ੍ਰਿਫ਼ਤਾਰ ਕੀਤਾ ਗਿਆ। ਮੁੱਢਲੀ ਪੁੱਛਗਿੱਛ



ਦੌਰਾਨ ਇਹ ਸਾਹਮਣੇ ਆਇਆ ਹੈ ਕਿ ਗੁਰਪ੍ਰੀਤ ਸਿੰਘ ਦਾ ਪਿਤਾ ਘੋਨਾ ਸਿੰਘ ਅਕਸਰ ਹੀ ਉਸ ਦੇ ਗੁਆਂਢੀ ਮ੍ਰਿਤਕ ਜਸਵੀਰ ਕੁਮਾਰ ਉਰਫ਼ ਕਾਕਾ ਕੋਲ ਚਲਾ ਜਾਂਦਾ। ਕੁੱਝ ਅਰਸੇ ਬਾਅਦ ਹੀ ਜਦੋਂ ਗੁਰਪ੍ਰੀਤ ਸਿੰਘ ਦੇ ਪਿਤਾ ਦੀ ਕਿਸੇ ਕਾਰਨ ਕਰਕੇ ਮੌਤ ਹੋ ਗਈ ਤਾਂ ਗੁਰਪ੍ਰੀਤ ਸਿੰਘ ਇਸ ਗੱਲ ਦਾ ਸ਼ੱਕ ਕਰਦਾ ਸੀ ਕਿ ਮ੍ਰਿਤਕ ਜਸਵੀਰ ਕੁਮਾਰ ਨੇ ਹੀ ਉਸਦੇ ਪਿਤਾ ਨੂੰ ਕੋਈ ਅਜਿਹੀ ਚੀਜ਼ ਚਾਹ 'ਚ ਮਿਲਾ ਕੇ ਪਿਆਈ ਹੈ, ਜਿਸ ਕਾਰਨ ਕਰਕੇ ਹੀ ਉਸਦਾ ਪਿਤਾ ਬੀਮਾਰੀ ਗ੍ਰਸਤ ਹੋ ਕੇ ਮਰ ਗਿਆ ਹੈ ਕਿਉਂਕਿ ਕਿਸੇ ਵਲੋਂ ਜ਼ਹਿਰ ਪਾਉਣ ਕਰਕੇ ਗੁਰਪ੍ਰੀਤ ਸਿੰਘ ਦੇ ਪਾਲਤੂ ਕੁੱਤੇ ਦੀ ਵੀ ਮੌਤ ਹੋ ਗਈ ਸੀ। ਇਸ ਸ਼ੱਕ ਵੀ ਉਹ ਮ੍ਰਿਤਕ ਜਸਵੀਰ ਕੁਮਾਰ 'ਤੇ ਕਰਦਾ ਸੀ। ਇਸ ਕਰਕੇ ਉਸਨੇ ਮੌਕਾ ਮਿਲਦੇ ਹੀ ਜਸਵੀਰ ਕੁਮਾਰ ਅਤੇ ਬਲਦੇਵ ਸਿੰਘ ਦਾ ਕਤਲ ਕੀਤਾ ਹੈ ਪੁਲਸ ਵਲੋਂ ਗ੍ਰਿਫ਼ਤਾਰ ਦੋਸ਼ੀ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ ਹੈ ਅਤੇ ਉਸ ਕੋਲੋਂ ਹੋਰ ਵੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

## ਲੁਧਿਆਣਾ ਦੇ ਕਾਰੋਬਾਰੀ ਨੇ ਫਾਹਾ ਲੈ ਕੇ ਕੀਤੀ ਖੁਦਕੁਸ਼ੀ

ਲੁਧਿਆਣਾ 17 ਮਾਰਚ। ਜਲੰਧਰ ਬਾਈਪਾਸ ਸਥਿਤ ਸਬਜ਼ੀ ਮੰਡੀ ਤੋਂ ਆਲੂ-ਪਿਆਜ਼ ਦਾ ਥੋਕ ਕਾਰੋਬਾਰ ਕਰਨ ਵਾਲੇ ਇਕ ਮਸ਼ਹੂਰ ਵਪਾਰੀ ਨੇ ਸ਼ੱਕੀ ਹਾਲਾਤ ਵਿਚ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਮ੍ਰਿਤਕ ਦੀ ਪਛਾਣ ਬੰਦਾ ਬਹਾਦਰ ਨਗਰ ਨਿਵਾਸੀ ਧਿਆਨ ਸਿੰਘ ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ, ਅੱਜ ਸਵੇਰੇ ਧਿਆਨ ਸਿੰਘ ਨੇ ਆਪਣੀ ਦੁਕਾਨ ਤੋਂ ਕੁਝ ਹੀ ਦੂਰੀ 'ਤੇ ਸਥਿਤ ਇਕ ਕਮਰੇ ਵਿਚ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਘਟਨਾ ਦਾ ਪਤਾ ਉਦੋਂ ਲੱਗਿਆ ਜਦੋਂ ਨੇੜੇ ਦੇ ਹੀ ਇਕ ਦੁਕਾਨਦਾਰ ਦੀ ਨਜ਼ਰ ਕਮਰੇ ਦੇ ਅੰਦਰ ਫਾਹੇ ਨਾਲ ਲਟਕਦੇ ਧਿਆਨ ਸਿੰਘ 'ਤੇ ਪਈ। ਮੰਜ਼ਰ ਦੇਖਦੇ ਹੀ ਦੁਕਾਨਦਾਰ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਅਤੇ ਉਸ ਨੇ ਤੁਰੰਤ ਰੌਲਾ ਪਾ ਕੇ ਆਲੇ-ਦੁਆਲੇ ਦੇ ਲੋਕਾਂ ਨੂੰ ਇਕੱਠਾ ਕੀਤਾ। ਹਫੜਾ ਦਫੜੀ ਵਿਚ ਇਸ ਬਾਰੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ ਗਿਆ

# ਕਿਸਾਨਾਂ ਦੀ ਹੋ ਗਈ ਬੱਲੇ-ਬੱਲੇ ! ਹੁਣ ਹਰ ਮਹੀਨੇ ਮਿਲੇਗੀ 3000 ਰੁਪਏ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 17 ਮਾਰਚ। ਦੇਸ਼ ਦੇ ਕਿਸਾਨਾਂ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨ ਲਈ ਕੇਂਦਰ ਸਰਕਾਰ ਵੱਲੋਂ ਕਈ ਅਹਿਮ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਵਿੱਚੋਂ ਇੱਕ 'ਪੀ.ਐਮ. ਕਿਸਾਨ ਸਨਮਾਨ ਨਿਧੀ' ਬਾਰੇ ਤਾਂ ਸਭ ਜਾਣਦੇ ਹਨ, ਪਰ ਬਹੁਤ ਘੱਟ ਕਿਸਾਨਾਂ ਨੂੰ ਪਤਾ ਹੈ ਕਿ ਉਹ ਇਸੇ ਯੋਜਨਾ ਰਾਹੀਂ ਬੁਢਾਪੇ ਵਿੱਚ ਹਰ ਮਹੀਨੇ 3,000 ਰੁਪਏ ਪੈਨਸ਼ਨ ਦਾ ਲਾਭ ਵੀ ਲੈ ਸਕਦੇ ਹਨ। ਸਰਕਾਰ ਵੱਲੋਂ ਚਲਾਈ ਜਾ ਰਹੀ 'ਪੀ.ਐਮ. ਕਿਸਾਨ ਮਾਨਧਨ ਯੋਜਨਾ' ਖਾਸ ਤੌਰ 'ਤੇ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਤਿਆਰ ਕੀਤੀ ਗਈ ਹੈ। ਇਸ ਯੋਜਨਾ ਤਹਿਤ ਜਦੋਂ ਕਿਸਾਨ ਦੀ ਉਮਰ 60 ਸਾਲ ਪੂਰੀ ਹੋ ਜਾਂਦੀ ਹੈ, ਤਾਂ ਉਸ ਨੂੰ ਸਰਕਾਰ ਵੱਲੋਂ ਸਾਲਾਨਾ 36,000 ਰੁਪਏ (3,000 ਰੁਪਏ ਮਹੀਨਾ) ਪੈਨਸ਼ਨ ਦਿੱਤੀ ਜਾਂਦੀ ਹੈ। ਇਸ ਯੋਜਨਾ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਕਿਸਾਨ ਨੂੰ ਆਪਣੀ ਜੇਬ ਵਿੱਚੋਂ ਵੱਖਰੇ ਤੌਰ 'ਤੇ ਪੈਸੇ ਦੇਣ ਦੀ



ਲੋੜ ਨਹੀਂ ਪੈਂਦੀ। ਜੇਕਰ ਕਿਸਾਨ ਚਾਹੇ ਤਾਂ ਪੈਨਸ਼ਨ ਯੋਜਨਾ ਲਈ ਦਿੱਤਾ ਜਾਣ ਵਾਲਾ ਯੋਗਦਾਨ ਉਸ ਨੂੰ ਮਿਲਣ ਵਾਲੀ 'ਸਨਮਾਨ ਨਿਧੀ' ਦੀ ਰਾਸ਼ੀ (ਸਾਲਾਨਾ 6,000 ਰੁਪਏ) ਵਿੱਚੋਂ ਹੀ ਕਟਵਾ ਸਕਦਾ ਹੈ। ਇਸ ਦੇ ਲਈ ਕਿਸਾਨ ਨੂੰ ਸਿਰਫ਼ ਇੱਕ ਸਹਿਮਤੀ ਫਾਰਮ ਭਰਨਾ ਪੈਂਦਾ ਹੈ। ਉਮਰ ਸੀਮਾ: 18 ਤੋਂ 40 ਸਾਲ ਦੇ ਵਿਚਕਾਰ ਵਾਲੇ ਕਿਸਾਨ ਇਸ ਯੋਜਨਾ ਵਿੱਚ ਸ਼ਾਮਲ ਹੋ ਸਕਦੇ ਹਨ। ਯੋਗਦਾਨ: ਤੁਸੀਂ ਜਿੰਨੀ ਘੱਟ ਉਮਰ ਵਿੱਚ ਇਸ ਯੋਜਨਾ ਨਾਲ ਜੁੜੋਗੇ, ਤੁਹਾਨੂੰ ਮਹੀਨਾਵਾਰ ਕਿਸ਼ਤ ਉਨੀ ਹੀ ਘੱਟ ਦੇਣੀ ਪਵੇਗੀ। ਇਸ ਯੋਜਨਾ ਦਾ ਲਾਭ ਲੈਣ ਲਈ ਕਿਸਾਨ ਆਪਣੇ ਨਜ਼ਦੀਕੀ ਕਾਮਨ ਸਰਵਿਸ ਸੈਂਟਰ 'ਤੇ ਜਾ ਸਕਦੇ ਹਨ। ਅਪਲਾਈ ਕਰਨ ਲਈ ਕਿਸਾਨ ਕੋਲ ਆਪਣਾ ਆਧਾਰ ਕਾਰਡ ਅਤੇ ਬੈਂਕ ਖਾਤੇ ਦੀ ਜਾਣਕਾਰੀ ਹੋਣੀ ਲਾਜ਼ਮੀ ਹੈ। ਇਹ ਯੋਜਨਾ ਕਿਸਾਨਾਂ ਨੂੰ ਬੁਢਾਪੇ ਵਿੱਚ ਨਿਯਮਿਤ ਆਮਦਨ ਪ੍ਰਦਾਨ ਕਰਕੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਆਤਮ-ਨਿਰਭਰ ਬਣਾਉਣ ਵਿੱਚ ਸਹਾਈ ਸਿੱਧ ਹੋ ਰਹੀ ਹੈ।

## ਵਡੋਦਰਾ 'ਚ 28 ਸਾਲਾ ਮਹਿਲਾ ਹੈੱਡ ਕਾਂਸਟੇਬਲ ਨੇ ਕੀਤੀ ਖੁਦਕੁਸ਼ੀ

ਵਡੋਦਰਾ 17 ਮਾਰਚ। ਗੁਜਰਾਤ ਦੇ ਵਡੋਦਰਾ ਜ਼ਿਲ੍ਹੇ ਵਿੱਚ ਇੱਕ 28 ਸਾਲਾ ਮਹਿਲਾ ਹੈੱਡ ਕਾਂਸਟੇਬਲ ਵੱਲੋਂ ਆਪਣੇ ਪੁਲਸ ਕੁਆਰਟਰ ਵਿੱਚ ਕਥਿਤ ਤੌਰ 'ਤੇ ਖੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਅਧਿਕਾਰੀਆਂ ਨੇ ਵੀਰਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਘਟਨਾ ਬੁੱਧਵਾਰ ਰਾਤ ਕਰੀਬ 11 ਵਜੇ ਵਾਪਰੀ। ਮ੍ਰਿਤਕ ਮਹਿਲਾ ਮੁਲਾਜ਼ਮ ਦੀ ਪਛਾਣ ਪ੍ਰਿਅੰਕਾ ਪ੍ਰਜਾਪਤੀ ਵਜੋਂ ਹੋਈ ਹੈ, ਜਿਸ ਨੇ ਬਾਪੋਦ ਇਲਾਕੇ ਵਿੱਚ ਸਥਿਤ ਆਪਣੀ ਰਿਹਾਇਸ਼ 'ਤੇ ਛੱਤ ਵਾਲੇ ਪੱਖੇ ਨਾਲ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਪੁਲਸ ਅਨੁਸਾਰ, ਘਟਨਾ ਵਾਲੀ ਥਾਂ ਤੋਂ ਕੋਈ ਸੁਸਾਈਡ ਨੋਟ ਬਰਾਮਦ ਨਹੀਂ ਹੋਇਆ ਹੈ। ਜਦੋਂ ਪੁਲਸ ਦੀ ਟੀਮ ਮੌਕੇ 'ਤੇ ਪਹੁੰਚੀ ਤਾਂ ਘਰ ਦਾ ਦਰਵਾਜ਼ਾ ਅੰਦਰੋਂ ਬੰਦ ਸੀ। ਬਾਪੋਦ ਪੁਲਸ ਇੰਸਪੈਕਟਰ ਐੱਮ. ਕੇ. ਗੁਰਜਰ ਨੇ ਦੱਸਿਆ ਕਿ ਖਿੜਕੀ ਰਾਹੀਂ ਅੰਦਰ ਦੇਖਣ 'ਤੇ ਪ੍ਰਿਅੰਕਾ ਦੀ ਲਾਸ਼ ਫਾਹੇ ਨਾਲ ਲਟਕਦੀ ਪਾਈ ਗਈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਪ੍ਰਿਅੰਕਾ ਹਾਲ ਹੀ ਵਿੱਚ ਆਪਣੇ ਜੱਦੀ ਜ਼ਿਲ੍ਹੇ ਬਨਾਸਕਾਂਠਾ ਤੋਂ 20 ਦਿਨਾਂ ਦੀ ਛੁੱਟੀ ਕੱਟ



ਕੇ ਵਾਪਸ ਪਰਤੀ ਸੀ। ਜ਼ਿਕਰਯੋਗ ਹੈ ਕਿ ਉਸ ਨੇ ਹਾਲ ਹੀ ਵਿੱਚ ਪੁਲਸ ਸਬ-ਇੰਸਪੈਕਟਰ ਦੀ ਪ੍ਰੀਖਿਆ ਵੀ ਪਾਸ ਕੀਤੀ ਸੀ। ਪੁਲਸ ਨੇ ਦੱਸਿਆ ਕਿ ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ ਗਈ ਹੈ। ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਮੱਧ ਪੂਰਬ ਤਣਾਅ ਕਾਰਨ ਵਧੀਆਂ ਸੋਨੇ ਦੀਆਂ ਕੀਮਤਾਂ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 17 ਮਾਰਚ। ਪੱਛਮੀ ਏਸ਼ੀਆ ਵਿੱਚ ਵਧਦੇ ਟਕਰਾਅ ਨੇ ਵਿਸ਼ਵ ਬਾਜ਼ਾਰਾਂ ਵਿੱਚ ਨਵੀਂ ਉਥਲ-ਪੁਥਲ ਪੈਦਾ ਕਰ ਦਿੱਤੀ ਹੈ। ਵਧਦੇ ਤਣਾਅ ਵਿਚਕਾਰ, ਨਿਵੇਸ਼ਕ ਜੋਖਮ ਭਰੇ ਸੰਪਤੀਆਂ ਤੋਂ ਦੂਰ ਹੋ ਕੇ ਸੁਰੱਖਿਅਤ ਨਿਵੇਸ਼ਾਂ ਵੱਲ ਆ ਰਹੇ ਹਨ, ਜਿਸਦਾ ਸਿੱਧਾ ਅਸਰ ਕੀਮਤੀ ਧਾਤਾਂ ਦੀਆਂ ਕੀਮਤਾਂ 'ਤੇ ਪੈ ਰਿਹਾ ਹੈ। ਵੀਰਵਾਰ ਨੂੰ ਸੋਨੇ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਦਰਜ ਕੀਤਾ ਗਿਆ, ਜੋ ਲਗਭਗ £5,170 ਪ੍ਰਤੀ ਔਂਸ ਤੱਕ ਪਹੁੰਚ ਗਿਆ। ਦਰਅਸਲ, ਅਮਰੀਕਾ ਅਤੇ ਇਜ਼ਰਾਈਲ ਦੁਆਰਾ ਫੌਜੀ ਕਾਰਵਾਈ ਤੋਂ ਬਾਅਦ ਈਰਾਨ ਦੇ ਜਵਾਬੀ ਮਿਜ਼ਾਈਲ ਹਮਲਿਆਂ ਨੇ ਖੇਤਰ ਵਿੱਚ ਤਣਾਅ ਨੂੰ ਹੋਰ ਵਧਾ ਦਿੱਤਾ ਹੈ। ਇਸ ਟਕਰਾਅ ਹੁਣ ਆਪਣੇ ਛੇਵੇਂ ਦਿਨ ਵਿੱਚ ਦਾਖ਼ਲ ਹੋ ਗਿਆ ਹੈ ਅਤੇ ਇਸ ਨੇ ਵਿਸ਼ਵ ਬਾਜ਼ਾਰਾਂ ਵਿੱਚ ਅਨਿਸ਼ਚਿਤਤਾ ਵਧਾ ਦਿੱਤੀ ਹੈ। ਰਿਪੋਰਟਾਂ ਦਰਸਾਉਂਦੀਆਂ ਹਨ ਕਿ ਅਮਰੀਕਾ ਨੇ ਅੰਤਰਰਾਸ਼ਟਰੀ ਜਲ ਖ਼ੇਤਰ ਵਿਚ ਇੱਕ ਈਰਾਨੀ ਜੰਗੀ ਜਹਾਜ਼ ਨੂੰ ਨਿਸ਼ਾਨਾ ਬਣਾਇਆ ਅਤੇ ਡੁਬੋ ਦਿੱਤਾ, ਜਦੋਂ ਕਿ ਈਰਾਨ ਨੇ ਅਮਰੀਕਾ ਨਾਲ ਗੱਲਬਾਤ ਦੀਆਂ ਰਿਪੋਰਟਾਂ ਨੂੰ ਰੱਦ ਕਰ ਦਿੱਤਾ ਹੈ। ਵੈਂਚੁਰਾ ਦੇ ਕਮੋਡਿਟੀ ਹੈੱਡ ਐਨ.ਐਸ. ਰਾਮਾਸਵਾਮੀ ਅਨੁਸਾਰ, ਦੋ ਵਿਰੋਧੀ ਤਾਕਤਾਂ ਇਸ ਸਮੇਂ ਸੋਨੇ ਦੀਆਂ ਕੀਮਤਾਂ 'ਤੇ ਕੰਮ ਕਰ ਰਹੀਆਂ ਹਨ। ਜਦੋਂ ਕਿ ਭੂ-ਰਾਜਨੀਤਿਕ ਤਣਾਅ ਸੁਰੱਖਿਅਤ-ਨਿਵੇਸ਼ਾਂ ਦੀ ਮੰਗ ਨੂੰ ਤੇਜ਼ੀ ਨਾਲ ਵਧਾ ਰਹੇ ਹਨ, ਇੱਕ ਮਜ਼ਬੂਤ ??ਡਾਲਰ ਅਤੇ ਵਧਦੇ ਬਾਂਡ ਯੀਲਡ ਵਰਗੇ ਆਰਥਿਕ ਕਾਰਕ ਸੋਨੇ ਦੇ ਲਾਭ ਨੂੰ ਸੀਮਤ ਕਰ ਰਹੇ ਹਨ। ਉਹ ਕਹਿੰਦੇ ਹਨ ਕਿ ਇਤਿਹਾਸ ਦਰਸਾਉਂਦਾ ਹੈ ਕਿ ਜਦੋਂ ਵੀ ਵਿਸ਼ਵਵਿਆਪੀ ਅਨਿਸ਼ਚਿਤਤਾ ਵਧਦੀ ਹੈ, ਸੋਨਾ ਅਕਸਰ ਮਜ਼ਬੂਤ ??ਰਹਿੰਦਾ ਹੈ, ਭਾਵੇਂ ਵਿਆਜ ਦਰਾਂ ਉੱਚੀਆਂ ਰਹਿਣ। ਰਾਮਾਸਵਾਮੀ ਦੇ ਅਨੁਸਾਰ, ਬਹੁਤ ਸਾਰੇ ਦੇਸ਼ਾਂ ਦੇ ਕੇਂਦਰੀ ਬੈਂਕ ਡਾਲਰ 'ਤੇ ਆਪਣੀ ਨਿਰਭਰਤਾ ਘਟਾਉਣ ਲਈ ਆਪਣੇ ਸੋਨੇ ਦੇ ਭੰਡਾਰ ਨੂੰ ਲਗਾਤਾਰ ਵਧਾ ਰਹੇ ਹਨ। ਇਸ ਤੋਂ ਇਲਾਵਾ, ਅਮਰੀਕਾ ਵਿੱਚ ਵਧਦਾ ਵਿੱਤੀ ਘਾਟਾ ਵੀ ਲੰਬੇ ਸਮੇਂ ਵਿੱਚ ਸੋਨੇ ਦੀਆਂ ਕੀਮਤਾਂ ਨੂੰ ਸਮਰਥਨ ਦੇ ਸਕਦਾ ਹੈ। ਉਸਦਾ ਮੰਨਣਾ ਹੈ ਕਿ £5,000 ਪ੍ਰਤੀ ਔਂਸ ਪੱਧਰ ਸੋਨੇ ਲਈ ਇੱਕ ਮਜ਼ਬੂਤ ??ਅਧਾਰ ਪ੍ਰਦਾਨ ਕਰ ਸਕਦਾ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਨੇੜਲੇ ਭਵਿੱਖ ਵਿੱਚ ਸੋਨੇ ਦੀਆਂ ਕੀਮਤਾਂ £5,100 ਤੋਂ £5,200 ਦੀ ਰੇਂਜ ਵਿੱਚ ਸਥਿਰ ਰਹਿ ਸਕਦੀਆਂ ਹਨ, ਅਤੇ ਅਪ੍ਰੈਲ 2026 ਤੋਂ ਬਾਅਦ, ਇਹ £5,600 ਪ੍ਰਤੀ ਔਂਸ ਤੋਂ ਉੱਪਰ ਹੋ ਸਕਦੀਆਂ ਹਨ। ਹਾਲਾਂਕਿ, ਉਸਨੇ ਨਿਵੇਸ਼ਕਾਂ ਨੂੰ ਅਮਰੀਕੀ 10-ਸਾਲ ਦੇ ਬਾਂਡ ਉਪਜ



ਅਤੇ ਡਾਲਰ ਸੂਚਕਾਂਕ 'ਤੇ ਨਜ਼ਰ ਰੱਖਣ ਦੀ ਸਲਾਹ ਦਿੱਤੀ, ਕਿਉਂਕਿ ਇਹ ਦੋਵੇਂ ਕਾਰਕ ਸੋਨੇ ਦੀ ਦਿਸ਼ਾ ਨਿਰਧਾਰਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਪੱਛਮੀ ਏਸ਼ੀਆ ਵਿੱਚ ਵਧ ਰਹੇ ਤਣਾਅ ਕੱਚੇ ਤੇਲ ਦੀਆਂ ਕੀਮਤਾਂ ਨੂੰ ਵੀ ਪ੍ਰਭਾਵਿਤ ਕਰ ਰਹੇ ਹਨ। ਤੇਲ ਅਤੇ ਗੈਸ ਦੀਆਂ ਕੀਮਤਾਂ ਵਿੱਚ ਵਾਧੇ ਨੇ ਮਹਿੰਗਾਈ ਵਧਣ ਦੇ ਡਰ ਨੂੰ ਨਵਾਂ ਰੂਪ ਦਿੱਤਾ ਹੈ। ਜੇਕਰ ਮਹਿੰਗਾਈ ਦਾ ਦਬਾਅ ਵਧਦਾ ਹੈ, ਤਾਂ ਅਮਰੀਕੀ ਕੇਂਦਰੀ ਬੈਂਕ ਲਈ ਵਿਆਜ ਦਰਾਂ ਵਿੱਚ ਕਟੌਤੀ ਕਰਨਾ ਮੁਸ਼ਕਲ ਹੋ ਸਕਦਾ ਹੈ। ਨਤੀਜੇ ਵਜੋਂ, ਬਾਂਡ ਉਪਜ ਵਧ ਸਕਦੀ ਹੈ, ਜੋ ਸੋਨੇ ਦੀਆਂ ਕੀਮਤਾਂ 'ਤੇ ਦਬਾਅ ਪਾ ਸਕਦੀ ਹੈ। ਸੁਰੱਖਿਅਤ-ਨਿਵੇਸ਼ਾਂ ਦੀ ਵਧਦੀ ਮੰਗ ਨੇ ਚਾਂਦੀ ਦੀਆਂ ਕੀਮਤਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਚਾਂਦੀ ਲਗਭਗ £85 ਪ੍ਰਤੀ ਔਂਸ ਤੱਕ ਪਹੁੰਚ ਗਈ ਹੈ, ਜਿਸ ਨਾਲ ਲਗਾਤਾਰ ਦੂਜੇ ਦਿਨ ਵਾਧਾ ਦਰਜ ਕੀਤਾ ਗਿਆ ਹੈ। ਕੇਡੀਆ ਐਡਵਾਈਜ਼ਰੀ ਦੇ ਅਨੁਸਾਰ, ਕਮਜ਼ੋਰ ਡਾਲਰ ਅਤੇ ਵਿਸ਼ਵਵਿਆਪੀ ਅਨਿਸ਼ਚਿਤਤਾ ਨੇ ਕੀਮਤੀ ਧਾਤਾਂ ਦੀ ਮੰਗ ਨੂੰ ਹੋਰ ਮਜ਼ਬੂਤ ??ਕੀਤਾ ਹੈ। ਇਸ ਦੌਰਾਨ, ਅਮਰੀਕੀ ਸਰਕਾਰ ਨੇ ਸੰਕੇਤ ਦਿੱਤਾ ਹੈ ਕਿ ਜਲਦੀ ਹੀ 15% ਗਲੋਬਲ ਟੈਰਿਫ ਲਗਾਇਆ ਜਾ ਸਕਦਾ ਹੈ। ਇਹ ਕਦਮ ਅੰਤਰਰਾਸ਼ਟਰੀ ਵਪਾਰ ਅਤੇ ਬਾਜ਼ਾਰਾਂ ਵਿੱਚ ਅਨਿਸ਼ਚਿਤਤਾ ਨੂੰ ਹੋਰ ਵਧਾ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜਿੰਨਾ ਚਿਰ ਭੂ-ਰਾਜਨੀਤਿਕ ਤਣਾਅ ਅਤੇ ਆਰਥਿਕ ਅਨਿਸ਼ਚਿਤਤਾ ਬਣੀ ਰਹਿੰਦੀ ਹੈ, ਸੋਨੇ ਅਤੇ ਚਾਂਦੀ ਵਰਗੇ ਸੁਰੱਖਿਅਤ-ਨਿਵੇਸ਼ ਨਿਵੇਸ਼ ਨਿਵੇਸ਼ਕਾਂ ਲਈ ਆਕਰਸ਼ਕ ਰਹਿਣਗੇ। ਕੇਡੀਆ ਐਡਵਾਈਜ਼ਰੀ ਅਨੁਸਾਰ, ਵਿਸ਼ਵਵਿਆਪੀ ਚਾਂਦੀ ਬਾਜ਼ਾਰ ਵਿੱਚ ਸਪਲਾਈ ਦੀ ਘਾਟ ਬਣੀ ਰਹਿ ਸਕਦੀ ਹੈ। ਅੰਦਾਜ਼ਾ ਲਗਾਇਆ ਗਿਆ ਹੈ ਕਿ ਚਾਂਦੀ ਬਾਜ਼ਾਰ 2026 ਵਿੱਚ ਲਗਾਤਾਰ ਛੇਵੇਂ ਸਾਲ ਘਾਟੇ ਵਿੱਚ ਰਹੇਗਾ, ਭਾਵ ਮੰਗ ਸਪਲਾਈ ਤੋਂ ਵੱਧ ਰਹੇਗੀ। ਰਿਪੋਰਟ ਦੇ ਅਨੁਸਾਰ, 2026 ਵਿੱਚ ਚਾਂਦੀ ਦੀ ਕਮੀ ਲਗਭਗ 67 ਮਿਲੀਅਨ ਔਂਸ ਹੋਣ ਦਾ ਅਨੁਮਾਨ ਹੈ। ਉਦਯੋਗਿਕ ਖੇਤਰ ਵਿੱਚ ਚਾਂਦੀ ਦੀ ਮੰਗ ਥੋੜ੍ਹੀ ਘੱਟ ਕੇ ਲਗਭਗ 650 ਮਿਲੀਅਨ ਔਂਸ ਹੋ ਸਕਦੀ ਹੈ। ਇਹ ਸੋਲਰ ਪੈਨਲਾਂ ਵਿੱਚ ਚਾਂਦੀ ਦੀ ਵਰਤੋਂ ਵਿੱਚ ਕਮੀ ਦੇ ਕਾਰਨ ਮੰਨਿਆ ਜਾਂਦਾ ਹੈ, ਹਾਲਾਂਕਿ ਦੁਨੀਆ ਭਰ ਵਿੱਚਨਸੂਰਜੀ ਊਰਜਾ ਪ੍ਰੋਜੈਕਟ ਦਾ ਵਿਸਥਾਰ ਜਾਰੀ ਹੈ। ਸਪਲਾਈ ਦੇ ਮੋਰਚੇ 'ਤੇ, ਕੁੱਲ ਚਾਂਦੀ ਦੀ ਸਪਲਾਈ ਵਿੱਚ ਲਗਭਗ 1.5 ਪ੍ਰਤੀਸ਼ਤ ਵਾਧਾ ਹੋਣ ਦੀ ਉਮੀਦ ਹੈ। ਮਾਈਨਿੰਗ ਉਤਪਾਦਨ ਲਗਭਗ 1 ਪ੍ਰਤੀਸ਼ਤ ਵਧ ਕੇ 820 ਮਿਲੀਅਨ ਔਂਸ ਹੋਣ ਦੀ ਉਮੀਦ ਹੈ। ਇਸ ਤੋਂ ਇਲਾਵਾ, ਉੱਚ ਕੀਮਤਾਂ ਕਾਰਨ ਰੀਸਾਈਕਲ ਤੋਂ ਮਿਲਣ ਵਾਲੀ ਚਾਂਦੀ ਵਿੱਚ ਲਗਭਗ 7% ਵਾਧੇ ਦੀ ਉਮੀਦ ਹੈ, ਕਿਉਂਕਿ ਉੱਚੀਆਂ ਕੀਮਤਾਂ ਮਿਲਣ ਕਾਰਨ ਸਕ੍ਰੈਪ ਦੀ ਸਪਲਾਈ ਵੀ ਵਧ ਜਾਂਦੀ ਹੈ। ਚਾਂਦੀ ਵਿੱਚ ਨਿਵੇਸ਼ਕਾਂ ਦੀ ਦਿਲਚਸਪੀ ਮਜ਼ਬੂਤ ??ਬਣੀ ਹੋਈ ਹੈ ਅਤੇ ਗਲੋਬਲ ETP ਹੋਲਡਿੰਗਜ਼ ਲਗਭਗ 1.31 ਬਿਲੀਅਨ ਔਂਸ ਹੋਣ ਦਾ ਅਨੁਮਾਨ ਹੈ। ਇਸ ਦੌਰਾਨ, 2026 ਵਿੱਚ ਹੁਣ ਤੱਕ ਚਾਂਦੀ ਦੀਆਂ ਕੀਮਤਾਂ ਲਗਭਗ 11% ਵਧੀਆਂ ਹਨ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਚਾਂਦੀ ਦੀਆਂ ਕੀਮਤਾਂ ਨੂੰ ਸਮਰਥਨ ਮਿਲਦਾ ਰਹਿ ਸਕਦਾ ਹੈ ਜਦੋਂ ਤੱਕ ਮੰਗ ਮਜ਼ਬੂਤ ??ਰਹਿੰਦੀ ਹੈ ਅਤੇ ਸਪਲਾਈ ਸੀਮਤ ਰਹਿੰਦੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਟਾਵਰ 'ਤੇ ਬੈਠੇ ਭਾਈ ਖਾਲਸਾ ਦੇ ਹੱਕ 'ਚ ਰੱਖੜਾ ਦੀ ਅਗਵਾਈ 'ਚ ਧਰਨਾ 18 ਮਾਰਚ ਨੂੰ



**ਪਟਿਆਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ ਵਿਖੇ 400 ਫੁੱਟ ਉੱਚੇ ਟਾਵਰ 'ਤੇ ਬੈਠੇ ਭਾਈ ਗੁਰਜੀਤ ਸਿੰਘ ਖਾਲਸਾ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਖਿਲਾਫ ਸਖ਼ਤ ਕਾਨੂੰਨ ਬਣਾਉਣ ਨੂੰ ਲੈ ਕੇ ਸਰਕਾਰ ਵਿਰੁੱਧ ਰੋਸ ਵਿਖਾਵਾ ਕਰ ਰਹੇ ਹਨ। ਜਿਸ ਦੇ ਹੱਕ ਵਿਚ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਦੀ ਅਗਵਾਈ ਹੇਠ 18 ਮਾਰਚ ਨੂੰ ਡਿਪਟੀ ਕਮਿਸ਼ਨਰ ਪਟਿਆਲਾ ਦੇ ਦਫਤਰ ਅੱਗੇ ਵਿਸ਼ਾਲ ਰੋਸ ਧਰਨਾ ਲਗਾਇਆ ਜਾ ਰਿਹਾ ਹੈ। ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਦੀ ਸਮੁੱਚੀ ਲੀਡਰਸ਼ਿਪ ਸ਼ਾਮਲ ਹੋਵੇਗੀ ਤਾਂ ਜੋ ਸਰਕਾਰ ਨੂੰ ਇਸ ਸਬੰਧੀ ਸਖ਼ਤ ਕਾਨੂੰਨ ਬਣਾਉਣ ਤੇ ਮਜਬੂਰ ਕੀਤਾ ਜਾ ਸਕੇ। ਇਸ ਸਬੰਧੀ ਗੱਲਬਾਤ ਕਰਦੇ ਹੋਏ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਚੱਲ ਰਹੇ ਧਰਮ ਯੁੱਧ ਮੋਰਚੇ ਵਿਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਵਿਰੁੱਧ ਸਰਕਾਰ ਨੂੰ ਸਖ਼ਤ ਕਾਨੂੰਨ ਬਣਾਉਣਾ ਚਾਹੀਦੇ ਤਾਂ ਜੋ ਦੋਸ਼ੀਆਂ ਨੂੰ ਸਜ਼ਾ ਮਿਲ ਸਕੇ। ਉਨ੍ਹਾਂ ਕਿਹਾ ਕਿ ਭਾਈ ਖਾਲਸਾ ਪਿਛਲੇ 16 ਮਹੀਨਿਆਂ ਤੋਂ ਟਾਵਰ 'ਤੇ ਬੈਠੇ ਸੰਘਰਸ਼ ਕਰ ਰਹੇ ਹਨ। ਜਿਨ੍ਹਾਂ ਨੂੰ ਹੇਠਾਂ ਉਤਾਰਨ ਲਈ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਖ਼ਤ ਕਾਨੂੰਨ ਬਣਾ ਕੇ ਇਸ ਧਰਨੇ ਨੂੰ ਮੁਲਤਵੀ ਕਰਾਵੇ ਅਤੇ ਭਾਈ ਖਾਲਸਾ ਦੀ ਜਾਨ ਦੀ ਰਾਖੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਧਰਮ ਯੁੱਧ ਮੋਰਚੇ ਦੀ ਹਮਾਇਤ ਕਰਨਾ ਹਰ ਸਿੱਖ ਦਾ ਫਰਜ਼ ਬਣਦਾ ਹੈ। ਜਿਥੇ ਸਮੁੱਚੇ ਸਿੱਖਾਂ ਨੂੰ ਆਪਣੀ ਹਾਜ਼ਰੀ ਦਰਜ ਕਰਵਾਉਣੀ ਚਾਹੀਦੀ ਹੈ ਉਥੇ ਹੀ ਹਿੰਦੂ ਭਾਈਚਾਰਾ, ਮੁਸਲਿਮ ਭਾਈਚਾਰਾ ਅਤੇ ਈਸਾਈ ਭਾਈਚਾਰੇ ਦੇ ਲੋਕਾਂ ਨੂੰ ਵੀ ਵੱਧ ਚੜ੍ਹ ਕੇ ਸ਼ਮੂਲੀਅਤ ਕਰਨੀ ਚਾਹੀਦੀ ਹੈ। ਇਸ ਮੌਕੇ ਜਿਹੜਾ ਕਾਨੂੰਨ ਬਣਾਉਣ ਦੀ ਗੱਲ ਕੀਤੀ ਜਾ ਰਹੀ ਹੈ, ਉਸ ਵਿਚ ਸਾਰੇ ਧਰਮਾਂ ਦੇ ਗ੍ਰੰਥ ਸ਼ਾਮਲ ਹਨ। ਇਸ ਮੌਕੇ ਸਾਬਕਾ ਚੇਅਰਮੈਨ ਹਰਜਿੰਦਰ ਸਿੰਘ ਬੱਲ ਅਤੇ ਬਲਵੰਤ ਸਿੰਘ ਬਠੋਈ ਵੀ ਹਾਜ਼ਰ ਸਨ।

## ਪੰਜਾਬ ਵਿੱਚ ਵਿਗੜ ਰਹੀ ਕਾਨੂੰਨ ਵਿਵਸਥਾ ਅਤੇ ਗੈਂਗਵਾਰ ਦੀਆਂ ਘਟਨਾਵਾਂ 'ਤੇ ਜਤਾਈ ਚਿੰਤਾ

# ਗ੍ਰਹਿ ਮੰਤਰੀ ਦੀ 'ਬਦਲਾਅ ਰੈਲੀ' ਪੰਜਾਬ ਦੀ ਸਿਆਸਤ ਵਿੱਚ ਵੱਡੀ ਤਬਦੀਲੀ ਦਾ ਆਗਾਜ਼ ਹੋਵੇਗੀ, ਜੋ ਸੂਬੇ ਨੂੰ ਮੁੜ ਖ਼ੁਸ਼ਹਾਲੀ ਦੇ ਰਾਹ 'ਤੇ ਪਾਵੇਗੀ: ਪ੍ਰਨੀਤ ਕੌਰ

**ਨਵੀਂ ਦਿੱਲੀ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਭਾਜਪਾ ਦੀ ਸੀਨੀਅਰ ਆਗੂ ਅਤੇ ਸਾਬਕਾ ਸੰਸਦ ਮੈਂਬਰ ਸ਼੍ਰੀਮਤੀ ਪ੍ਰਨੀਤ ਕੌਰ ਨੇ ਅੱਜ ਨਵੀਂ ਦਿੱਲੀ ਵਿਖੇ ਦੇਸ਼ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਨਾਲ ਇੱਕ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਮੀਟਿੰਗ ਦੌਰਾਨ ਪੰਜਾਬ ਦੇ ਮੌਜੂਦਾ ਹਾਲਾਤ, ਸੂਬੇ ਦੇ ਵਿਕਾਸ ਅਤੇ ਸੁਰੱਖਿਆ ਨਾਲ ਜੁੜੇ ਅਹਿਮ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀਮਤੀ ਪ੍ਰਨੀਤ ਕੌਰ ਨੇ ਸੂਬੇ ਦੀ ਮੌਜੂਦਾ ਸਥਿਤੀ 'ਤੇ ਗੰਭੀਰ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ, "ਅੱਜ ਪੰਜਾਬ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ-



ਢੇਰੀ ਹੋ ਚੁੱਕੀ ਹੈ। ਦਿਨ-ਦਿਹਾੜੇ ਹੋ ਰਹੀਆਂ ਗੈਂਗਵਾਰ ਦੀਆਂ ਵਾਰਦਾਤਾਂ ਨੇ ਆਮ ਜਨਤਾ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਸੂਬੇ ਦੀ ਅਮਨ-ਸ਼ਾਂਤੀ ਨੂੰ ਬਹਾਲ ਕਰਨਾ ਇਸ ਵੇਲੇ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਨੇ ਪੰਜਾਬ ਦੇ ਵਿਕਾਸ ਲਈ ਕੇਂਦਰ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਗ੍ਰਹਿ ਮੰਤਰੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ 'ਵਿਕਸਿਤ ਭਾਰਤ' ਮੁਹਿੰਮ ਤਹਿਤ ਕੇਂਦਰੀ ਸਕੀਮਾਂ ਪੰਜਾਬ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਪੰਜਾਬ ਦੇ ਵਿਕਾਸ ਕਾਰਜਾਂ ਵਿੱਚ ਹੋਰ ਤੇਜ਼ੀ ਲਿਆਉਣ ਦੀ ਅਪੀਲ ਵੀ ਕੀਤੀ। ਗ੍ਰਹਿ ਮੰਤਰੀ ਦੇ ਪੰਜਾਬ ਦੌਰੇ ਬਾਰੇ ਬੋਲਦਿਆਂ ਪ੍ਰਨੀਤ ਕੌਰ ਨੇ ਕਿਹਾ ਕਿ ਪੰਜਾਬ ਦੀ ਜਨਤਾ ਅਮਿਤ ਸ਼ਾਹ ਜੀ ਦਾ ਨਿੱਘਾ ਸਵਾਗਤ ਕਰਨ ਲਈ ਤਿਆਰ ਹੈ। ਉਨ੍ਹਾਂ ਨੇ ਆਗਾਮੀ 'ਬਦਲਾਅ ਰੈਲੀ' ਨੂੰ ਪੰਜਾਬ ਦੇ ਸੁਨਹਿਰੀ ਭਵਿੱਖ ਅਤੇ ਤਰੱਕੀ ਦੀ ਰੈਲੀ ਦੱਸਦਿਆਂ ਕਿਹਾ ਕਿ ਇਹ ਰੈਲੀ ਸੂਬੇ ਦੀ ਸਿਆਸਤ ਵਿੱਚ ਇੱਕ ਨਵੀਂ ਅਤੇ ਸਾਰਥਕ ਤਬਦੀਲੀ ਲੈ ਕੇ ਆਵੇਗੀ।

ਪ੍ਰਨੀਤ ਕੌਰ ਨੇ ਸੋਸ਼ਲ ਮੀਡੀਆ ਰਾਹੀਂ ਇਸ ਮੁਲਾਕਾਤ ਦੀ ਤਸਵੀਰ ਸਾਂਝੀ ਕਰਦਿਆਂ ਸਪੱਸ਼ਟ ਕੀਤਾ ਕਿ ਪੰਜਾਬ ਦੀ ਖ਼ੁਸ਼ਹਾਲੀ ਅਤੇ ਸੁਰੱਖਿਆ ਉਨ੍ਹਾਂ ਦੀ ਮੁੱਖ ਤਰਜੀਹ ਹੈ ਅਤੇ ਉਹ ਸੂਬੇ ਦੀਆਂ ਮੰਗਾਂ ਨੂੰ ਕੇਂਦਰ ਕੋਲ ਮਜ਼ਬੂਤੀ ਨਾਲ ਚੁੱਕਦੇ ਰਹਿਣਗੇ।

# ਕਤਲ ਕਰਨ ਦੀ ਸਾਜ਼ਿਸ਼ ਕਰਨ ਵਾਲੇ ਪਿਸਤੌਲ ਸਮੇਤ ਤਿੰਨ ਦੋਸ਼ੀ ਗ੍ਰਿਫ਼ਤਾਰ

**ਮਲੇਰਕੋਟਲਾ, 17 ਮਾਰਚ**
**-ਦਿਲਦਾਰ ਹੁਸੈਨ/ਰਾਜੇਸ਼ ਸ਼ਰਮਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਕਪਤਾਨ ਪੁਲਿਸ ਗੁਰਸ਼ਰਨਜੀਤ ਸਿੰਘ ਸੰਧੂ ਦੀ ਉਪ ਕਪਤਾਨ ਪੁਲਿਸ ਡੀ ਐੱਸ ਪੀ ਹੈੱਡਕੁਆਟਰ ਬਿਕਰਮਜੀਤ ਸਿੰਘ ਘੁੰਮਣ ਦੀ ਅਗਵਾਈ ਹੇਠ ਮਾੜੇ ਅਨਸਰਾਂ ਖ਼ਿਲਾਫ਼ ਕਾਰਵਾਈ ਲਈ ਸਾਇਬਰ ਕਰਾਈਮ ਦੀ ਟੀਮ ਦਾ ਗਠਨ ਕੀਤਾ ਗਿਆ। ਇਸ ਟੀਮ ਵਿੱਚ ਇੰਚਾਰਜ ਸੀ.ਆਈ.ਏ. ਮਾਹੋਰਾਣਾ ਇੰਸਪੈਕਟਰ ਹਰਜਿੰਦਰ ਸਿੰਘ ਅਤੇ ਮੁੱਖ ਅਫ਼ਸਰ ਥਾਣਾ ਸਾਇਬਰ ਕਰਾਈਮ ਇੰਸਪੈਕਟਰ ਮਨਜੋਤ ਸਿੰਘ ਸ਼ਾਮਲ ਸਨ।

ਐਸ.ਐਸ.ਪੀ ਨੇ ਦੱਸਿਆ ਕਿ ਪੁਲਿਸ ਨੂੰ ਮਿਲੀ ਮੁਖਬਰੀ ਦੇ ਆਧਾਰ 'ਤੇ ਥਾਣਾ ਸਾਇਬਰ ਕਰਾਈਮ ਮਾਲੇਰਕੋਟਲਾ ਵਿਖੇ 351(3), 351(4), 109, 152, 196, 353, 61(2), 62 ਭਾਰਤੀ ਨਿਆ ਸੰਹਿਤਾ ਅਤੇ 25/54/59 ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਅਤੇ ਜਾਂਚ ਦੌਰਾਨ ਦੋਸ਼ੀ ਫਰਹਾਨ ਅੰਜੁਮ ਪੁੱਤਰ ਇਰਫਾਨ ਅੰਜੁਮ ਵਾਸੀ ਮੁਹੱਲਾ ਲੁਹਾਰਾ, ਮਾਲੇਰਕੋਟਲਾ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁੱਛਗਿੱਛ ਦੌਰਾਨ ਦੋਸ਼ੀ ਨੇ ਦੱਸਿਆ ਕਿ ਉਹ ਸੋਸ਼ਲ ਮੀਡੀਆ 'ਤੇ ਕੁਝ ਵਿਦੇਸ਼ੀ ਵਿਅਕਤੀਆਂ ਦੀਆਂ ਵੀਡੀਓਜ਼ ਦੇ ਪ੍ਰਭਾਵ ਹੇਠ ਆ ਕੇ ਕੱਟੜਪੰਥੀ ਵਿਚਾਰਧਾਰਾ ਵੱਲ ਝੁਕ ਗਿਆ ਸੀ ਅਤੇ ਕੁਝ ਵਿਅਕਤੀਆਂ ਨੂੰ ਨੁਕਸਾਨ ਪਹੁੰਚਾਉਣ ਦੀ ਯੋਜਨਾ ਬਣਾਈ ਜਾ ਰਹੀ ਸੀ।

ਜਾਂਚ ਦੌਰਾਨ ਅਦਨਾਨ ਖਾਨ ਉਰਫ਼ ਨੰਨੂ ਅਤੇ ਵਾਰਿਸ ਅਲੀ ਨੂੰ ਵੀ ਇਸ ਮਾਮਲੇ ਵਿੱਚ ਨਾਮਜ਼ਦ ਕਰਕੇ ਗ੍ਰਿਫ਼ਤਾਰ ਕੀਤਾ ਗਿਆ। ਦੋਸ਼ੀ ਵਾਰਿਸ ਅਲੀ ਪਾਸੋਂ ਇੱਕ 32 ਬੋਰ ਦੇਸੀ ਪਿਸਟਲ ਸਮੇਤ ਤਿੰਨ ਜ਼ਿੰਦਾ ਕਾਰਤੂਸ ਬਰਾਮਦ ਹੋਏ ਹਨ, ਜਦਕਿ ਮਾਮਲੇ ਨਾਲ ਸੰਬੰਧਿਤ ਚਾਰ ਮੋਬਾਇਲ ਫੋਨ ਵੀ ਕਬਜ਼ੇ ਵਿੱਚ ਲਏ ਗਏ ਹਨ।



ਪੁਲਿਸ ਅਧਿਕਾਰੀਆਂ ਮੁਤਾਬਕ ਜ਼ਬਤ ਕੀਤੇ ਮੋਬਾਇਲ ਫੋਨਾਂ ਦੀ ਟੈਕਨੀਕਲ ਜਾਂਚ ਜਾਰੀ ਹੈ ਅਤੇ ਤਫ਼ਤੀਸ਼ ਦੌਰਾਨ ਹੋਰ ਅਹਿਮ ਤੱਥ ਸਾਹਮਣੇ ਆਉਣ ਦੀ ਸੰਭਾਵਨਾ ਹੈ। ਜ਼ਿਲ੍ਹਾ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਸ਼ੱਕੀ ਗਤੀਵਿਧੀ ਬਾਰੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਾਵੇ।

# ਮਾਛੀਵਾੜਾ ਬਲਾਕ ਦੇ 10 ਪਿੰਡਾਂ ਨੂੰ ਜੋੜਨ ਵਾਲੀ ਸੜਕ ਦਾ ਨਿਰਮਾਣ ਕਾਰਜ ਸ਼ੁਰੂ, ਹਲਕਾ ਵਿਧਾਇਕ ਦਾ ਲੋਕਾਂ ਨੇ ਕੀਤਾ

**ਮਾਛੀਵਾੜਾ ਸਾਹਿਬ, 17 ਮਾਰਚ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਟੁੱਟੀਆਂ ਹੋਈਆਂ ਸੜਕਾਂ ਨੂੰ ਬਣਾਉਣ ਦਾ ਕੰਮ ਲਗਾਤਾਰ ਚੱਲ ਰਿਹਾ ਹੈ। ਜਿਸ ਤਹਿਤ ਮਾਛੀਵਾੜਾ ਸਾਹਿਬ ਵਿਖੇ ਪਿਛਲੇ ਲੰਬੇ ਸਮੇਂ ਤੋਂ ਲੋਕਾਂ ਦੀ ਮੰਗ ਨੂੰ ਦੇਖਦਿਆਂ ਹੋਇਆ ਅੱਜ 10 ਪਿੰਡਾਂ ਨੂੰ ਜੋੜਨ ਵਾਲੀ ਮਾਛੀਵਾੜਾ ਸਾਹਿਬ ਤੋਂ ਪਿੰਡ ਸ਼ਤਾਬਗੜ ਤੱਕ ਸੜਕ ਨੂੰ 18 ਫੁੱਟਾ ਕਰਕੇ ਨਵਾਂ ਬਣਾਉਣ ਅਤੇ ਪਿੰਡ ਨੂਰਪੁਰ ਤੋਂ ਰਤੀਪੁਰ ਨੂੰ ਜਾਂਦੇ ਕੱਚੇ ਰਸਤੇ ਤੇ ਪੱਕੀ ਸੜਕ ਬਣਾਉਣ ਅਤੇ ਨੂਰਪੁਰ ਰੋਡ ਵਾਲੇ ਸੂਏ ਤੇ ਪੁਲੀ ਨੂੰ ਚੌੜਾ ਕਰਕੇ ਨਵਾਂ ਬਣਾਉਣ ਦੇ ਕੰਮ ਦੀ ਸ਼ੁਰੂਆਤ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਵੱਲੋਂ ਕਰ ਦਿੱਤੀ ਗਈ। ਉਹਨਾਂ ਨੇ ਕਿਹਾ ਕਿ ਕਰੋੜਾਂ ਰੁਪਈਆਂ ਨਾਲ ਬਣਨ ਵਾਲੀ ਸੜਕ ਦਾ ਨਿਰਮਾਣ ਸ਼ੁਰੂ ਕਰ ਦਿੱਤਾ ਗਿਆ ਹੈ। ਪਿਛਲੇ ਲੰਬੇ ਸਮੇਂ ਤੋਂ ਲੋਕਾਂ ਦੀ ਮੰਗ ਪੂਰੀ ਹੋ ਗਈ ਹੈ ਜੋ ਕਿ ਪਿਛਲੀਆਂ ਸਰਕਾਰਾਂ ਨੇ ਬਿਲਕੁਲ ਵੀ ਇਸ ਸੜਕ ਵੱਲ ਧਿਆਨ ਨਹੀਂ ਦਿੱਤਾ ਸੀ। ਉਹਨਾਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਵਧੀਆ ਸੜਕਾਂ ਦਿੱਤੀਆਂ ਜਾ ਰਹੀਆਂ ਹਨ ਤਾਂ ਕਿ ਆਵਾਜਾਈ ਦੌਰਾਨ ਕਿਸੇ ਤਰ੍ਹਾਂ ਦੀ ਵੀ ਕੋਈ ਦਿੱਕਤ ਨਾ ਸਕੇ। ਉਹਨਾਂ ਨੇ ਕਿਹਾ ਕਿ ਇਸ ਤੋਂ ਇਲਾਵਾ ਇਲਾਕੇ ਅੰਦਰ ਜੋ ਵੀ ਟੁੱਟੀਆਂ ਸੜਕਾਂ ਹਨ ਉਹਨਾਂ ਦਾ ਵੀ ਜਲਦ ਤੋਂ ਜਲਦ ਨਿਰਮਾਣ ਸ਼ੁਰੂ ਕਰ ਦਿੱਤਾ ਜਾਵੇਗਾ। ਉਹਨਾਂ ਨੇ ਵਿਰੋਧੀ ਧਿਰ ਤੇ ਤੰਜ ਕੱਸਦਿਆਂ ਕਿਹਾ ਕਿ ਵਿਰੋਧੀ ਸਿਰਫ ਬੋਲਣ ਜੋਗੇ ਹੀ ਹਨ ਉਹਨਾਂ ਨੇ ਕਰਨ ਕਰਾਣਾ ਕੁਝ ਨਹੀਂ ਹੁੰਦਾ।

ਇਸ ਸੜਕ ਨੂੰ ਬਣਾਉਣ ਦੀ ਜ਼ਰੂਰਤ ਕਰਨ ਤੇ ਹਲਕਾ ਜਗਤਾਰ ਸਿੰਘ ਦਿਆਲਪੁਰਾ ਦਾ ਇਲਾਕੇ ਦੇ ਲੋਕਾਂ ਵੱਲੋਂ ਸਵਾਗਤ ਕਰਦਾ ਧੰਨਵਾਦ ਕੀਤਾ ਗਿਆ।

## ਖਪਤਕਾਰਾਂ ਵੱਲੋਂ ਘਬਰਾਹਟ 'ਚ ਕੀਤੀ ਜਾ ਰਹੀ ਬੁਕਿੰਗ ਕਾਰਨ ਗੈਸ ਏਜੰਸੀਆਂ ਦੀ ਸਰਵਰ ਬੁਕਿੰਗ ਪ੍ਰਭਾਵਿਤ ਹੋਈ

# ਐਲ ਪੀ ਜੀ ਸਿਲੰਡਰਾਂ ਦੀ ਕਾਲਾ ਬਜ਼ਾਰੀ ਬਰਦਾਸ਼ਤ ਨਹੀਂ, ਸ਼ਰਾਰਤੀ ਅਨਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ: ਡਿਪਟੀ ਕਮਿਸ਼ਨਰ

**ਪਟਿਆਲਾ, 17 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਅੱਜ ਮੁੜ ਜ਼ੋਰ ਦੇ ਕੇ ਕਿਹਾ ਹੈ ਕਿ ਪਟਿਆਲਾ ਜ਼ਿਲ੍ਹੇ 'ਚ ਐਲਪੀਜੀ ਸਪਲਾਈ ਆਮ ਵਾਂਗ ਹੈ ਪਰੰਤੂ ਲੋਕਾਂ ਨੂੰ ਘਬਰਾਹਟ 'ਚ ਆਕੇ ਜਮ੍ਹਾਂਖੋਰੀ ਕਰਨ ਅਤੇ ਗੈਸ ਨਾ ਮਿਲਣ ਵਰਗੀਆਂ ਕਿਸੇ ਤਰ੍ਹਾਂ ਦੀਆਂ ਅਫ਼ਵਾਹਾਂ ਤੋਂ ਬਚਨ ਦੀ ਲੋੜ ਹੈ। ਉਧਰ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ ਮੁਤਾਬਕ ਜ਼ਿਲ੍ਹੇ ਵਿੱਚ ਰਸੋਈ ਗੈਸ ਦੀ ਕਾਲਾ ਬਜ਼ਾਰੀ ਅਤੇ ਗੈਰ-ਕਾਨੂੰਨੀ ਵਿਕਰੀ ਨੂੰ ਰੋਕਣ ਲਈ ਜ਼ਿਲ੍ਹਾ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੀਆਂ ਵੱਖ-ਵੱਖ ਟੀਮਾਂ ਵੱਲੋਂ ਜ਼ਿਲ੍ਹੇ ਭਰ ਵਿੱਚ 8 ਟੀਮਾਂ ਵੱਲੋਂ 42 ਥਾਂਵਾਂ 'ਤੇ ਛਾਪੇਮਾਰੀ ਕੀਤੀ ਗਈ ਹੈ ਅਤੇ ਵਪਾਰਕ ਥਾਵਾਂ ਤੋਂ 45 ਘਰੇਲੂ ਗੈਸ ਸਿਲੰਡਰ ਜ਼ਬਤ ਕੀਤੇ ਗਏ ਹਨ। ਉਨ੍ਹਾਂ ਅੱਗੇ ਦੱਸਿਆ ਕਿ ਗੈਸ ਏਜੰਸੀਆਂ ਵੱਲੋਂ ਬੁਕਿੰਗ ਵੀ ਕੀਤੀ ਜਾ ਰਹੀ ਹੈ ਅਤੇ ਸਪਲਾਈ ਵੀ ਜਾਰੀ ਹੈ ਪਰੰਤੂ ਖਪਤਕਾਰਾਂ ਵੱਲੋਂ ਘਬਰਾਹਟ 'ਚ ਆਕੇ ਕੀਤੀ ਜਾ ਰਹੀ ਬੁਕਿੰਗ ਕਾਰਨ 58 ਗੈਸ ਏਜੰਸੀਆਂ ਦੀ ਆਨਲਾਈਨ ਸਰਵਰ ਬੁਕਿੰਗ ਪ੍ਰਭਾਵਿਤ ਹੋਈ ਹੈ, ਜਿਸ ਕਾਰਨ ਖਪਤਕਾਰਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਫੇਰ ਵੀ ਪ੍ਰਸ਼ਾਸਨ ਵੱਲੋਂ ਖਪਤਕਾਰਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਵਰਜੀਤ ਵਾਲੀਆ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਆਮ ਘਰੇਲੂ ਖਪਤਕਾਰਾਂ ਨੂੰ ਗੈਸ ਸਪਲਾਈ ਨਿਰਵਿਘਨ ਤੇ ਨਿਰੰਤਰ ਜਾਰੀ ਰੱਖਣ ਲਈ ਕਈ ਉਪਰਾਲੇ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸੇ ਤਹਿਤ ਗੈਸ ਏਜੰਸੀਆਂ 'ਤੇ ਅਚਾਨਕ ਛਾਪੇਮਾਰੀ ਅਤੇ ਜਾਂਚ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਖਪਤਕਾਰਾਂ ਤੱਕ ਰਸੋਈ ਗੈਸ ਦੀ ਸਮੇਂ ਸਿਰ, ਨਿਯਮਤ, ਪਾਰਦਰਸ਼ੀ ਸਪਲਾਈ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਜੇਕਰ ਜਾਂਚ ਦੌਰਾਨ ਕਿਸੇ ਵੀ ਗੈਸ ਏਜੰਸੀ ਵੱਲੋਂ ਗੈਰ-ਨਿਯਮਿਤਤਾ, ਸਟਾਕ ਵਿੱਚ ਗੜਬੜ ਜਾਂ ਕਾਲਾ ਬਜ਼ਾਰੀ ਕਰਨ ਦੀ ਪੁਸ਼ਟੀ ਹੁੰਦੀ ਹੈ ਤਾਂ ਉਸ ਦੇ ਖ਼ਿਲਾਫ਼ ਲਾਇਸੈਂਸ ਰੱਦ ਕਰਨ ਸਮੇਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਵੀ ਥਾਂ ਰਸੋਈ ਗੈਸ ਦੀ ਕਾਲਾ ਬਜ਼ਾਰੀ, ਗੈਰ-ਕਾਨੂੰਨੀ ਵਿਕਰੀ ਜਾਂ ਹੋਰ ਕਿਸੇ ਤਰ੍ਹਾਂ ਦੀ ਗੜਬੜ ਬਾਰੇ ਜਾਣਕਾਰੀ ਮਿਲਦੀ ਹੈ ਤਾਂ ਤੁਰੰਤ ਪ੍ਰਸ਼ਾਸਨ ਜਾਂ ਫੂਡ ਸਪਲਾਈ ਵਿਭਾਗ ਨੂੰ ਸੂਚਿਤ ਕੀਤਾ ਜਾਵੇ।

# ਵਿਸ਼ਵ ਗਲੂਕੋਮਾ ਹਫ਼ਤੇ ਤਹਿਤ ਕੀਤਾ ਜਾਗਰੂਕ ; ਅੱਖਾਂ ਦੀ ਸੰਭਾਲ ਬਹੁਤ ਜਰੂਰੀ -ਐਸ. ਐਮ. ਓ

**ਸੰਦੌੜ 17 ਮਾਰਚ/ਰਾਜੇਸ਼ ਸ਼ਰਮਾ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਮਾਲੇਰਕੋਟਲਾ ਡਾ. ਪ੍ਰਦੀਪ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਜੀ ਐੱਸ ਭਿੰਡਰ ਦੀ ਅਗਵਾਈ ਵਿੱਚ ਮੁਢਲਾ ਸਿਹਤ ਕੇਂਦਰ ਫਤਿਹਗੜ੍ਹ ਪੰਜਗਰਾਈਆਂ ਅਧੀਨ ਆਉਂਦੇ ਵੱਖ ਵੱਖ ਪਿੰਡਾਂ ਵਿੱਚ ਵਿਖੇ ਮਿਤੀ 8 ਤੋਂ 17 ਮਾਰਚ ਤੱਕ ਮਨਾਏ ਜਾ ਰਹੇ ਵਿਸ਼ਵ ਗਲੂਕੋਮਾ ਹਫਤੇ ਤਹਿਤ ਲੋਕਾਂ ਨੂੰ ਅੱਖਾਂ ਦੀ ਸਾਂਭ-ਸੰਭਾਲ ਸਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਗੱਲ ਕਰਦਿਆਂ ਸੀਨੀਅਰ ਮੈਡੀਕਲ ਅਫ਼ਸਰ ਡਾ. ਜੀ ਐਸ ਭਿੰਡਰ ਨੇ ਕਿਹਾ ਸਾਨੂੰ ਅੱਖਾਂ ਦੀ ਨਿਯਮਿਤ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਗਲੂਕੋਮਾ ਦੇ ਲੱਛਣਾਂ ਬਾਰੇ ਜਾਣਕਾਰੀ ਦਿੰਦੇ ਕਿਹਾ ਕਿ ਅਸਾਧਾਰਣ ਸਿਰ ਦਰਦ ਜਾਂ ਅੱਖਾਂ ਵਿੱਚ ਦਰਦ, ਪੜ੍ਹਨ ਲਈ ਐਨਕਾਂ ਦਾ ਵਾਰ-ਵਾਰ ਨੰਬਰ ਬਦਲਣਾ ,ਪ੍ਰਕਾਸ਼ ਦੇ ਆਲੇ ਦੁਆਲੇ ਰੰਗਦਾਰ ਚੱਕਰ ਦਾ ਦਿਸਣਾ, ਅੱਖਾਂ ਵਿੱਚ ਦਰਦ ਅਤੇ ਲਾਲੀ ਦੇ ਨਾਲ ਅਚਾਨਕ ਦ੍ਰਿਸ਼ਟੀ ਦਾ ਕਮਜ਼ੋਰ ਹੋਣਾ ਆਦਿ ਹਨ।

ਉਨ੍ਹਾਂ ਕਿਹਾ ਕਿ ਅਜਿਹੇ ਲੱਛਣ ਹੋਣ ਤੇ ਅੱਖਾਂ ਦਾ ਦਬਾਅ ਚੈੱਕ ਕਰਵਾਉਣਾ ਚਾਹੀਂਦਾ ਹੈ।

# ਨੀਤੀ ਆਯੋਗ ਇੰਡੈਕਸ 'ਚ ਪੰਜਾਬ ਸਭ ਤੋਂ ਹੇਠਾਂ, ਸਰਕਾਰ ਦੀਆਂ ਨੀਤੀਆਂ ਕਾਰਨ ਆਰਥਿਕ ਹਾਲਤ ਖ਼ਰਾਬ: ਪਵਨ ਦੀਵਾਨ

**ਲੁਧਿਆਣਾ, 17 ਮਾਰਚ**
**ਕੁਲਦੀਪ ਦੂੱਗਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਕਾਂਗਰਸੀ ਆਗੂ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਪਵਨ ਦੀਵਾਨ ਨੇ ਕਿਹਾ ਕਿ ਨੀਤੀ ਆਯੋਗ ਦੇ 2023-24 ਦੇ ਫਾਇਨੈਂਸ਼ਲ ਹੈਲਥ ਇੰਡੈਕਸ ਵਿੱਚ ਪੰਜਾਬ ਵੱਡੇ ਸੂਬਿਆਂ ਵਿੱਚ 12.4 ਅੰਕਾਂ ਨਾਲ 18ਵੇਂ ਸਥਾਨ 'ਤੇ ਆਇਆ ਹੈ, ਜੋ ਸੂਬੇ ਦੀ ਡਿੱਗਦੀ ਆਰਥਿਕ ਹਾਲਤ ਨੂੰ ਦਰਸਾਉਂਦਾ ਹੈ।

ਉਨ੍ਹਾਂ ਦੋਸ਼ ਲਗਾਇਆ ਕਿ ਭਗਵੰਤ ਮਾਨ ਸਰਕਾਰ ਦੇ ਚਾਰ ਸਾਲਾਂ ਦੌਰਾਨ ਪੰਜਾਬ ਦੀ ਵਿੱਤੀ ਸਥਿਤੀ ਹੋਰ ਖ਼ਰਾਬ ਹੋਈ ਹੈ ਅਤੇ ਕਰਜ਼ਾ 2.82 ਲੱਖ ਕਰੋੜ ਤੋਂ ਵੱਧ ਕੇ ਲਗਭਗ 4.17 ਲੱਖ ਕਰੋੜ ਰੁਪਏ ਹੋਣ ਦਾ ਅੰਦਾਜ਼ਾ ਹੈ। ਦੀਵਾਨ ਮੁਤਾਬਕ ਕਰਜ਼ਾ ਇੰਡੈਕਸ ਵਿੱਚ ਸਿਰਫ 2.1 ਅਤੇ ਖਰਚ ਦੀ ਗੁਣਵੱਤਾ ਵਿੱਚ 8.1 ਅੰਕ ਮਿਲਣਾ ਵਿੱਤੀ ਕੁਰਾਜ ਦਾ



ਸਪਸ਼ਟ ਸੰਕੇਤ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਵਿਕਾਸ ਦੀ ਬਜਾਏ ਪ੍ਰਚਾਰ 'ਤੇ ਵੱਡੀ ਰਕਮ ਖਰਚ ਕੀਤੀ ਜਾ ਰਹੀ ਹੈ ਅਤੇ ਸੂਬਾ ਆਰਥਿਕ ਸੰਕਟ ਵੱਲ ਵੱਧ ਰਿਹਾ ਹੈ। ਦੀਵਾਨ ਨੇ ਦਾਅਵਾ ਕੀਤਾ ਕਿ ਪੰਜਾਬ ਦੀ ਵਿੱਤੀ ਹਾਲਤ ਤਦੋਂ ਹੀ ਸੁਧਰੇਗੀ ਜਦੋਂ ਕਾਂਗਰਸ ਮੁੜ ਸੱਤਾ ਵਿੱਚ ਆਏਗੀ।

# ਝਾੜ ਸਾਹਿਬ ਕਾਲਜ ਦੇ ਫੈਸ਼ਨ ਡਿਜ਼ਾਈਨਿੰਗ ਵਿਭਾਗ ਵੱਲੋਂ ਲਗਾਈ ਗਈ ਵਰਕਸ਼ਾਪ

**ਮਾਛੀਵਾੜਾ ਸਾਹਿਬ, 17 ਮਾਰਚ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ, ਝਾੜ ਸਾਹਿਬ (ਲੁਧਿ.) ਵਿਖੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ ਹੇਠ ਫੈਸ਼ਨ ਡਿਜ਼ਾਈਨਿੰਗ ਵਿਭਾਗ ਦੇ ਮੁੱਖੀ ਹਰਪ੍ਰੀਤ ਕੌਰ ਅਤੇ ਅਸਿ.ਪ੍ਰੋ. ਸੁਖਨਪ੍ਰੀਤ ਕੌਰ ਵੱਲੋਂ ਵਿਭਾਗ ਵਿੱਚਲੀ ਅਡਵਾਂਸਡ ਇੰਬਰੋਇਡਰੀ ਮਸ਼ੀਨ ਦੀ ਸਿਖਲਾਈ ਲਈ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਊਸ਼ਾ ਕੰਪਨੀ ਦੇ ਵੱਲੋਂ ਸ਼ਾਹਜੀਤ (ਟੈਰੀਟਰੀ ਮੈਨੇਜਰ) ਅਤੇ ਪ੍ਰਭਜੋਤ ਸਿੰਘ ਨੇ ਵਰਕਸ਼ਾਪ ਵਿੱਚ ਐਕਸਪਰਟ ਵਜੋਂ ਭੂਮਿਕਾ ਨਿਭਾਈ। ਉਨ੍ਹਾਂ ਨੇ ਇਸ ਨਵੇਂ



ਮਾਡਲ ਦੀ ਮਸ਼ੀਨ ਜੋ ਕਿ ਕੰਪਿਊਟਰਾਈਜ਼ਡ ਹੈ ਬਾਰੇ ਦੱਸਦੇ ਹੋਏ ਕਿਹਾ ਕਿ ਇਸ ਦੀ ਵਰਤੋਂ ਨਾਲ ਵਿਦਿਆਰਥਣਾਂ ਥੋੜੇ ਸਮੇਂ ਵਿੱਚ ਨਵੇਂ ਅਤੇ ਵਧੀਆ ਕਢਾਈ ਦੇ ਨਮੂਨੇ ਤਿਆਰ ਕਰ ਸਕਦੀਆਂ ਹਨ ਤੇ ਇਸ ਮਸ਼ੀਨ ਦੀ ਵਰਤੋਂ ਕਰਨੀ ਜਿੱਥੇ ਬਹੁਤ ਅਸਾਨ ਹੈ ਉੱਥੇ ਇੱਕੋ ਜਿਹੇ ਸਾਫ-ਸੁੱਥਰੇ ਨਮੂਨਿਆਂ ਦੇ ਸੂਟ, ਦੁਪੱਟੇ ਆਦਿ ਤਿਆਰ ਕੀਤੇ ਜਾ ਸਕਦੇ ਹਨ। ਉਨ੍ਹਾਂ ਮਸ਼ੀਨ ਦੇ ਵੱਖ-ਵੱਖ ਪਾਰਟਸ ਬਾਰੇ ਵੀ ਜਾਣਕਾਰੀ ਦਿੱਤੀ। ਇਸ ਸਬੰਧੀ ਕਾਲਜ ਪ੍ਰਿੰਸੀਪਲ ਨੇ ਕਿਹਾ ਕਿ ਫੈਸ਼ਨ ਡਿਜ਼ਾਈਨਿੰਗ ਵਿਭਾਗ ਦੀਆਂ ਵਿਦਿਆਰਥਣਾਂ ਨੂੰ ਆਤਮ-ਨਿਰਭਰ ਬਣਾਉਣ ਅਤੇ ਆਪਣੇ ਕਾਰੋਬਾਰ ਨੂੰ ਸ਼ੁਰੂ ਕਰਨ ਲਈ ਅਜਿਹੀਆਂ ਨਵੀਆਂ ਤਕਨੀਕੀ ਮਸ਼ੀਨਾਂ ਬਹੁਤ ਮੱਦਦਗਾਰ ਸਾਬਤ ਹੋਣਗੀਆਂ। ਜਿਕਰਯੋਗ ਹੈ ਕਿ ਵਿਭਾਗ ਵੱਲੋਂ ਅਰਨ ਬਾਇ ਲਰਨ ਪਾਲਿਸੀ ਤਹਿਤ ਵਿਦਿਆਰਥਣਾਂ ਦੇ ਹੱਥੀ ਤਿਆਰ ਕੀਤੇ ਸਮਾਨ ਨੂੰ ਸਮੇਂ-ਸਮੇਂ ਤੇ ਪ੍ਰਦਰਸ਼ਨੀ ਕਮ ਸੇਲ ਰਾਹੀਂ ਸੇਲ ਕੀਤਾ ਜਾਂਦਾ ਹੈ ਜਿਸ ਨਾਲ ਵਿਦਿਆਰਥਣਾਂ ਵਿੱਚ ਆਤਮ-ਨਿਰਭਰ ਹੋਣ ਲਈ ਉਤਸ਼ਾਹ ਪੈਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਬੀ.ਐੱਸ.ਸੀ.ਐੱਫ.ਡੀ ਦੀਆਂ ਵਿਦਿਆਰਥਣਾਂ ਯੂਨੀਵਰਸਿਟੀ ਪੱਧਰ ਤੇ ਅੱਵਲ ਸਥਾਨ ਹਾਸਿਲ ਕਰਕੇ ਮਾਪਿਆਂ ਅਤੇ ਸੰਸਥਾ ਦਾ ਨਾਮ ਰੌਸ਼ਨ ਕਰ ਰਹੀਆਂ ਹਨ।

# ਪੰਜਾਬ ਵਿੱਚ ਹਰ 24 ਘੰਟੇ ਦੌਰਾਨ 68 ਮੌਤਾਂ ਕੈਂਸਰ ਨਾਲ ਹੋਣਾ ਚਿੰਤਾਜਨਕ :ਅਜੇਪਾਲ ਸਿੰਘ ਬਰਾੜ

**ਮੁਹਾਲੀ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਸਲ ਸਤਲੁਜ ਦੇ ਪ੍ਰਧਾਨ ਸਰਦਾਰ ਅਜੇਪਾਲ ਸਿੰਘ ਬਰਾੜ ਨੇ ਇਕ ਬਿਆਨ ਵਿੱਚ ਕਿਹਾ ਹੈ ਕਿ, ਪੰਜਾਬ ਵਿੱਚ ਕੈਂਸਰ ਦੇ ਵਧ ਰਹੇ ਮਾਮਲੇ ਅਤੇ ਮੌਤਾਂ ਦੀ ਦਰ ਬਹੁਤ ਹੀ ਗੰਭੀਰ ਚਿੰਤਾ ਦਾ ਵਿਸ਼ਾ ਬਣ ਚੁੱਕੀ ਹੈ। ਓਹਨਾਂ ਨੇ, ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਵਲੋ ਜਾਰੀ ਤਾਜ਼ਾ ਅੰਕੜਿਆਂ ਨੂੰ ਪੇਸ਼ ਕਰਦੇ ਹੋਏ ਕਿਹਾ ਕਿ, ਸਾਲ 2025 ਦੌਰਾਨ ਪੰਜਾਬ ਵਿੱਚ ਹਰ ਰੋਜ਼ ਔਸਤਨ 68 ਲੋਕ ਕੈਂਸਰ ਕਾਰਨ ਆਪਣੀਆਂ ਜਾਨਾਂ ਗੁਆ ਰਹੇ ਹਨ।

ਓਹਨਾ ਕਿਹਾ ਕਿ ਸਰਕਾਰੀ ਅੰਕੜਿਆਂ ਅਨੁਸਾਰ 2025 ਵਿੱਚ ਪੰਜਾਬ ਵਿੱਚ 43,196 ਨਵੇਂ ਕੈਂਸਰ ਕੇਸ ਦਰਜ਼ ਹੋਏ ਅਤੇ ਲਗਭਗ 24,886 ਲੋਕਾਂ ਦੀ ਮੌਤ ਕੈਂਸਰ ਦੀ ਬਿਮਾਰੀ ਕਾਰਨ ਹੋਈ। ਪਿਛਲੇ ਕੁਝ ਸਾਲਾਂ ਦੌਰਾਨ ਇਹ ਗਿਣਤੀ



ਲਗਾਤਾਰ ਵੱਧ ਰਹੀ ਹੈ, ਜੋ ਦਰਸਾਉਂਦੀ ਹੈ ਕਿ ਸਮੱਸਿਆ ਗੰਭੀਰ ਰੂਪ ਧਾਰ ਚੁੱਕੀ ਹੈ। ਓਹਨਾਂ ਕਿਹਾ ਕਿ ਅੱਜ ਜ਼ਿਆਦਾਤਰ ਔਰਤਾਂ ਕੈਂਸਰ ਦੀ ਬਿਮਾਰੀ ਤੋਂ ਪੀੜਤ ਹਨ। ਔਰਤ ਵਰਗ ਵਿੱਚ ਛਾਤੀ ਦਾ ਕੈਂਸਰ 'ਸਾਈਲੈਂਟ ਕਿੱਲਰ' ਬਣ ਚੁੱਕਾ ਹੈ। ਸਰਦਾਰ ਬਰਾੜ ਨੇ ਵਿਸ਼ੇਸ਼ ਤੌਰ 'ਤੇ ਔਰਤਾਂ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਪੰਜਾਬ ਵਿੱਚ ਕੈਂਸਰ ਨਾਲ ਹੋਣ ਵਾਲੀਆਂ ਕੁੱਲ ਮੌਤਾਂ ਵਿੱਚੋਂ 56% ਮੌਤਾਂ ਛਾਤੀ ਦੇ ਕੈਂਸਰ (Breast Cancer) ਕਾਰਨ ਹੋ ਰਹੀਆਂ ਹਨ।

ਅਜੇਪਾਲ ਸਿੰਘ ਬਰਾੜ ਨੇ ਪਿਛਲੇ ਕੁਝ ਦਿਨਾਂ ਤੋਂ ਮਹਿਲਾ ਵਰਗ ਉਪਰ ਹੋ ਰਹੀ ਸਿਆਸਤ ਨੂੰ ਮੰਦਭਾਗਾ ਕਰਾਰ ਦਿੰਦੇ ਕਿਹਾ ਕਿ, ਅੱਜ ਜਦੋਂ ਪੰਜਾਬ ਵਿੱਚ ਹਰ ਉਮਰ ਦੀ ਔਰਤ ਛਾਤੀ ਦੇ ਕੈਂਸਰ ਤੋਂ ਪੀੜਤ ਹੈ ਤਾਂ ਮੁੱਖ ਮੰਤਰੀ ਸਮੇਤ ਕਿਸੇ ਵੀ ਚੁਣੇ ਹੋਏ ਨੁਮਾਇੰਦੇ ਨੇ ਵਿਧਾਨ ਸਭਾ ਸੈਸ਼ਨ ਵਿੱਚ ਇਸ ਤੇ ਚਿੰਤਾਂ ਜ਼ਾਹਿਰ ਕਰਨ ਦੀ ਬਜਾਏ ਔਰਤਾਂ ਵਰਗ ਨੂੰ ਸਿਆਸੀ ਹਥਿਆਰ ਵਜੋਂ ਵਰਤਿਆ।

ਓਹਨਾਂ ਪੰਜਾਬ ਸਰਕਾਰ ਤੋਂ ਜਿੱਥੇ ਕੈਂਸਰ ਦੀ ਨਾਮੁਰਾਦ ਬਿਮਾਰੀ ਪ੍ਰਤੀ ਗੰਭੀਰ ਉਪਰਾਲੇ ਦੀ ਮੰਗ ਕੀਤੀ ਉੱਥੇ ਹੀ ਪੰਜਾਬ ਦੇ ਹਰ ਸੁਹਿਰਦ ਨਾਗਰਿਕਾਂ ਨੂੰ ਵੀ ਅਪੀਲ ਕੀਤੀ ਕਿ , ਪੰਜਾਬ ਨੂੰ ਸਿਹਤਯਾਬ ਬਣਾਉਣ ਲਈ ਆਪੋ ਆਪਣਾ ਯੋਗਦਾਨ ਪਾਉਣ ।

# ਜ਼ਿਲ੍ਹੇ ਵਿੱਚ ਐੱਲ.ਪੀ.ਜੀ, ਪੈਟਰੋਲ/ਡੀਜ਼ਲ ਦੀ ਕੋਈ ਕਮੀ ਨਹੀਂ : ਡਿਪਟੀ ਕਮਿਸ਼ਨਰ

**ਮਲੇਰਕੋਟਲਾ, 17 ਮਾਰਚ**
**-ਰਾਜੇਸ਼ ਸ਼ਰਮਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਖਾੜੀ ਖੇਤਰ ਦੇ ਦੇਸ਼ਾਂ ਵਿੱਚ ਚੱਲ ਰਹੀ ਜੰਗ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਵੱਲੋਂ ਜ਼ਿਲ੍ਹੇ ਦੇ ਪੈਟਰੋਲੀਅਮ/ਐਲ:ਪੀ:ਜੀ ਅਧਿਕਾਰੀਆਂ ਅਤੇ ਪੈਟਰੋਲ ਪੰਪਾਂ ਅਤੇ ਗੈਸ ਏਜੰਸੀ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਦੇ ਹੋਏ ਦੱਸਿਆ ਕਿ ਜਿਲ੍ਹੇ ਵਿੱਚ ਐਲ.ਪੀ.ਜੀ, ਪੈਟਰੋਲ/ਡੀਜਲ ਦੀ ਕੋਈ ਕਮੀ ਨਹੀਂ ਹੈ ਅਤੇ ਲੋਕਾਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੈਟਰੋਲ, ਡੀਜ਼ਲ ਅਤੇ ਘਰੇਲੂ ਵਰਤੋਂ ਲਈ ਐਲ.ਪੀ.ਜੀ. ਦੀ ਨਿਰੰਤਰ ਸਪਲਾਈ ਯਕੀਨੀ ਬਣਾਉਣ ਲਈ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ।



ਸਰਕਾਰ ਵੱਲੋਂ ਮੌਜੂਦਾ ਹਾਲਾਤਾਂ ਨੂੰ ਧਿਆਨ ਵਿੱਚ ਰੱਖਦਿਆਂ ਸਪਲਾਈ ਚੇਨ ਨੂੰ ਮਜ਼ਬੂਤ ਰੱਖਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ, ਜਿਸ ਕਰਕੇ ਜ਼ਿਲ੍ਹੇ ਵਿੱਚ ਪੈਟਰੋਲ-ਡੀਜ਼ਲ ਅਤੇ ਘਰੇਲੂ ਵਰਤੋਂ ਲਈ ਐਲ.ਪੀ.ਜੀ. ਦੀ ਸਪਲਾਈ ਲੋੜੀਦੀ ਮਾਤਰਾ ਵਿਚ ਉਪਲੱਬਧ ਹੈ।

ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਜਾਂ ਗਲਤ ਜਾਣਕਾਰੀ ਤੋਂ ਪ੍ਰਭਾਵਿਤ ਨਾ ਹੋਣ ਅਤੇ ਬੇਲੋੜੀ ਖਰੀਦਦਾਰੀ ਜਾਂ ਸਟਾਕ ਇਕੱਠਾ ਕਰਨ ਤੋਂ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਸਪਲਾਈ ਪ੍ਰਣਾਲੀ ਉੱਤੇ ਨਿਰੰਤਰ ਨਿਗਰਾਨੀ ਰੱਖੀ ਜਾ ਰਹੀ ਹੈ ਤਾਂ ਜੋ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਾ ਆਵੇ।

ਡਿਪਟੀ ਕਮਿਸ਼ਨਰ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਐੱਲ.ਪੀ.ਜੀ., ਪੈਟਰੋਲ ਜਾਂ ਡੀਜ਼ਲ ਦੀ ਜਮ੍ਹਾਖੋਰੀ, ਕ੍ਰਿਤ੍ਰਿਮ ਕਮੀ ਪੈਦਾ ਕਰਨ ਜਾਂ ਬਲੈਕ ਮਾਰਕੀਟਿੰਗ ਕਰਨ ਵਾਲਿਆਂ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਕਿਸੇ ਨੂੰ ਸਪਲਾਈ ਸਬੰਧੀ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਤੁਰੰਤ ਜ਼ਿਲ੍ਹਾ ਪ੍ਰਸ਼ਾਸਨ ਨਾਲ ਸੰਪਰਕ ਕਰ ਸਕਦੇ ਹਨ।

# ਮੋਗਾ ਰੈਲੀ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਆਵੇਗਾ ਨਵਾਂ ਮੋੜ : ਹਰਦੇਵ ਸਿੰਘ ਉੱਭਾ

**ਲੁਧਿਆਣਾ, 17 ਮਾਰਚ**
**ਕੁਲਦੀਪ ਦੂੱਗਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ Amit Shah ਦੀ ਮੋਗਾ ਵਿੱਚ ਹੋਣ ਵਾਲੀ ਵਿਸ਼ਾਲ ਰੈਲੀ 'ਤੇ ਦੇਸ਼ ਅਤੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੀ ਨਜ਼ਰ ਟਿਕੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਰੈਲੀ ਪੰਜਾਬ ਦੀ ਰਾਜਨੀਤੀ ਵਿੱਚ ਨਵਾਂ ਮੋੜ ਸਾਬਤ ਹੋਵੇਗੀ ਅਤੇ ਸੂਬੇ ਵਿੱਚ ਬਦਲਾਅ ਦੀ ਸ਼ੁਰੂਆਤ ਕਰੇਗੀ।

ਉੱਭਾ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਦੀ ਅਗਵਾਈ ਵਾਲੀ ਸਰਕਾਰ ਹਰ ਮੋਰਚੇ 'ਤੇ ਨਾਕਾਮ ਰਹੀ ਹੈ ਅਤੇ ਕਾਨੂੰਨ-ਵਿਵਸਥਾ, ਬੇਰੋਜ਼ਗਾਰੀ ਤੇ ਨਸ਼ਿਆਂ ਦੇ ਮਸਲੇ ਵਧ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦਾ ਭਰੋਸਾ ਮੌਜੂਦਾ ਸਰਕਾਰ ਤੋਂ ਉੱਠ ਚੁੱਕਾ ਹੈ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਜਨਤਾ ਹੁਣ ਮਜ਼ਬੂਤ ਅਤੇ ਵਿਕਾਸਸ਼ੀਲ ਨੇਤ੍ਰਿਤਵ ਚਾਹੁੰਦੀ ਹੈ ਅਤੇ ਇਹ ਨੇਤ੍ਰਿਤਵ ਸਿਰਫ਼ ਹੀ ਦੇ ਸਕਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮੋਗਾ ਰੈਲੀ ਵਿੱਚ ਪੰਜਾਬ ਦੇ ਕੋਨੇ-ਕੋਨੇ ਤੋਂ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋਣਗੇ ਅਤੇ ਇਹ 2027 ਵਿੱਚ ਆਉਣ ਵਾਲੇ ਵੱਡੇ ਰਾਜਨੀਤਿਕ ਬਦਲਾਅ ਦਾ ਸੰਕੇਤ ਹੋਵੇਗੀ।

# ਕਾਂਸ਼ੀ ਰਾਮ ਦੇ ਜਨਮ ਦਿਵਸ 'ਤੇ ਬਸਪਾ ਦੀ ਰੈਲੀ ਦੀਆਂ ਤਿਆਰੀਆਂ ਮੁਕੰਮਲ: ਬਠੋਈ



**ਪਟਿਆਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਦੇ ਜਨਮ ਦਿਵਸ ਨੂੰ ਸਮਰਪਿਤ ਸੱਤਾ ਪ੍ਰਾਪਤ ਕਰੋ ਮੁਹਿੰਮ ਤਹਿਤ ਜਿਲਾ ਸ਼ਹੀਦ ਭਗਤ ਸਿੰਘ (ਨਵਾਂ ਸ਼ਹਿਰ) ਅਧੀਨ ਆਉਂਦੇ ਬਹਿਰਾਮ ਦੀ ਦਾਣਾ ਮੰਡੀ ਵਿਖੇ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਦੀ ਅਗਵਾਈ ਵਿੱਚ 15 ਮਾਰਚ ਨੂੰ ਹੋਣ ਜਾ ਰਹੀ ਰੈਲੀ ਦੀਆਂ ਤਿਆਰੀਆਂ ਲਗਭਗ ਮੁਕੰਮਲ ਕਰ ਲਈਆਂ ਗਈਆਂ ਹਨ। ਪ੍ਰੈਸ ਨੋਟ ਰਾਹੀਂ ਉਕਤ ਜਾਣਕਾਰੀ ਦਿੰਦਿਆ ਬਸਪਾ ਦੇ ਜਿਲਾ ਇੰਚਾਰਜ ਰੂਪ ਸਿੰਘ ਬਠੋਈ ਅਤੇ ਜਿਲਾ ਸਕੱਤਰ ਚੰਦ ਸਿੰਘ ਭੱਟੀ ਨੇ ਸਾਂਝੇ ਤੌਰ ਤੇ ਦੱਸਿਆ ਕਿ 15 ਮਾਰਚ ਨੂੰ ਸਵੇਰੇ ਦੇ ਸਮੇਂ ਰੈਲੀ ਵਿੱਚ ਸ਼ਾਮਲ ਹੋਣ ਲਈ ਜਿਲਾ ਪੱਧਰ ਤੇ ਲਗਭਗ 500 ਬਸਪਾ ਵਰਕਰ, ਸਮਰੱਥਕ ਬੱਸਾਂ ਰਾਹੀਂ ਰੈਲੀ ਵਿੱਚ ਸ਼ਾਮਲ ਹੋਣਗੇ। ਜਿਨ੍ਹਾਂ ਵਿੱਚ ਹਲਕਾ ਸਮਾਣਾ ਦੇ ਪਿੰਡ ਰਾਮਨਗਰ, ਕਰਹਾਲੀ ਸਾਹਿਬ, ਮਵੀ ਸੱਪਾਂ, ਖੇੜਕੀ, ਚੂਹੜਪੁਰ ਜੱਟਾਂ, ਬਠੋਈ ਕਲਾਂ, ਡਕਾਲਾ, ਕਲਰ ਭੈਣੀ, ਲੰਗੜੋਈ ਆਦਿ ਵੱਖ-ਵੱਖ ਪਿੰਡਾਂ ਤੋਂ ਵੀ ਬਹੁ ਗਿਣਤੀ ਬਸਪਾ ਵਰਕਰ ਅਤੇ ਸਮਰਥਕ ਪਰਿਵਾਰਾਂ ਦਾ ਵੱਡਾ ਕਾਫਲਾ ਸ਼ਾਮਲ ਹੋਵੇਗਾ। ਇਸ ਰੈਲੀ ਵਿੱਚ ਪ੍ਰਤਾਪ ਸਿੰਘ ਕੇਂਦਰੀ ਸੂਬਾ ਇੰਚਾਰਜ, ਰਧਧੀਰ ਸਿੰਘ ਬੈਨੀਵਾਲ ਸੈਂਟਰਲ ਕੋਆਡੀਨੇਟਰ, ਅਜੀਤ ਸਿੰਘ ਭੈਣੀ ਸਟੇਟ ਕੋਆਡੀਨੇਟਰ, ਡਾ. ਨਛੱਤਰ ਪਾਲ ਸਿੰਘ ਵਿਧਾਇਕ ਤੇ ਜ਼ੋਨ ਇੰਚਾਰਜ ਪੰਜਾਬ, ਕੁਲਦੀਪ ਸਿੰਘ ਸਰਦੂਲਗੜ੍ਹ ਚੌਧਰੀ ਗੁਰਨਾਮ ਸਿੰਘ, ਤੀਰਥ ਰਾਜਪੁਰ, ਪੰਜਾਬ ਦੇ ਜ਼ੋਨ ਇੰਚਾਰਜ ਸ਼ਮੂਲੀਅਤ ਕਰਨਗੇ। ਉਹਨਾਂ ਕਿਹਾ ਕਿ ਪਾਰਟੀ ਦੇ ਸੰਸਥਾਪਕ ਕਾਂਸ਼ੀ ਰਾਮ ਦੇ ਜਨਮ ਦਿਵਸ ਮੌਕੇ ਹੋਣ ਜਾ ਰਹੀ ਇਸ ਰੈਲੀ ਪਿੰਡਾਂ ਅਤੇ ਸ਼ਹਿਰਾਂ ਦੇ ਬਸਪਾਂ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

## ਪਟਿਆਲਾ ਡਿਪੂ ਦੇ ਪੀ.ਆਰ.ਟੀ.ਸੀ. ਪੈਨਸ਼ਨਰਾਂ ਦੀ ਮਹੀਨਾਵਾਰ ਮੀਟਿੰਗ ਆਯੋਜਿਤ

**ਪਟਿਆਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਡਿਪੂ ਦੇ ਪੀ.ਆਰ.ਟੀ.ਸੀ. ਪੈਨਸ਼ਨਰਾਂ ਦੀ ਮਹੀਨਾਵਾਰ ਮੀਟਿੰਗ ਹੋਈ। ਜਿਸ ਵਿੱਚ ਵੱਡੀ ਗਿਣਤੀ ਵਿੱਚ ਪੈਨਸ਼ਨਰਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੀ ਪ੍ਰਧਾਨਗੀ ਸ੍ਰ. ਜਗਤਾਰ ਸਿੰਘ ਚੇਅਰਮੈਨ ਨੇ ਕੀਤੀ। ਮੀਟਿੰਗ ਵਿੱਚ ਸਾਰੇ ਬੁਲਾਰਿਆਂ ਨੇ ਮੈਨੇਜਮੈਂਟ ਅਤੇ ਸਰਕਾਰ ਦੀ ਪੈਨਸ਼ਨਰਾਂ ਪ੍ਰਤੀ ਅਣਦੇਖੀ ਦੀ ਮਿਤੀ ਦੀ ਭਰਪੂਰ ਨਿੰਦਾ ਕੀਤੀ ਅਤੇ ਕੇਂਦਰੀ ਬਾਡੀ ਦੀ ਢਿੱਲੀ ਕਾਰਗੁਜਾਰੀ ਉੱਤੇ ਵੀ ਸਵਾਲ ਉਠਾਏ। ਮੀਟਿੰਗ ਨੂੰ ਮੁੱਖ ਤੌਰ ਤੇ ਸਰਵ ਸ੍ਰੀ ਜ਼ੋਗਿੰਦਰ ਸਿੰਘ ਪ੍ਰਧਾਨ, ਸ਼ਿਵ ਕੁਮਾਰ ਸ਼ਰਮਾ ਸਕੱਤਰ ਜਨਰਲ, ਸੂਰਜ ਭਾਨ ਜਨਰਲ ਸਕੱਤਰ, ਗੁਰਦੀਪ ਸਿੰਘ, ਅਨਿਲ ਕੁਮਾਰ, ਸ਼ਿਵ ਕੁਮਾਰ ਮਿੱਤਲ, ਘੋਲਾ ਸਿੰਘ, ਵਿਨੋਦ ਕੌਸ਼ਲ, ਸ਼ਾਦੀ ਸਿੰਘ, ਜਗਤਾਰ ਸਿੰਘ ਚੇਅਰਮੈਨ ਅਤੇ ਜਰਨੈਲ ਸਿੰਘ ਸਲਾਹਕਾਰ ਨੇ ਸੰਬੋਧਨ ਕੀਤਾ। ਸਾਰੇ ਬੁਲਾਰਿਆਂ ਨੇ ਖਾਸ ਤੌਰ ਤੇ ਸਰਕਾਰ ਵਿਰੁੱਧ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਨਾਲ ਤਾਲਮੇਲ ਅਤੇ ਸਹਿਯੋਗ ਕਰਨ ਤੇ ਜ਼ੋਰ ਦਿੱਤਾ। ਪੈਨਸ਼ਨ, ਤਨਖਾਹ, ਪੇ ਕਮਿਸ਼ਨ ਦੇ ਬਕਾਏ, ਰਿਟਾਇਰ ਹੋਏ ਕਰਮਚਾਰੀਆਂ ਦੇ ਭੱਤੇ ਅਤੇ ਮੈਡੀਕਲ ਬਿੱਲਾਂ ਦੀ ਅਦਾਇਗੀ ਨਾ ਕਰਨ ਕਰਕੇ ਪ੍ਰਬੰਧਕਾਂ ਦੀ ਨਿਖੇਧੀ ਕੀਤੀ।

ਸ੍ਰ. ਮਹਿੰਦਰ ਸਿੰਘ ਸੋਹੀ ਨੇ ਸਾਰਿਆਂ ਦਾ ਹਾਜਰੀ ਭਰਨ ਲਈ ਧੰਨਵਾਦ ਕੀਤਾ। ਸਟੇਜ਼ ਦੀ ਕਾਰਵਾਈ ਸ਼ਿਵ ਕੁਮਾਰ ਸ਼ਰਮਾ ਸਕੱਤਰ ਜਨਰਲ ਨੇ ਬਾਖੂਬੀ ਨਿਭਾਈ। ਮੀਟਿੰਗ ਦੀ ਸਫਲਤਾ ਲਈ ਸਰਵ ਸ੍ਰੀ ਬਖਸ਼ੀਸ਼ ਸਿੰਘ, ਬੀਰ ਸਿੰਘ, ਸੁਖਦੇਵ ਸਿੰਘ ਭੂਪਾ, ਤਰਲੋਕ ਸਿੰਘ ਪੇਂਟਰ, ਬਲਵੰਤ ਸਿੰਘ, ਸੁਰਿੰਦਰ ਬੇਦੀ, ਗੁਰਦੀਪ ਸਿੰਘ ਅਤੇ ਨਿਰਪਾਲ ਸਿੰਘ ਨੇ ਭਰਪੂਰ ਯੋਗਦਾਨ ਪਾਇਆ।

# ਟੀਮ ਹਿਊਮਨ ਸਰਵਿਸ ਸੋਸਾਇਟੀ ਨੇ ਯੂ.ਪੀ.ਐਸ.ਸੀ. ਗਰਗ ਵੱਲੋਂ 64ਵਾਂ ਸਥਾਨ ਹਾਸਲ ਕਰਨ 'ਤੇ ਸਨਮਾਨਿਤ

**ਪਟਿਆਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਟੀਮ ਹਿਊਮਨ ਸਰਵਿਸ ਸੋਸਾਇਟੀ ਵੱਲੋਂ ਯੂ.ਪੀ.ਐਸ.ਸੀ. 2025 ਨਤੀਜਾ ਭਾਰਤ ਵਿੱਚ ਜੈਅੰਤ ਗਰਗ ਵਲੋਂ 64ਵਾਂ ਸਥਾਨ ਹਾਸਲ ਕਰਕੇ ਪਟਿਆਲਾ ਦਾ ਨਾਮ ਭਾਰਤ ਵਿੱਚ ਰੋਸ਼ਨ ਕਰਨ ਤੇ ਸਨਮਾਨਿਤ ਕੀਤਾ ਗਿਆ।

ਟੀਮ ਹਿਊਮਨ ਸਰਵਿਸ ਸੋਸਾਇਟੀ ਪੰਜਾਬ ਵੱਲੋਂ ਪਟਿਆਲਾ ਦਾ ਨਾਮ ਭਾਰਤ ਵਿੱਚ ਰੋਸ਼ਨ ਕਰਨ ਤੇ ਗੁਲਦਸਤਾ, ਸਿਰੋਪਾ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਜਤਿੰਦਰ ਸ਼ਰਮਾ ਨੇ ਦੱਸਿਆ ਕਿ ਉਹਨਾਂ ਦੇ ਪਿਤਾ ਰਾਜ ਕੁਮਾਰ ਗਰਗ ਤੇ ਮਾਤਾ ਰੇਨੂੰ ਬਾਲਾ ਅਤੇ ਉਹਨਾਂ ਦੀ ਪਤਨੀ ਅਰਪਨਾ ਨੇ ਇਸ ਮੁਕਾਮ ਤੇ ਪਹੁੰਚਣ ਵਾਸਤੇ ਉਹਨਾਂ ਦਾ ਬਹੁਤ ਸਾਥ ਦਿੱਤਾ। ਉਹ ਪਰਿਵਾਰ ਸ਼ੁਰੂ ਤੋਂ ਹੀ ਬਹੁਤ ਮੇਹਨਤੀ ਤੇ ਇਮਾਨਦਾਰ ਹੈ। ਮਾਤਾ-ਪਿਤਾ ਦੋਵੇਂ ਸਰਕਾਰੀ ਸੇਵਾ ਇਮਾਨਦਾਰੀ ਨਾਲ ਨਿਭਾ ਕੇ ਰਿਟਾਇਰ ਹੋਏ ਹਨ।

ਜੈਅੰਤ ਗਰਗ ਨੇ ਆਰਮਸ ਟਰੈਫਿਕ ਸਿਵਲ ਸਰਵਿਸ ਵਿੱਚ ਸੇਵਾ ਨਿਭਾਦੇ ਹੋਏ ਦਿਨ ਰਾਤ ਇੱਕ ਕਰਕੇ ਇਹ ਮੁਕਾਮ ਹਾਸਿਲ ਕੀਤਾ ਹੈ। ਇਹ ਖੁਸ਼ੀ ਦੇ ਮੌਕੇ ਤੇ ਵਿਸ਼ੇਸ਼ ਤੌਰ ਤੇ ਪੰਜਾਬ ਪ੍ਰਧਾਨ ਜਤਿੰਦਰ ਸ਼ਰਮਾ, ਰਿਟਾਇਰਡ ਕਮਾਡੈਂਟ ਪਵਨ ਕੁਮਾਰ, ਨੈਸ਼ਨਲ ਬੋਕਸਰ ਸਾਹਿਲ ਸ਼ਰਮਾ, ਬੋਕਸਰ ਸੂਰਜ ਸ਼ਰਮਾ, ਰਾਜ ਕੁਮਾਰ ਗਰਗ, ਰੈਨੂੰ ਬਾਲਾ, ਅਰਪਨਾ, ਫਰਿਜੀ ਗੋਇਲ ਤੇ ਟੀਮ ਮੈਂਬਰ ਮੌਜੂਦ ਰਹੇ।





**ਸਿਹਤ ਰੂਪੀ ਰੁੱਖ ਦੀਆਂ ਜੜ੍ਹਾਂ ਦਿਮਾਗ਼ ਵਿਚ ਹੁੰਦੀਆਂ ਹਨ। ਜਦੋਂ ਇਹ ਸਹੀ ਰੂਪ 'ਚ ਕੰਮ ਕਰਦਾ ਰਹੇ ਤਾਂ ਸਿਹਤ ਦਾ ਫੁੱਲ ਖਿੜਦਾ ਹੈ**

# ਦਿਮਾਗ਼ ਨੂੰ ਰੱਖੋ ਸਿਹਤਮੰਦ

ਅੱਜ ਮਾਈਗ੍ਰੇਨ, ਬ੍ਰੇਨ ਸਟਰੋਕ, ਅਲਜ਼ਾਈਮਰਜ਼, ਡਿਮੈਂਸ਼ੀਆ ਆਦਿ ਬਿਮਾਰੀਆਂ ਦੇ ਮਾਮਲੇ ਵੱਧਦੇ ਹੀ ਜਾ ਰਹੇ ਹਨ। ਇਸ ਤੋਂ ਜ਼ਾਹਿਰ ਹੈ ਕਿ ਅਸੀਂ ਆਪਣੀ ਦਿਮਾਗ਼ ਦੀ ਸਹੀ ਦੇਖਭਾਲ ਅਤੇ ਸਿਹਤ ਪ੍ਰਤੀ ਅਵੇਸਲੇ ਹੋ ਚੁੱਕੇ ਹਾਂ ਜਦਕਿ ਲੋੜ ਤਾਂ ਇਹ ਹੈ ਕਿ ਅੱਜ ਦੀ ਭੱਜਨੱਠ ਅਤੇ ਤਣਾਅ ਵਾਲੀ ਜ਼ਿੰਦਗੀ ਵਿਚ ਦਿਮਾਗ਼ ਦੀ ਸਿਹਤ ਦਾ ਧਿਆਨ ਰੱਖਣਾ ਸਭ ਤੋਂ ਜ਼ਰੂਰੀ ਹੈ। ਦਿਮਾਗ਼ ਨਾਲ ਸਬੰਧਤ ਸਮੱਸਿਆਵਾਂ ਪ੍ਰਤੀ ਜਾਗਰੂਕ ਹੋ ਕੇ ਅਸੀਂ ਇਨ੍ਹਾਂ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ।

ਅਮਰੀਕਾ ਦੇ ਡਾ. ਸਿਊਸ ਦੇ ਨਾਂ ਨਾਲ ਪ੍ਰਸਿੱਧ ਬਾਲ ਲੇਖਕ ਥੀਓਡੋਰ ਸਿਊਸ ਗਿਸੇਲ ਨੇ ਇਕ ਵਾਰ ਬੜੀ ਮਜ਼ੇਦਾਰ ਗੱਲ ਕੀਤੀ ਸੀ। ਉਨ੍ਹਾਂ ਆਪਣੀਆਂ ਕਹਾਣੀਆਂ ਦੇ ਅਨੋਖੇ ਪਲਾਟ 'ਤੇ ਟਿੱਪਣੀ ਕਰਦਿਆਂ ਕਿਹਾ ਸੀ ਕਿ 'ਮੈਨੂੰ ਨਾਨਸੈਂਸ ਬਹੁਤ ਪਸੰਦ ਹੈ। ਇਸ ਵਿਚ ਮੇਰੇ ਦਿਮਾਗ਼ ਦੀਆਂ ਕੋਸ਼ਿਕਾਵਾਂ ਸਰਗਰਮ ਹੋ ਜਾਂਦੀਆਂ ਹਨ।' ਸ਼ਾਇਦ ਉਹ ਜਾਣਦੇ ਸਨ ਕਿ ਸਰੀਰਕ ਅਤੇ ਮਾਨਸਿਕ ਸਮਰੱਥਾ ਨੂੰ ਵਧਾਉਣ ਲਈ ਦਿਮਾਗ਼ ਨੂੰ ਕਿਰਿਆਸ਼ੀਲ ਰੱਖਣਾ ਕਿੰਨਾ ਜ਼ਰੂਰੀ ਹੈ। ਅੱਜ ਦੀ ਮੈਡੀਕਲ ਦੁਨੀਆ ਵਿਚ ਇਹ ਗੱਲ ਸਾਬਤ ਹੋ ਚੁੱਕੀ ਹੈ ਜੋ ਕਈ ਸਾਲ ਪਹਿਲਾਂ ਇਕ ਕਹਾਵਤ ਵਿਚ ਪ੍ਰਚਲਿਤ ਸੀ। ਕਹਾਵਤ ਸੀ 'ਸਿਹਤ ਰੂਪੀ ਰੁੱਖ ਦੀਆਂ ਜੜ੍ਹਾਂ ਦਿਮਾਗ਼ ਵਿਚ ਹੁੰਦੀਆਂ ਹਨ। ਜਦੋਂ ਇਹ ਮਿਲ ਕੇ ਕੰਮ ਕਰਦੇ ਹਨ ਤਾਂ ਸਿਹਤ ਦਾ ਫੁੱਲ ਖਿੜਦਾ ਹੈ' ਪਰ ਸਿਹਤ ਪ੍ਰਤੀ ਜਾਗਰੂਕਤਾ ਦੇ ਇਸ ਦੌਰ ਵਿਚ ਦਿਮਾਗ਼ ਦੀ ਸਿਹਤ 'ਤੇ ਓਨਾ ਧਿਆਨ ਨਹੀਂ ਦਿੱਤਾ ਜਾਂਦਾ ਜਿੰਨਾ ਮਹੱਤਵਪੂਰਨ ਇਹ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਮਾਈਗ੍ਰੇਨ ਆਮ ਗੱਲ ਹੋ ਗਈ ਹੈ। ਡਿਮੈਂਸ਼ੀਆ ਭਾਵ ਯਾਦਾਸ਼ਤ ਕਮਜ਼ੋਰ ਹੋਣ ਦੇ ਮਾਮਲੇ ਵੱਧ ਰਹੇ ਹਨ ਅਤੇ ਪਾਰਕੀਸਨ ਅਤੇ ਅਲਜ਼ਾਈਮਰਜ਼ ਵਰਗੀਆਂ ਬਿਮਾਰੀਆਂ ਅੱਜ ਦੇ ਮਨੁੱਖ ਲਈ ਵੱਡੀ ਵੰਗਾਰ ਬਣ ਰਹੀਆਂ ਹਨ

**ਬ੍ਰੇਨ ਸਟਰੋਕ, ਅਲਜ਼ਾਈਮਰ, ਡਿਮੈਂਸ਼ੀਆ ਆਦਿ ਰੋਗ ਆਧੁਨਿਕ ਜੀਵਨ ਸ਼ੈਲੀ ਦੀ ਦੇਣ ਹਨ**

**ਕਈ ਸੈੱਲਾਂ ਅਤੇ ਟਿਸ਼ੂਆਂ ਦੇ ਸੁਮੇਲ ਨਾਲ ਬਣਿਆ ਦਿਮਾਗ਼ ਬੇਹੱਦ ਸੰਵੇਦਨਸ਼ੀਲ ਅੰਗ ਹੈ। ਤਣਾਅ ਤੇ ਕੁਪੋਸ਼ਣ ਦਿਮਾਗ਼ੀ ਸਿਹਤ ਨੂੰ ਨੁਕਸਾਨ ਪਹੁੰਚਾਉਂਦੇ ਹਨ**

## ਕੀ ਹੈ ਦਿਮਾਗ਼ੀ ਸਿਹਤ

ਸਰੀਰ ਦੇ ਕਿਸੇ ਵੀ ਹੋਰ ਅੰਗ ਵਾਂਗ ਦਿਮਾਗ਼ ਵੀ ਕਈ ਤਰ੍ਹਾਂ ਦੇ ਸੈਲਾਂ ਅਤੇ ਟਿਸ਼ੂਆਂ ਨਾਲ ਮਿਲ ਕੇ ਬਣਿਆ ਹੁੰਦਾ ਹੈ। ਫ਼ਰਕ ਸਿਰਫ਼ ਇਹੀ ਹੈ ਕਿ ਇਸ ਦੀ ਬਣਤਰ ਅਤੇ ਕਿਰਿਆਵਾਂ ਹੋਰ ਅੰਗਾਂ ਦੇ ਮੁਕਾਬਲੇ ਕਿਤੇ ਵੱਧ ਗੁੰਝਲਦਾਰ ਹੈ। ਇਹ ਬੇਹੱਦ ਸੰਵੇਦਨਸ਼ੀਲ ਅੰਗ ਹੈ। ਤਣਾਅ, ਕੁਪੋਸ਼ਣ ਜਾਂ ਉਨੀਂਦਰਾ ਇਸ ਨੂੰ ਨੁਕਸਾਨ ਪਹੁੰਚਾਉਂਦੇ ਹਨ। ਜੇ ਤੁਸੀਂ ਸਮੇਂ ਦੇ ਨਾਲ ਆਪਣੇ ਦਿਮਾਗ਼ ਨੂੰ ਤਰੋਤਾਜ਼ਾ ਰੱਖਦੇ ਹੋ ਅਤੇ ਉਮਰ ਦੇ ਨਾਲ ਇਸ ਦੀ ਸਿਹਤ 'ਚ ਕੋਈ ਕਮੀ ਨਜ਼ਰ ਨਹੀਂ ਆਉਂਦੀ ਤਾਂ ਮਤਲਬ ਇਹ ਹੈ ਕਿ ਤੁਸੀਂ 100 ਬਿਲੀਅਨ ਕੋਸ਼ਿਕਾਵਾਂ ਨੂੰ ਸਿਹਤਯਾਬ ਰੱਖਿਆ ਹੋਇਆ ਹੈ। ਜਦੋਂ ਅਸੀਂ ਕੋਈ ਕੰਮ ਕਰਦੇ ਹਾਂ ਤਾਂ ਸਾਰੀਆਂ ਕੋਸ਼ਿਕਾਵਾਂ ਆਪਸ ਵਿਚ ਸੰਵਾਦ ਕਰਦੀਆਂ ਹਨ। ਇਸ ਸੰਵਾਦ ਵਿਚ ਕੋਈ ਰੁਕਾਵਟ ਨਾ ਹੋਣ ਦਾ ਮਤਬਲ ਵੀ ਦਿਮਾਗ਼ ਦਾ ਸਿਹਤਮੰਦ ਹੋਣਾ ਹੈ। ਸਿਹਤਮੰਦ ਦਿਮਾਗ਼ ਦਾ ਅਰਥ ਹੈ ਵਰਤਮਾਨ ਵਿਚ ਬਿਹਤਰ ਮਾਨਸਿਕ ਅਤੇ ਸਰੀਰਕ ਸਮਰੱਥਾ। ਦਿਮਾਗ਼ ਸਿਹਤਮੰਦ ਹੈ ਤਾਂ ਭੁੱਲਣ ਦੀ ਸਮੱਸਿਆ, ਡਿਮੈਂਸ਼ੀਆ, ਅਲਜ਼ਾਈਮਰਜ਼, ਪਾਰਕੀਸਨ, ਬ੍ਰੇਨ ਸਟਰੋਕ ਜਾਂ ਬ੍ਰੇਨ ਹੈਮਰੇਜ, ਮਾਈਗ੍ਰੇਨ ਵਰਗੀਆਂ ਘਾਤਕ ਬਿਮਾਰੀਆਂ ਤੋਂ ਬਚਾਅ ਦੀ ਸੰਭਾਵਨਾ ਤੋਂ ਬਚਾਅ ਵੀ ਕਈ ਗੁਣਾ ਵੱਧ ਜਾਂਦੀ ਹੈ। ਜੇ ਅਚਾਨਕ ਤੁਹਾਡਾ ਉਚਾਰਣ ਅਸਪਸ਼ਟ ਹੋਣ ਲੱਗੇ, ਥਥਲਾਉਣ, ਯਾਦਸ਼ਕਤੀ ਪ੍ਰਭਾਵਿਤ ਹੋਣ ਵਰਗੀਆਂ ਸਮੱਸਿਆਵਾਂ ਆਉਣ ਲੱਗਣ, ਸਿਰਦਰਦ, ਵਾਰ-ਵਾਰ ਹੱਥ ਪੈਰ ਸੁੰਨ ਹੋਣ ਜਾਣ ਤਾਂ ਇਹ ਸੰਕੇਤ ਹੈ ਕਿ ਦਿਮਾਗ਼ ਵਿਚ ਕੁਝ ਵਿਕਾਰ ਆ ਚੁੱਕਾ ਹੈ।

## ਆਧੁਨਿਕ ਜੀਵਨਸ਼ੈਲੀ ਨੇ ਵਧਾਈਆਂ ਮੁਸ਼ਕਿਲਾਂ

ਭਾਰਤੀ ਪਰੰਪਰਾ ਵਿਚ ਜਲਦੀ ਸੌਣਾ ਅਤੇ ਜਲਦੀ ਉੱਠਣ ਦਾ ਨੇਮ ਸੀ। ਦਿਨ ਵਿਚ ਦੋ ਵਾਰ ਖਾਣਾ, ਨੇਮਬੱਧ ਕਸਰਤ, ਲੰਮਾ ਪੈਂਡਾ ਪੈਦਲ ਚੱਲਣਾ ਆਦਿ ਸਾਡੀ ਜੀਵਨ ਸ਼ੈਲੀ ਦਾ ਅਨਿੱਖੜਵਾਂ ਅੰਗ ਸਨ। ਇਸ ਲਈ ਇਨ੍ਹਾਂ ਨੂੰ ਆਪਣੀ ਜੀਵਨਸ਼ੈਲੀ ਵਿਚ ਉਚੇਚੇ ਤੌਰ 'ਤੇ ਸ਼ਾਮਿਲ ਕਰਨ ਦੀ ਲੋੜ ਨਹੀਂ ਸੀ ਪੈਂਦੀ। ਇਸ ਨਜ਼ਰੀਏ ਤੋਂ ਅਜੋਕੀ ਜੀਵਨਸ਼ੈਲੀ ਦੇਖੀਏ ਤਾਂ ਅਨੁਸ਼ਾਸਨ ਨਾਂ ਦੀ ਚੀਜ਼ ਹੀ ਨਹੀਂ ਹੈ। ਜੰਕ ਫੂਡ, ਤਲਿਆ ਭੁੱਜਿਆ ਭੋਜਨ, ਤਿੰਨ ਵਾਰ ਖਾਣਾ ਆਦਿ ਆਦਤਾਂ ਸਾਡੀ ਜੀਵਨਸ਼ੈਲੀ ਦਾ ਹਿੱਸਾ ਹਨ। ਇਹ ਹਾਈ ਕੌਲੈਸਟਰੌਲ ਦਾ ਕਾਰਨ ਬਣਦੇ ਹਨ। ਨਤੀਜੇਵੱਸ ਨਾੜੀਆਂ ਕਮਜ਼ੋਰ ਹੁੰਦੀਆਂ ਹਨ ਜਿਸ ਨਾਲ ਹਾਰਟ ਅਟੈਕ, ਡਾਇਬਟੀਜ਼, ਬ੍ਰੇਨ ਸਟਰੋਕ ਆਦਿ ਦਾ ਖ਼ਤਰਾ ਵੱਧ ਜਾਂਦਾ ਹੈ।

## ਚਾਲ ਸੁਆਰੇ ਦਿਮਾਗ਼ ਦਾ ਹਾਲ

ਨਿਊਰੋਲਾਜਿਸਟ ਮੁਤਾਬਕ ਦਿਮਾਗ਼ੀ ਸਿਹਤ ਲਈ ਟਹਿਲਣਾ ਬਹੁਤ ਪ੍ਰਭਾਵੀ ਹੈ। ਸਾਲ 2014 ਵਿਚ ਪਿਟਰਬਰਗਜ਼ ਯੂਨੀਵਰਸਿਟੀ ਦੇ ਇਕ ਅਧਿਐਨ ਮੁਤਾਬਕ ਜੇ ਤੁਸੀਂ ਹਫਤੇ ਵਿਚ ਤਿੰਨ ਵਾਰ ਸਾਧਾਰਨ ਗਤੀ ਨਾਲ ਕੁਝ ਦੂਰ ਟਹਿਲਦੇ ਹੋ ਤਾਂ ਇਹ ਤੁਹਾਡੇ ਦਿਮਾਗ਼ ਦੇ ਹਿੱਪੋਕੈਂਪਸ ਨਾਂ ਦੇ ਹਿੱਸੇ ਨੂੰ ਸਹੀ ਆਕਾਰ ਵਿਚ ਰੱਖਦਾ ਹੈ। ਹਿੱਪੋਕੈਂਪਸ, ਦਿਮਾਗ਼ ਦੀ ਯਾਦਸ਼ਕਤੀ ਦਾ ਕੇਂਦਰ ਮੰਨਿਆ ਜਾਂਦਾਹੈ, ਇਹ ਜਦੋਂ ਨਸ਼ਟ ਹੋ ਜਾਂਦਾ ਹੈ ਤਾਂ ਵਿਅਕਤੀ ਅਲਜ਼ਾਈਮਰ ਰੋਗ ਨਾਲ ਗ੍ਰਸਤ ਹੋ ਜਾਂਦਾ ਹੈ। ਬ੍ਰੇਨ ਪਲਾਸਟੀਸਿਟੀ ਦੇ ਖੇਤਰ ਵਿਚ ਅਮਰੀਕਾ ਦੇ ਡਾ. ਮਾਈਕਲ ਮਰਜੈਨਿਕ ਦਿਮਾਗ਼ੀ ਸਿਹਤ ਲਈ ਲਗਾਤਾਰ ਸਿੱਖਣ ਦੀ ਪ੍ਰਕਿਰਿਆ 'ਤੇ ਜ਼ੋਰ ਦਿੰਦੇ ਹਨ। ਸੁਡੋਕੂ ਹੱਲ ਕਰਨਾ, ਭਾਸ਼ਾਵਾਂ ਸਿੱਖਣਾ ਜਾਂ ਕੁਝ ਨਵਾਂ ਸਿੱਖਣ 'ਤੇ ਦਿਮਾਗ਼ ਵਿਚ ਇਕ ਨਵਾਂ ਯਾਦ-ਖੇਤਰ ਬਣਦਾ ਹੈ। ਉਂਜ ਹਰ ਵਿਅਕਤੀ ਵਿਚ ਦਿਮਾਗ਼ੀ ਸਰਗਰਮੀ ਦਾ ਪੱਧਰ ਵੱਖਰਾ ਹੋ ਸਕਦਾ ਹੈ। ਇਕ ਪ੍ਰੋਫੈਸਰ ਲਈ ਸੁਡੋਕੂ ਹੱਲ ਕਰਨਾ ਦਿਮਾਗ਼ੀ ਅਭਿਆਸ ਮੰਨਿਆ ਜਾਵੇਗਾ ਪਰ ਇਕ ਪੇਂਡੂ ਵਿਅਕਤੀ ਲਈ ਗਿਣਤੀ ਸਿੱਖਣਾ ਵੀ ਇਕ ਨਵਾਂ ਅਭਿਆਸ ਹੈ।

## ਬਦਲੀਆਂ ਹਨ ਧਾਰਨਾਵਾਂ

ਆਧੁਨਿਕ ਮੈਡੀਕਲ ਵਿਗਿਆਨ ਨੇ ਇਹ ਵੀ ਸਾਬਿਤ ਕੀਤਾ ਹੈ ਕਿ ਦਿਮਾਗ਼ ਖ਼ੁਦ ਨੂੰ ਲਗਾਤਾਰ ਬਦਲਦਾ ਅਤੇ ਵਿਕਸਿਤ ਕਰਦਾ ਚੱਲਦਾ ਹੈ। ਜਦੋਂ ਅਸੀਂ ਕੁਝ ਨਵਾਂ ਸਿੱਖਦੇ ਹਾਂ ਤਾਂ ਇਸ ਦੀ ਸਰੀਰਕ ਬਣਤਰ ਵਿਚ ਕੁਝ ਬਦਲਾਅ ਆਉਂਦਾ ਹੈ। ਅਧਿਐਨ ਸਾਬਤ ਕਰਦੇ ਹਨ ਕਿ ਉਮਰ-ਦਰਾਜ਼ ਦਿਮਾਗ਼ ਵੀ ਲਚੀਲਾ ਹੁੰਦਾ ਹੈ ਭਾਵ ਉਸ ਵਿਚ ਵੀ ਵਿਕਾਸ ਦੀ ਸੰਭਾਵਨਾ ਹੁੰਦੀ ਹੈ। ਇਸ ਨੂੰ ਬ੍ਰੇਨ ਪਲਾਸਟੀਸਿਟੀ ਜਾਂ ਨਿਊਰੋ ਪਲਾਸਟੀਸਿਟੀ ਕਿਹਾ ਜਾਂਦਾ ਹੈ। ਇਸ ਨੇ ਵਡੇਰੀ ਉਮਰ ਵਿਚ ਵੀ ਦਿਮਾਗ਼ ਨੂੰ ਫਿੱਟ ਰੱਖਣ ਪ੍ਰਤੀ ਨਵੀਆਂ ਸੰਭਾਵਨਾਵਾਂ ਜਗਾਈਆਂ ਹਨ।



## ਕਿਹੋ ਜਿਹਾ ਹੋਵੇ ਖਾਣਾ

ਸਿਹਤ ਲਈ ਭੋਜਦ ਦੇ ਸੰਤੁਲਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਇਹ ਦਿਮਾਗ਼ 'ਤੇ ਵੀ ਲਾਗੂ ਹੁੰਦਾ ਹੈ। ਦਿਮਾਗ਼ੀ ਸਿਹਤ ਅਤੇ ਭੋਜਨ ਵਿਚਾਲੇ ਡੂੰਘਾ ਸਬੰਧ ਹੁੰਦਾ ਹੈ। ਗ਼ਲਤ ਤਰੀਕੇ ਨਾਲ ਕੀਤੀ ਡਾਇਟਿੰਗ ਦਿਮਾਗ਼ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਇਸ ਲਈ ਡਾਈਟ ਨੂੰ ਲੈ ਕੇ ਕੁਝ ਗੱਲਾਂ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਸੰਤੁਲਿਤ ਭੋਜਨ ਭਾਵ ਅਨਾਜ, ਸਬਜ਼ੀਆਂ, ਫਲ, ਹਰੀਆਂ ਸਬਜ਼ੀਆਂ ਆਦਿ ਭਰਪੂਰ ਮਾਤਰਾ ਵਿਚ ਲਓ। ਓਮੇਗਾ ਥ੍ਰੀ ਨੂੰ ਦਿਮਾਗ਼ ਦਾ ਬਿਲਡਿੰਗ ਬਲਾਕ ਕਿਹਾ ਜਾਂਦਾ ਹੈ। ਵਿਟਾਮਿਨ ਈ ਵੀ ਦਿਮਾਗ਼ੀ ਸਿਹਤ ਲਈ ਬਹੁਤ ਜ਼ਰੂਰੀ ਹੈ। ਐਂਟੀ ਆਕਸੀਡੈਂਟ ਵੀ ਭੋਜਨ ਵਿਚ ਮਹੱਤਵਪੂਰਨ ਹੈ। ਇਸ ਲਈ ਸੁੱਕੇ ਮੇਵੇ ਜਿਵੇਂ ਬਦਾਮ, ਅਖਰੋਟ, ਕੱਦੂ ਦੇ ਬੀਜ, ਪਾਲਕ ਵਰਗੇ ਗੂੜ੍ਹੇ ਹਰੇ ਰੰਗ ਦੀਆਂ ਪੱਤੇਦਾਰ ਸਬਜ਼ੀਆਂ, ਅੰਡੇ, ਮੱਛੀ ਆਦਿ ਨੂੰ ਵੀ ਭੋਜਨ ਵਿਚ ਸ਼ਾਮਿਲ ਕਰੋ। ਤੇਲ-ਚਰਬੀਯੁਕਤ ਭੋਜਨ ਤੋਂ ਪਰਹੇਜ਼ ਕਰੋ ਕਿਉਂਕਿ ਇਸ ਨਾਲ ਸਟਰੋਕ ਦਾ ਖ਼ਤਰਾ ਵੱਧਦਾ ਹੈ। ਤਲਿਆ-ਭੁੱਜਿਆ ਭੋਜਨ, ਜੰਕ ਫੂਡ, ਬੇਵਕਤੇ ਖਾਣ ਤੋਂ ਬਚੋ ਕਿਉਂਕਿ ਅਜਿਹਾ ਕਰਨਾ ਅਲਜ਼ਾਈਮਰ ਨੂੰ ਸੱਦਾ ਦੇਣਾ ਹੈ। ਸਿਹਤ ਦੀ ਜੜ੍ਹ ਭਾਵ ਦਿਮਾਗ਼ ਨੂੰ ਤੰਦਰੁਸਤ ਰੱਖ ਸਕਦੇ ਹਾਂ। •

**ਓਮੇਗਾ ਥ੍ਰੀ ਨੂੰ ਦਿਮਾਗ਼ ਦਾ ਬਿਲਡਿੰਗ ਬਲਾਕ ਕਿਹਾ ਜਾਂਦਾ ਹੈ। ਵਿਟਾਮਿਨ ਈ ਵੀ ਦਿਮਾਗ਼ੀ ਸਿਹਤ ਲਈ ਬਹੁਤ ਜ਼ਰੂਰੀ ਹੈ। ਭੋਜਨ ਵਿਚ ਐਂਟੀ ਆਕਸੀਡੈਂਟ ਵੀ ਮਹੱਤਵਪੂਰਨ ਹੈ।**

# ਇੰਜ ਕਰੋ ਬੱਚਿਆਂ ਦਾ ਦਿਮਾਗ਼ ਤੇਜ਼

ਸਿਰਫ਼ ਪਰੀਖਿਆਵਾਂ ਦੇ ਦਿਨਾਂ 'ਚ ਹੀ ਨਹੀਂ, ਸਗੋਂ ਬੱਚਿਆਂ ਦਾ ਦਿਮਾਗ਼ ਹਰ ਸਮੇਂ ਸਿਹਤਮੰਦ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਤੁਸੀਂ ਖਾਣ-ਪੀਣ ਤੋਂ ਲੈ ਕੇ ਹਰ ਕਈ ਤਰੀਕੇ ਵੀ ਅਪਣਾਉਂਦੇ ਹੋਵੋਗੇ ਤਾਂ ਕਿ ਬੱਚਿਆਂ ਦਾ ਦਿਮਾਗ਼ ਤੇਜ਼ ਹੋਵੇ ਤੇ ਉਹ ਪੜ੍ਹਾਈ ਵਿਚ ਬਿਹਤਰ ਕਾਰਗੁਜ਼ਾਰੀ ਦਿਖਾ ਸਕਣ। ਆਓ ਜਾਣਦੇ ਹਾਂ ਕੁਝ ਪ੍ਰਭਾਵੀ ਅਤੇ ਆਸਾਨ ਤਰੀਕੇ, ਜੋ ਤੁਹਾਡੇ ਅੱਖਾਂ ਦੇ ਤਾਰਿਆਂ ਦਾ ਦਿਮਾਗ਼ ਤੇਜ਼ ਕਰਨ 'ਚ ਸਹਾਈ ਹੋ ਸਕਦੇ ਹਨ :

- ਦਿਮਾਗ਼ ਤੇਜ਼ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ ਦਿਮਾਗ਼ੀ ਕਸਰਤ। ਇਸ ਲਈ ਤੁਸੀਂ ਬੱਚਿਆਂ ਨਾਲ ਕੋਈ ਪ੍ਰਸ਼ਨ-ਉੱਤਰ ਵਾਲੀ ਖੇਡ, ਸ਼ਬਦਕੋਸ਼ ਭਰਨਾ ਜਾਂ ਸਹੀ ਜਵਾਬ ਲੱਭਣ ਨਾਲ ਸਬੰਧਤ ਕੋਈ ਖੇਡ ਚੁਣ ਸਕਦੇ ਹੋ। ਦੋਸਤਾਂ ਨਾਲ ਵੀ ਬੱਚੇ ਅਜਿਹੀਆਂ ਖੇਡਾਂ ਖੇਡ ਸਕਦੇ ਹਨ। ਇਸ ਨਾਲ ਬੱਚਿਆਂ ਦੀ ਯਾਦਸ਼ਕਤੀ ਵਧਾਉਣ ਅਤੇ ਯਾਦ ਰੱਖਣ ਦੀ ਇੱਛਾ ਵੀ ਬਰਕਰਾਰ ਰਹੇਗੀ।
- ਬੱਚਿਆਂ ਨੂੰ ਘੱਟ ਉਮਰੇ ਹੀ ਨਵੀਆਂ ਭਾਸ਼ਾਵਾਂ ਦਾ ਗਿਆਨ ਕਰਵਾਉਣ ਨਾਲ ਉਨ੍ਹਾਂ ਦਾ ਦਿਮਾਗ਼ ਅਜਿਹੇ ਬੱਚਿਆਂ ਦੇ ਮੁਕਾਬਲੇ ਤੇਜ਼ ਚੱਲਦਾ ਹੈ ਜੋ ਸਿਰਫ਼ ਇਕ ਭਾਸ਼ਾ ਹੀ ਜਾਣਦੇ ਹਨ। ਇਸ ਢੰਗ ਨਲ ਬੱਚੇ ਵਿਚ ਹੋਰ ਵੀ ਯੋਗਤਾਵਾਂ ਵਿਕਸਿਤ ਹੁੰਦੀਆਂ ਹਨ।
- ਬੱਚੇ ਖੇਡ-ਕੁੱਦ ਵਿਚ ਜਿੰਨੇ ਫੁਰਤੀਲੇ ਹੁੰਦੇ ਹਨ, ਉਨ੍ਹਾਂ ਦਾ ਦਿਮਾਗ਼ ਵੀ ਤੇਜ਼ ਅਤੇ ਸਰਗਰਮ ਹੁੰਦਾ ਹੈ। ਇਸ ਤਰ੍ਹਾਂ ਨਾਲ ਬੱਚਿਆਂ ਦੇ ਦਿਮਾਗ਼ ਵਿਚ ਆਕਸੀਜਨ ਦਾ ਵਹਾਅ ਵੀ ਸਹੀ ਰਹਿੰਦਾ ਹੈ ਜੋ ਦਿਮਾਗ਼ੀ ਸਿਹਤ ਲਈ ਲਾਭਦਾਇਕ ਹੈ।
- ਕਲਾ ਬੱਚਿਆਂ ਵਿਚ ਕਲਾ ਪ੍ਰਤੀ ਰੁਝਾਨ ਦਿਮਾਗ਼ ਨੂੰ ਵਿਕਸਿਤ ਕਰਕੇ ਨਵੀਆਂ ਚੀਜ਼ਾਂ ਸਿੱਖਣ ਵਿਚ ਮਦਦ ਕਰਦੀ ਹੈ। ਇਸ ਢੰਗ ਨਾਲ ਬੱਚਿਆਂ ਦੀ ਕਲਪਨਾਸ਼ਕਤੀ ਵਿਚ ਵੀ ਵਾਧਾ ਹੁੰਦਾ ਹੈ ਅਤੇ ਉਹ ਬਹੁਪੱਖੀ ਸੋਚ ਦੇ ਮਾਲਕ ਬਣਦੇ ਹਨ।

**ਬਚਪਨ ਤੋਂ ਹੀ ਬੱਚੇ ਨੂੰ ਗਣਿਤ ਦਾ ਚੰਗਾ ਅਭਿਆਸ ਕਰਾਉਣ ਨਾਲ ਉਸ ਦਾ ਦਿਮਾਗ਼ ਤੇਜ਼ ਬਣਦਾ ਹੈ। ਇਹੀ ਕਾਰਨ ਹੈ ਕਿ ਜਿਨ੍ਹਾਂ ਬੱਚਿਆਂ ਦੀ ਗਣਿਤ ਵਿਚ ਜ਼ਿਆਦਾ ਰੁਚੀ ਹੁੰਦੀ ਹੈ, ਉਹ ਆਮ ਬੱਚਿਆਂ ਦੇ ਮੁਕਾਬਲੇ ਵੱਧ ਬੁੱਧੀਮਾਨ ਹੁੰਦੇ ਹਨ।**



# ਓਹੜ ਪੋਹੜ

**ਸਰਦੀਆਂ ਵਿਚ ਹਰੇ ਪਿਆਜ਼ ਦੀ ਹਰਿਆਵਲ ਸੁਆਦ ਨਾਲ ਬਾਗ਼ੋ-ਬਾਗ਼ ਕਰਦੀ ਹੈ। ਇਸ ਦੀ ਵਰਤੋਂ ਸਬਜ਼ੀਆਂ ਅਤੇ ਸੂਪ ਵਿਚ ਆਮ ਕੀਤੀ ਜਾਂਦੀ ਹੈ। ਇਸ ਦੇ ਵੱਖਰੇ ਸੁਆਦ ਕਾਰਨ ਤਾਂ ਇਹ ਭਾਰਤੀ ਰਸੋਈ ਦਾ ਚਹੇਤਾ ਤਾਂ ਹੈ ਹੀ, ਸਗੋਂ ਗੁਣਾਂ ਪੱਖੋਂ ਵੀ ਹਰਾ ਪਿਆਜ਼ ਕਾਫ਼ੀ ਸਿਹਤਮੰਦ ਹੈ। ਆਓ ਜਾਣਦੇ ਹਾਂ ਇਸ ਦੇ ਕੁਝ ਮੁੱਢਲੇ ਫ਼ਾਇਦਿਆਂ ਬਾਰੇ :**

## ਸਿਹਤ ਦਾ ਹਮਰਾਜ਼ ਹਰਾ ਪਿਆਜ਼

- ਹਰਾ ਪਿਆਜ਼ ਖਾਣ ਦੇ ਕਈ ਲਾਭ ਹਨ। ਇਹ ਕੌਲੈਸਟਰੌਲ ਦੇ ਪੱਧਰ ਨੂੰ ਕਾਬੂ 'ਚ ਰੱਖਣ 'ਚ ਸਹਾਈ ਹੁੰਦਾ ਹੈ।
- ਇਸ ਵਿਚ ਐਂਟੀ ਬੈਕਟੀਰੀਅਲ ਗੁਣ ਹੁੰਦੇ ਹਨ ਜਿਸ ਕਾਰਨ ਇਹ ਹਾਜ਼ਮਾ ਸ਼ਕਤੀ ਵਧਾਉਣ 'ਚ ਮਦਦਗਾਰ ਹੁੰਦਾ ਹੈ। ਹਰੇ ਪਿਆਜ਼ ਵਿਚ ਕ੍ਰੋਮੀਅਮ ਹੁੰਦਾ ਹੈ।
- ਹਰਾ ਪਿਆਜ਼ ਖਾਣ ਨਾਲ ਇਮਿਊਨਿਟੀ ਸ਼ਕਤੀ ਵਧਦੀ ਹੈ। ਇਹ ਚਿਹਰੇ ਦੀਆਂ ਝੁਰੜੀਆਂ ਦੂਰ ਕਰਨ ਵਿਚ ਵੀ ਸਹਾਈ ਹੈ।
- ਹਰਾ ਪਿਆਜ਼ ਖਾਣ ਨਾਲ ਅੱਖਾਂ ਦੀ ਰੋਸ਼ਨੀ 'ਚ ਵਾਧਾ ਹੁੰਦਾ ਹੈ।
- ਹਰਾ ਪਿਆਜ਼ ਮਾਈਕ੍ਰੋਨਿਊਟ੍ਰੀਸ਼ਿਅਨਸ ਨੂੰ ਬਰਕਰਾਰ ਰੱਖਦਾ ਹੈ।
- ਹਿਸਟੀਆ ਦਾ ਰੋਗੀ ਜੇਕਰ ਬੇਹੋਸ਼ ਹੋ ਜਾਵੇ ਤਾਂ ਉਸ ਨੂੰ ਹਰਾ ਪਿਆਜ਼ ਕੁੱਟ ਕੇ ਸੁੰਘਾਓ। ਇਸ ਨਾਲ ਰੋਗੀ ਨੂੰ ਤੁਰੰਤ ਹੋਸ਼ ਆ ਜਾਵੇਗਾ।
- ਇਸ ਵਿਚ ਐਂਟੀ ਇਨਫਲਾਮੈਂਟਰੀ ਅਤੇ ਐਂਟੀ ਹਿਸਟਾਮਾਈਨ ਗੁਣ ਵੀ ਹੁੰਦੇ ਹਨ। ਇਸ ਲਈ ਇਹ ਗਠੀਆ ਅਤੇ ਅਸਥਮਾ ਦੇ ਰੋਗੀਆਂ ਲਈ ਲਾਭਦਾਇਕ ਰਹਿੰਦਾ ਹੈ।
- ਝੜਦੇ ਵਾਲ਼ਾਂ ਦੀ ਸਮੱਸਿਆ ਹੈ ਤਾਂ ਪਿਆਜ਼ ਦਾ ਰਸ ਵਾਲ਼ਾਂ 'ਚ ਲਗਾਉਣ ਨਾਲ ਲਾਭ ਮਿਲਦਾ ਹੈ। •



# ਨੁਕਸਾਨਦੇਹ ਹੈ ਫਾਸਟਫੂਡ ਪੈਕੇਜਿੰਗ



ਫਾਸਟ ਫੂਡ ਆਧੁਨਿਕ ਜੀਵਨਸ਼ੈਲੀ ਦਾ ਇਕ ਬਹੁਤ ਵੱਡਾ ਹਿਸਾ ਬਣ ਚੁੱਕਾ ਹੈ। ਬੱਚਿਆਂ ਤੋਂ ਲੈ ਕੇ ਜਵਾਨ ਅਤੇ ਵੱਡਿਆਂ ਤਕ ਸਭ ਨੂੰ ਫਾਸਟ ਫੂਡ ਖਾਣਾ ਬਹੁਤ ਪਸੰਦ ਹੈ। ਪਾਰਟੀ ਹੋਵੇ ਜਾਂ ਸਫ਼ਰ,ਇਸ ਤੋਂ ਬਿਨਾ ਕੰਮ ਚੱਲਦਾ ਹੀ ਨਹੀਂ। ਫਾਸਟ ਫੂਡ ਨਾਲ ਮੋਟਾਪਾ ਵਧਦਾ ਹੈ, ਇਹ ਤਾਂ ਅਸੀਂ ਸਭ ਜਾਣਦੇ ਹੀ ਹਾਂ ਪਰ ਕੀ ਤੁਸੀਂ ਜਾਣਦੇ ਹੋ ਕਿ ਸਾਡੇ ਲਈ ਫਾਸਟ ਫੂਡ ਤੋਂ ਕਿਤੇ ਵੱਧ ਖ਼ਤਰਨਾਕ ਉਸ ਦੀ ਪੈਕੇਜਿੰਗ ਹੋ ਸਕਦੀ ਹੈ। ਹਾਲ ਹੀ ਵਿਚ ਹੋਈ ਇਕ ਖੋਜ ਵਿਚ ਇਹ ਗੱਲ ਸਾਹਮਣੇ ਆਈ ਹੈ।

ਸਵਾਦ ਬਦਲਣ ਲਈ ਜੇ ਕਦੇ ਕਦਾਈਂ ਫਾਸਟ ਫੂਡ ਖਾ ਲਿਆ ਜਾਵੇ ਤਾਂ ਕੋਈ ਹਰਜ਼ ਨਹੀਂ ਪਰ ਜੋ ਲੋਕ ਇਸ ਨੂੰ ਆਮ ਖਾਣੇ ਦੇ ਤੌਰ 'ਤੇ ਲੈਂਦੇ ਹਨ, ਉਨ੍ਹਾਂ ਲਈ ਇਹ ਆਦਤ ਖ਼ਤਰੇ ਦੀ ਘੰਟੀ ਹੈ। ਹਾਲ ਹੀ ਵਿਚ ਹੋਈ ਇਕ ਖੋਜ ਦੀ ਰਿਪੋਰਟ ਮੁਤਾਬਕ ਲੋਕਾਂ ਲਈ ਫਾਸਟ ਫੂਡ ਤੋਂ ਕਿਤੇ ਵੱਧ ਖ਼ਤਰਨਾਕ ਹੋ ਸਕਦੀ ਹੈ ਪੈਕੇਜਿੰਗ ਲਈ ਵਰਤੀ ਜਾਣ ਵਾਲੀ ਸ਼ੀਟ ਜਾਂ ਡੱਬੇ। ਇਨ੍ਹਾਂ ਵਿਚ ਕਈ ਅਜਿਹੇ ਕੈਮੀਕਲ ਹੁੰਦੇ ਹਨ ਜੋ ਸਿਹਤ ਲਈ ਖ਼ਤਰਨਾਕ ਹੋ ਸਕਦੇ ਹਨ।

ਅਧਿਐਨ ਦੌਰਾਨ ਪਾਇਆ ਗਿਆ ਕਿ ਫੂਡ ਦੀ ਪੈਕੇਜਿੰਗ ਲਈ ਜਿਸ ਪੇਪਰ ਅਤੇ ਗੱਤੇ ਦੇ ਡੱਬੇ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਵਿਚ ਕਈ ਤਰ੍ਹਾਂ ਦੇ ਕੈਮੀਕਲ ਲੱਗੇ ਹੁੰਦੇ ਹਨ। ਕਾਗ਼ਜ਼ ਦੀ ਕੋਟਿੰਗ 'ਤੇ ਗ੍ਰੀਸ ਦੀ ਵਰਤੋਂ ਇੱਥੋਂ ਤਕ ਕਿ ਫਾਸਟ ਫੂਡ ਦੀ ਪੈਕੇਜਿੰਗ ਲਈ ਜਿਹੜਾ ਚਮਕੀਲਾ ਕਾਗਜ਼ ਵਰਤਿਆ ਜਾਂਦਾ ਹੈ ਉਸ ਦੀ ਕੋਟਿੰਗ ਗ੍ਰੀਸ ਨਾਲ ਹੁੰਦੀ ਹੈ ਜੋ ਸਿਹਤ ਨੂੰ ਸਿੱਧਾ ਨੁਕਸਾਨ ਪਹੁੰਚਾਉਂਦੀ ਹੈ। ਇਨ੍ਹਾਂ ਕੈਮੀਕਲਾਂ ਕਾਰਨ ਲੋਕ ਕੈਂਸਰ ਵਰਗੀਆਂ ਜਾਨਲੇਵਾ ਬਿਮਾਰੀਆਂ ਦੀ ਚਪੇਟ ਵਿਚ ਆ ਸਕਦੇ ਹਨ ਕਿਉਂਕਿ ਇਹ ਕੈਮੀਕਲ ਸਰੀਰ ਦੀ ਰੋਗਰੋਕੂ ਸਮਰੱਥਾ ਕਾਫੀ ਹੱਦ ਤਕ ਘੱਟ ਕਰ ਦਿੰਦੇ ਹਨ। ਇਸ ਬਾਰੇ ਜਾਗਰੂਕਤਾ ਦੀ ਲੋੜ ਹੈ।

# ਏਡਜ਼ ਸਾਵਧਾਨੀ 'ਚ ਹੀ ਹੈ ਸੁਰੱਖਿਆ



ਗੋਪਾਲ ਕ੍ਰਿਸ਼ਨ
98555-05640

21ਵੀਂ ਸਦੀ ਦੀਆਂ ਦੋ ਸਭ ਤੋਂ ਵੱਧ ਜਾਨਲੇਵਾ ਬੀਮਾਰੀਆਂ ਕੈਂਸਰ ਅਤੇ ਏਡਜ਼ ਹਨ। ਕੈਂਸਰ ਦਾ ਕਿਸੇ ਹੱਦ ਤੱਕ ਇਲਾਜ ਹੈ ਪਰੰਤੂ ਏਡਜ਼ ਦਾ ਹਾਲੇ ਤਕ ਕੋਈ ਇਲਾਜ ਨਹੀਂ ਹੈ। ਏਡਜ਼ ਦਾ ਪੂਰਾ ਨਾਂ ਐਕੁਆਇਰਡ ਸੁਰੱਖਿਆ ਘਾਟ ਸਿੰਡਰੋਮ ਹੈ। ਵਿਸ਼ਵ ਸਿਹਤ ਸੰਸਥਾ ਦੇ ਅੰਦਾਜ਼ੇ ਮੁਤਾਬਕ ਦੁਨੀਆ ਭਰ ਵਿਚ ਲਗਭਗ 4 ਕਰੋੜ ਲੋਕ ਇਸ ਖ਼ਤਰਨਾਕ ਬੀਮਾਰੀ ਤੋਂ ਪੀੜਤ ਹਨ। ਹਰ ਸਾਲ 30 ਲੱਖ ਤੋਂ ਜ਼ਿਆਦਾ ਲੋਕ ਏਡਜ਼ ਨਾਲ ਮਰ ਜਾਂਦੇ ਹਨ। ਏਡਜ਼ ਐੱਚ.ਆਈ.ਵੀ. ਤੋਂ ਹੋਣ ਵਾਲਾ ਇਕ ਵਾਇਰਲ ਰੋਗ ਹੈ। ਇਹ ਵਿਸ਼ਾਣੂ ਰੋਗ ਜਿਣਸੀ ਸਬੰਧਾਂ, ਭ੍ਰਿਸ਼ਟ ਸੂਈਆਂ ਅਤੇ ਖ਼ੂਨ ਰਾਹੀਂ ਇਕ ਵਿਅਕਤੀ ਤੋਂ ਦੂਸਰੇ ਵਿਅਕਤੀ ਤਕ ਫ਼ੈਲ ਜਾਂਦਾ ਹੈ। ਇਸ ਰੋਗ ਦੀ ਸਭ ਤੋਂ ਪਹਿਲਾਂ ਸੂਚਨਾ 1981 ਵਿਚ ਅਮਰੀਕਾ ਵਿਚ ਹਵਾਈ ਸ਼ਹਿਰ ਤੋਂ ਮਿਲੀ ਸੀ। ਭਾਰਤ ਵਿਚ ਏਡਜ਼ ਬਾਰੇ ਸਭ ਤੋਂ ਪਹਿਲਾਂ ਸੂਚਨਾ 1986 ਵਿਚ ਚੇਨੱਈ ਦੀਆਂ ਸੈਕਸ ਵਰਕਰ ਔਰਤਾਂ ਤੋਂ ਮਿਲੀ ਸੀ। ਭਾਰਤ ਵਿਚ ਏਡਜ਼ ਦੀ ਲਾਗ ਲੱਗਣ ਦੀ ਦਰ ਇਕ ਹਜ਼ਾਰ ਪਿੱਛੇ 10 ਹੈ। ਇਸ ਕਰਕੇ ਭਾਰਤ ਨੂੰ ਦੁਨੀਆ ਦੀ ਏਡਜ਼ ਰਾਜਧਾਨੀ ਕਿਹਾ ਜਾਂਦਾ ਹੈ। ਇਹ ਸਥਿਤੀ ਚਿੰਤਾਜਨਕ ਹੈ।

**ਭਾਰਤ 'ਚ ਇਕ ਹਜ਼ਾਰ ਪਿੱਛੇ 10 ਏਡਜ਼ ਮਰੀਜ਼ ਹਨ। ਇਸ ਕਰਕੇ ਭਾਰਤ ਨੂੰ ਦੁਨੀਆ ਦੀ ਏਡਜ਼ ਰਾਜਧਾਨੀ ਕਿਹਾ ਜਾਂਦਾ ਹੈ।**

### ਲੱਛਣ:

- ਸਰੀਰ ਨੂੰ ਲੱਗੀ ਸਾਧਾਰਣ ਬਿਮਾਰੀ ਵੀ ਠੀਕ ਨਹੀਂ ਹੁੰਦੀ।
- ਸਰੀਰ ਵਿਚ ਬੁਖ਼ਾਰ ਦਾ ਹੋਣਾ।
- ਹਾਜ਼ਮਾ ਖ਼ਰਾਬ ਹੋ ਜਾਣਾ।
- ਖ਼ੁਰਾਕ ਦਾ ਹਜ਼ਮ ਨਾ ਹੋਣਾ।
- ਦਸਤ ਲੱਗ ਜਾਣੇ।
- ਏਡਜ਼ ਦੇ ਰੋਗ ਦੀ ਪਛਾਣ ਇਸ ਰੋਗ ਦੀਆਂ ਐਂਟੀਬਾਡੀਜ਼ ਦਾ ਐਲੀਸਾ ਪ੍ਰੀਖਣ ਦੁਆਰਾ ਕੀਤੀ ਜਾਂਦੀ ਹੈ।

### ਏਡਜ਼ ਕਿਵੇਂ ਫੈਲਦਾ ਹੈ:

- ਏਡਜ਼ ਰੋਗੀ ਇਸਤਰੀ ਜਾਂ ਪੁਰਸ਼ ਨਾਲ ਲਿੰਗੀ ਸੰਬੰਧ ਬਣਾਉਣ ਨਾਲ ਫੈਲਦਾ ਹੈ।
- ਟੀਕਾਕਰਨ ਵਾਲੀਆਂ ਦੂਸ਼ਿਤ ਸੂਈਆਂ ਅਤੇ ਸਰਿੰਜਾਂ ਦੀ ਵਰਤੋਂ ਕਰਨ ਨਾਲ ਫੈਲਦਾ ਹੈ।
- ਏਡਜ਼ ਰੋਗੀ ਵਿਅਕਤੀ ਦਾ ਖ਼ੂਨ ਦੂਸਰੇ ਵਿਅਕਤੀ ਨੂੰ ਦੇਣ ਨਾਲ ਏਡਜ਼ ਫੈਲਦਾ ਹੈ।
- ਏਡਜ਼ ਰੋਗੀ ਇਸਤਰੀ ਆਪਣੇ ਬੱਚੇ ਨੂੰ ਆਪਣੇ ਦੁੱਧ ਰਾਹੀਂ ਏਡਜ਼ ਦੇ ਸਕਦੀ ਹੈ।
- ਏਡਜ਼ ਰੋਗੀ ਇਸਤਰੀ ਗਰਭ ਅਵਸਥਾ ਦੌਰਾਨ ਉਸ ਤੋਂ ਜਨਮ ਲੈਣ ਵਾਲੇ ਬੱਚੇ ਨੂੰ ਏਡਜ਼ ਹੋ ਸਕਦੀ ਹੈ।

### ਰੋਕਥਾਮ ਦੇ ਉਪਾਅ :

- ਏਡਜ਼ ਰੋਗੀ ਇਸਤਰੀ ਜਾਂ ਪੁਰਸ਼ ਨਾਲ ਲਿੰਗੀ ਸੰਬੰਧ ਬਣਾਉਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।
- ਪਰਹੇਜ਼ ਹੀ ਇਲਾਜ ਹੈ ਨਹੀਂ ਤਾਂ ਮੌਤ ਯਕੀਨੀ ਹੈ।
- ਗ਼ੈਰ ਮਰਦ ਜਾਂ ਗ਼ੈਰ ਇਸਤਰੀ ਨਾਲ ਲਿੰਗੀ ਸੰਬੰਧ ਬਣਾਉਣ ਸਮੇਂ ਪਰਹੇਜ਼ ਕਰਨਾ ਚਾਹੀਦਾ ਹੈ ਜਾਂ ਫਿਰ ਕੰਡੋਮ ਦੀ ਵਰਤੋਂ ਕਰਨੀ ਚਾਹੀਦੀ ਹੈ।
- ਏਡਜ਼ ਨੂੰ ਰੋਕਣ ਲਈ ਵੱਧ ਤੋਂ ਵੱਧ ਪਰਚਾਰ ਕਰਨਾ ਜਰੂਰੀ ਹੈ।

ਭਾਰਤ ਸਰਕਾਰ ਅਤੇ ਸਾਰੀਆਂ ਸੂਬਾ ਸਰਕਾਰਾਂ, ਸਮਾਜ ਸੇਵੀ ਸੰਸਥਾਵਾਂ, ਕਾਲਜਾਂ ਅਤੇ ਸਕੂਲਾਂ ਦੇ ਅਧਿਆਪਕਾਂ ਵੱਲੋਂ ਏਡਜ਼ ਨੂੰ ਰੋਕਣ ਲਈ ਨੌਜਵਾਨ ਪੀੜ੍ਹੀ ਨੂੰ ਸਮਝਾਉਣ ਲਈ ਏਡਜ਼ ਸੰਬੰਧੀ ਜਾਗਰੂਕ ਕਰਨ ਲਈ ਵੱਧ ਤੋਂ ਵੱਧ ਫਲੈਕਸ ਬੋਰਡ ਲਗਾ ਕੇ, ਭਾਸ਼ਣ ਦੇ ਕੇ, ਪ੍ਰਚਾਰ ਕਰਕੇ, ਨਾਟਕ ਕਰਕੇ ਅਤੇ ਰੈਲੀਆਂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਯੁਵਾ ਪੀੜ੍ਹੀ ਨੂੰ ਏਡਜ਼ ਦੇ ਭਿਆਨਕ ਰੋਗ ਤੋਂ ਬਚਾਇਆ ਜਾ ਸਕੇ। •



# ਬਲੱਡ ਗਰੁੱਪ ਮੁਤਾਬਕ ਚੁਣੋ ਡਾਈਟ




ਜੇ ਤੁਸੀਂ ਆਪਣਾ ਵਜ਼ਨ ਘਟਾਉਣਾ ਚਾਹੁੰਦੇ ਹੋ ਅਤੇ ਉਸ ਲਈ ਡਾਈਟ ਚਾਰਟ ਅਨੁਸਾਰ ਚੱਲ ਰਹੇ ਹੋ ਤਾਂ ਆਪਣੇ ਬਲੱਡ ਗਰੁੱਪ ਮੁਤਾਬਕ ਡਾਈਟ ਚਾਰਟ ਚੁਣ ਕੇ ਤੁਸੀਂ ਡਬਲ ਲਾਭ ਲੈ ਸਕਦੇ ਹੋ। ਇੰਨਾ ਹੀ ਨਹੀਂ, ਇਸ ਨਾਲ ਤੁਸੀਂ ਸਿਹਤ ਸਬੰਧੀ ਛੋਟੀਆਂ ਮੋਟੀਆਂ ਸਮੱਸਿਆਵਾਂ ਤੋਂ ਵੀ ਨਿਜਾਤ ਪਾ ਸਕਦੇ ਹੋ। ਇਸ ਲਓ ਆਪਣੇ ਬਲੱਡ ਗਰੁੱਪ ਮੁਤਾਬਕ ਹੀ ਚੁਣੋ ਆਪਣਾ ਡਾਈਟ ਪਲਾਨ :

### ਏ ਬਲੱਡ ਗਰੁੱਪ

- ਮਾਸਾਹਾਰੀ ਭੋਜਨ ਦੀ ਬਜਾਏ ਸ਼ਾਕਾਹਾਰ ਭੋਜਨ 'ਤੇ ਵੱਧ ਜ਼ੋਰ ਦੇਣਾ ਚਾਹੀਦਾ ਹੈ।
- ਇਸ ਸਮੂਹ ਦੇ ਲੋਕਾਂ ਦੀ ਪਾਚਨ ਸ਼ਕਤੀ ਹੋਰਾਂ ਦੇ ਮੁਕਾਬਲੇ ਕਮਜ਼ੋਰ ਹੁੰਦੀ ਹੈ ਜੋ ਦੁੱਧ ਨਾਲ ਬਣੀਆਂ ਚੀਜ਼ਾਂ ਅਤੇ ਮਾਸਾਹਾਰ ਨੂੰ ਆਸਾਨੀ ਨਾਲ ਪਚਾ ਨਹੀਂ ਸਕਦੀ। ਅਜਿਹੇ ਵਿਚ ਪੇਟ ਨਾਲ ਜੁੜੀਆਂ ਸਮੱਸਿਆਵਾਂ ਦੀ ਸੰਭਾਵਨਾ ਬਣੀ ਰਹਿੰਦੀ ਹੈ।
- ਫਲ ਅਤੇ ਹਰੀਆਂ ਸਬਜ਼ੀਆਂ ਦੀ ਵੱਧ ਤੋਂ ਵੱਧ ਵਰਤੋਂ ਕਰੋ।
- ਪਪੀਤਾ, ਅੰਬ, ਸੰਤਰੇ ਵਰਗੇ ਫਲ, ਬੀਨਜ਼, ਸੋਇਆਬੀਨ ਆਦਿ ਦੀ ਭਰਪੂਰ ਵਰਤੋਂ ਕਰੋ। ਜੇਕਰ ਨਾਨਵੈੱਜ ਖਾਣਾ ਹੀ ਹੈ ਤਾਂ ਰੈੱਡ ਮੀਟ ਦੀ ਥਾਂ 'ਤੇ ਮੱਛੀ ਨੂੰ ਖਾਣੇ 'ਚ ਸ਼ਾਮਿਲ ਕਰੋ। ਰਾਜਮਾਂਹ ਤੋਂ ਪਰਹੇਜ਼ ਕਰੋ।

### 'ਬੀ' ਬਲੱਡ ਗਰੁੱਪ

- ਸੰਤੁਲਿਤ ਮਾਤਰਾ ਵਿਚ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ, ਮੀਟ ਜਾਂ ਮੱਛੀ ਦਾ ਸੇਵਨ ਕਰ ਸਕਦੇ ਹੋ।
- ਕੁਝ ਖ਼ਾਸ ਖ਼ੁਰਾਕੀ ਪਦਾਰਥ ਜਿਵੇਂ ਮਸਰ, ਤਿਲ, ਮੱਕੀ, ਛੋਲੇ ਆਦਿ ਦਾਲ਼ਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।
- ਇਸ ਸਮੂਹ ਦੇ ਲੋਕਾਂ ਨੂੰ ਜ਼ਿਆਦਾ ਕਣਕ ਅਤੇ ਟਮਾਟਰ ਦੀਆਂ ਚੀਜ਼ਾਂ ਵੀ ਜ਼ਿਆਦਾ ਲਾਭ ਨਹੀਂ ਦਿੰਦੀਆਂ।
- ਵਜ਼ਨ 'ਤੇ ਕਾਬੂ ਰੱਖਣ ਲਈ ਮੱਕੀ, ਮੂੰਗਫਲੀ, ਚਿਕਨ ਤੇ ਕਣਕ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ ਜਦਕਿ ਅੰਡਾ, ਮੀਟ, ਹਰੀਆਂ ਸਬਜ਼ੀਆਂ ਅਤੇ ਗ੍ਰੀਨ ਟੀ ਵਜ਼ਨ ਦੇ ਮਾਮਲੇ ਵਿਚ ਬੇਹੱਦ ਫ਼ਾਇਦੇਮੰਦ ਹਨ।

### 'ਏ ਬੀ' ਬਲੱਡ ਗਰੁੱਪ

- ਇਸ ਗਰੁੱਪ ਦੇ ਲੋਕਾਂ ਵਿਚ 'ਏ' ਅਤੇ ਬੀ ਦੋਹਾਂ ਹੀ ਬਲੱਡ ਗਰੁੱਪਾਂ ਦੇ ਲੱਛਣ ਪਾਏ ਜਾਂਦੇ ਹਨ।
- ਇਨ੍ਹਾਂ ਨੂੰ ਵੀ ਜ਼ਿਆਦਾਤਰ ਸ਼ਾਕਾਹਾਰੀ ਭੋਜਨ ਹੀ ਕਰਨਾ ਚਾਹੀਦਾ ਹੈ ਜਿਸ ਵਿਚ ਫਲ ਅਤੇ ਸਬਜ਼ੀਆਂ ਸ਼ਾਮਿਲ ਹਨ।
- ਜਿੱਥੋਂ ਤਕ ਹੋ ਸਕੇ ਚਿਕਨ ਅਤੇ ਮੱਕੀ ਵਰਗੀਆਂ ਚੀਜ਼ਾਂ ਤੋਂ ਦੂਰੀ ਬਣਾਓ।
- ਵਜ਼ਨ ਘਟਾਉਣ ਲਈ ਰੈੱਡ ਮੀਟ ਅਤੇ ਰਾਜਮਾਂਹ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਸੋਇਆਬੀਨ ਦਾ ਪਨੀਰ, ਸੀ ਫੂਡ, ਡੇਅਰੀ ਉਤਪਾਦ ਵਰਗੀਆਂ ਚੀਜ਼ਾਂ ਵਜ਼ਨ ਘਟਾਉਣ ਵਿਚ ਸਹਾਈ ਹੋ ਸਕਦੀਆਂ ਹਨ।
- ਅਨਾਨਾਸ ਦਾ ਸੇਵਨ ਕਰੋ।

### 'ਓ' ਬਲੱਡ ਗਰੁੱਪ

- ਇਸ ਗਰੁੱਪ ਦੇ ਲੋਕਾਂ ਨੂੰ ਹਾਈਪ੍ਰੋਟੀਨ ਡਾਈਟ ਲੈਣੀ ਚਾਹੀਦੀ ਹੈ।
- ਇਸ ਤੋਂ ਇਲਾਵਾ ਕਾਰਬੋਹਾਈਡ੍ਰੇਟ ਦੇ ਨਾਲ ਨਾਲ ਫ਼ਲ ਅਤੇ ਸਬਜ਼ੀਆਂ ਦਾ ਸੇਵਨ ਲਾਭਕਾਰੀ ਰਹਿੰਦਾ ਹੈ।
- ਰੈੱਡ ਮੀਟ, ਸੀ ਫੂਡ, ਪਾਲਕ, ਬ੍ਰੋਕੋਲੀ ਵਜ਼ਨ ਘਟਾਉਣ 'ਚ ਸਹਾਈ ਹੋ ਸਕਦੇ ਹਨ।
- ਵਜ਼ਨ 'ਤੇ ਕਾਬੂ ਰੱਖਣ ਲਈ ਕਣਕ, ਮਸਰ, ਗੋਭੀ, ਚਾਵਲ, ਸੇਮ, ਲੋਬੀਆ, ਦੁੱਧ ਦੇ ਪਦਾਰਥ ਅਤੇ ਸੁੱਕੇ ਮੇਵਿਆਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।
- ਇਸ ਗਰੁੱਪ ਦੇ ਲੋਕ ਮਾਸਾਹਾਰ ਵਿਚ ਰੈੱਡ ਮੀਟ, ਮੱਛੀ ਚਿਕਨ ਆਦਿ ਦਾ ਸੇਵਨ ਕਰ ਸਕਦੇ ਹਨ ਕਿਉਂਕਿ ਪੇਟ ਵਿਚ ਐਸਿਡ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਇਨ੍ਹਾਂ ਚੀਜ਼ਾਂ ਨੂੰ ਪਚਾਉਣ ਵਿਚ ਕੋਈ ਸਮੱਸਿਆ ਨਹੀਂ ਆਉਂਦੀ। •

# ਅਰਵਿੰਦ ਕੇਜਰੀਵਾਲ ਦੀ ਉਦਯੋਗ ਨੂੰ ਗਾਰੰਟੀ, ਚੀਨ ਨਾਲ ਮੁਕਾਬਲਾ ਕਰਨ ਲਈ ਪੰਜਾਬ ਵਿੱਚ ਸਾਰੀਆਂ ਸਹੂਲਤਾਂ ਦੇਵੇਗੀ 'ਆਪ' ਸਰਕਾਰ

➢ ਸਾਡੀ ਸਰਕਾਰ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਪੂਰਨ ਤੌਰ 'ਤੇ ਵਚਨਬੱਧ ਹੈ, ਆਓ, 'ਰੰਗਲੇ ਪੰਜਾਬ' ਦਾ ਸੁਪਨਾ ਸਾਕਾਰ ਕਰਨ ਲਈ ਇਕਜੁਟ ਹੋਈਏ ➢ ਉੱਦਮੀਆਂ ਲਈ ਕਾਰੋਬਾਰ ਪੱਖੀ ਮਾਹੌਲ ਸਿਰਜ ਰਿਹਾ ਪੰਜਾਬ: ਮੁੱਖ ਮੰਤਰੀ

**ਮੁਹਾਲੀ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਹਾਲੀ ਵਿਖੇ ਤਿੰਨ ਦਿਨ ਚੱਲਣ ਵਾਲੇ ਪੰਜਾਬ ਪ੍ਰਗਤੀਸ਼ੀਲ ਨਿਵੇਸ਼ਕ ਸੰਮੇਲਨ-2026 ਦੀ ਅੱਜ ਧਮਾਕੇਦਾਰ ਸ਼ੁਰੂਆਤ ਹੋਈ। ਸੰਮੇਲਨ ਦੇ ਪਹਿਲੇ ਦਿਨ ਦਿੱਗਜ਼ ਉਦਯੋਗਪਤੀਆਂ ਨੇ 10,000 ਕਰੋੜ ਰੁਪਏ ਦਾ ਨਿਵੇਸ਼ ਦੇ ਵਾਅਦੇ ਕਰਦਿਆਂ ਸੂਬੇ ਵਿੱਚ ਕਾਰੋਬਾਰ ਹੋਰ ਵਧਾਉਣ ਦਾ ਐਲਾਨ ਵੀ ਕੀਤਾ। ਨਿਵੇਸ਼ਕਾਰਾਂ ਅਤੇ ਉਦਯੋਗਪਤੀਆਂ ਨੂੰ ਮੁਖਾਤਿਬ ਹੁੰਦਿਆਂ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਚੀਨ ਨਾਲ ਮੁਕਾਬਲਾ ਕਰਨ ਲਈ ਪੰਜਾਬ ਸਰਕਾਰ ਉਦਯੋਗ ਨੂੰ ਹਰ ਤਰ੍ਹਾਂ ਦੀ ਸਹੂਲਤ ਦੇਵੇਗੀ। ਉਨ੍ਹਾਂ ਕਿਹਾ ਕਿ ਕਾਰੋਬਾਰ ਪੱਖੀ ਮਾਹੌਲ ਸਦਕਾ ਮਹਿਜ਼ ਚਾਰ ਸਾਲਾਂ ਵਿੱਚ ਪੰਜਾਬ ਵਿੱਚ ਇਕ ਲੱਖ 50 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਆ ਚੁੱਕਾ ਹੈ।

ਉਦਯੋਗਿਕ ਖੇਤਰ ਲਈ ਵੱਡੇ ਸੁਧਾਰਾ ਦਾ ਵਿਸਥਾਰ ਵਿੱਚ ਜ਼ਿਕਰ ਕਰਦਿਆਂ 'ਆਪ' ਸੁਪਰੀਮੋ ਨੇ ਦੱਸਿਆ ਕਿ ਕਿਵੇਂ ਭਗਵੰਤ ਸਿੰਘ ਮਾਨ ਸਰਕਾਰ ਨੇ 45 ਦਿਨਾਂ ਦੀ ਸਿੰਗਲ-ਵਿੰਡੋ ਕਲੀਅਰੈਂਸ ਪ੍ਰਣਾਲੀ ਸ਼ੁਰੂ ਕੀਤੀ ਹੈ ਅਤੇ ਮਨੁੱਖੀ ਵਸੀਲਿਆਂ, ਉਦਯੋਗਿਕ ਵਿਕਾਸ ਅਤੇ ਨੌਜਵਾਨਾਂ ਲਈ ਵੱਡੇ ਪੱਧਰ 'ਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ 'ਤੇ ਕੇਂਦ੍ਰਿਤ ਕਾਰੋਬਾਰ ਪੱਖੀ ਈਕੋ-ਸਿਸਟਮ ਸਿਰਜ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੰਮੇਲਨ ਆਰਥਿਕ ਵਿਕਾਸ, ਰੋਜ਼ਗਾਰ ਤੇ ਉਦਯੋਗਿਕ ਵਿਸਥਾਰ ਦੇ ਨਵੇਂ ਪੜਾਅ ਦੀ ਸ਼ੁਰੂਆਤ ਹੈ, ਕਿਉਂਕਿ ਸੂਬਾ ਆਪਣੇ ਆਪ ਨੂੰ ਤੇਜੀ ਨਾਲ ਪ੍ਰਵਾਨਗੀਆਂ, ਉਦਯੋਗ ਪੱਖੀ ਨੀਤੀਆਂ ਅਤੇ ਸਿੱਖਿਆ, ਸਿਹਤ ਸੰਭਾਲ ਤੇ ਹੁਨਰਮੰਦ ਮਨੁੱਖੀ ਸ਼ਕਤੀ 'ਤੇ ਕੇਂਦ੍ਰਿਤ ਹੋ ਕੇ ਸਭ ਤੋਂ ਤਰਜੀਹੀ ਨਿਵੇਸ਼ ਸਥਾਨ ਵਜੋਂ ਪੇਸ਼ ਕਰਦਾ ਹੈ।

ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਸੂਬੇ ਦੇ ਉਦਯੋਗਿਕ ਵਿਕਾਸ ਨੂੰ ਵੱਡਾ ਹੁਲਾਰਾ ਦਿੰਦੇ ਹੋਏ ਪੰਜਾਬ ਸਰਕਾਰ ਨੇ ਪੰਜਾਬ ਵਿੱਚ ਨਿਵੇਸ਼ ਕਰਨ ਲਈ ਮੋਹਰੀ ਉਦਯੋਗਾਂ ਨੂੰ ਲਿਆਂਦਾ ਹੈ। ਇਹ ਬਹੁਤ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2026 ਦੇ ਪਹਿਲੇ ਦਿਨ ਹੀ ਪੰਜਾਬ ਨੇ 10,000 ਕਰੋੜ ਰੁਪਏ ਤੋਂ ਵੱਧ ਦੇ ਨਿਵੇਸ਼ ਪ੍ਰਾਪਤ ਕੀਤੇ ਹਨ। ਐਚ.ਐਮ.ਈ.ਐਲ., ਟਾਟਾ ਸਟੀਲ, ਜੇ.ਐਸ.ਡਬਲਿਊ, ਟ੍ਰਾਈਡੈਂਟ ਗਰੁੱਪ, ਹੀਰੋ ਇੰਡਸਟਰੀਜ਼ ਅਤੇ ਉਦਯੋਗ ਜਗਤ ਦੇ ਕਈ ਹੋਰ ਸਨਅਤਕਾਰਾਂ ਨੇ ਸੂਬੇ ਵਿੱਚ ਪਹਿਲਾਂ ਹੀ ਚੱਲ ਰਹੇ ਕਾਰੋਬਾਰ ਦਾ ਵਿਸਥਾਰ ਕਰਨ ਅਤੇ ਨਵੇਂ ਪ੍ਰਾਜੈਕਟ ਲਾਉਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ।

ਉਨ੍ਹਾਂ ਅੱਗੇ ਕਿਹਾ, ਪੰਜਾਬੀ ਆਪਣੇ ਉੱਦਮੀ ਸੁਭਾਅ, ਨਿਵੇਕਲੀ ਸੋਚਣੀ ਅਤੇ ਹਰੇਕ ਸਮੱਸਿਆ ਦਾ ਹੱਲ ਕੱਢ ਲੈਣ ਵਾਲੀ ਭਾਵਨਾ ਲਈ ਜਾਣੇ ਜਾਂਦੇ ਹਨ। ਤੁਹਾਨੂੰ ਸ਼ਾਇਦ ਹੀ ਕੋਈ ਪੰਜਾਬੀ ਭੀਖ ਮੰਗਦਾ ਮਿਲੇਗਾ ਕਿਉਂਕਿ ਸਾਡੇ ਲੋਕ ਸਖ਼ਤ ਮਿਹਨਤ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਉਹ ਅਜਿਹੇ ਸੁਭਾਅ ਦੇ ਮਾਲਕ ਹਨ ਕਿ ਸਭ ਤੋਂ ਔਖੇ ਸਮੇਂ ਵਿੱਚ ਵੀ ਹਾਰ ਮੰਨਣ ਦੀ ਬਜਾਏ ਸਫਲ ਹੁੰਦੇ ਹਨ। ਪੰਜਾਬੀ ਸਮਰਪਣ ਭਾਵਨਾ, ਵਚਨਬੱਧਤਾ ਅਤੇ ਸਖ਼ਤ ਮਿਹਨਤ ਨਾਲ ਦਿਨ ਵਿੱਚ 20 ਘੰਟੇ ਕੰਮ ਕਰ ਸਕਦੇ ਹਨ। ਦੁਨੀਆ ਭਰ ਵਿੱਚ ਇਹ ਨਿਰਾਲਾ ਗੁਣ ਪੰਜਾਬੀਆਂ ਵਿੱਚ ਹੀ ਹੈ।

ਪੰਜਾਬੀਆਂ ਦੀ ਵਿਸ਼ਵਵਿਆਪੀ ਪਛਾਣ ਦਾ ਵਿਸ਼ੇਸ਼ ਤੌਰ 'ਤੇ ਉਲੇਖ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬੀ ਇਕ ਜੁਝਾਰੂ ਕੌਮ ਹੈ ਜੋ ਦਲੇਰ ਤੇ ਉੱਦਮੀ ਹਨ। ਉਨ੍ਹਾਂ ਨੇ ਦੁਨੀਆ ਦੇ ਹਰ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਜਦੋਂ ਵੀ ਦੁਨੀਆ ਵਿੱਚ ਕਿਤੇ ਵੀ ਕੋਈ ਦੁਖਾਂਤ ਆਉਂਦਾ ਹੈ, ਤਾਂ ਉਸ ਵੇਲੇ ਲੋੜਵੰਦਾਂ ਤੱਕ ਲੰਗਰ ਪਹੁੰਚਾਉਣ ਲਈ ਪੰਜਾਬੀ ਸਭ ਤੋਂ ਪਹਿਲਾਂ ਪਹੁੰਚਦਾ ਹੈ ਅਤੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਅਤੇ ਮਨੁੱਖੀ ਸਿੱਖਿਆਵਾਂ ਦੇ ਸੰਦੇਸ਼ ਦੀ ਪਾਲਣਾ ਕਰਦਾ ਹੈ। ਪੰਜਾਬ ਨੂੰ ਅਮੀਰ ਸੱਭਿਆਚਾਰ, ਜਰੇਖਜ਼ ਧਰਤੀ ਅਤੇ ਭਾਈਚਾਰਕ ਸਾਂਝ ਦੀ ਬਖਸ਼ਿਸ਼ ਪ੍ਰਾਪਤ ਹੈ। ਪੰਜਾਬ ਦੀ ਉਪਜਾਊ ਧਰਤੀ 'ਤੇ ਸਭ ਕੁਝ ਉੱਗ ਸਕਦਾ ਹੈ, ਪਰ ਨਫ਼ਰਤ ਦਾ ਬੀਜ ਇੱਥੇ ਕਦੇ ਵੀ ਜੜ੍ਹ ਨਹੀਂ ਫੜ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਹਾਨ ਸਿੱਖ ਗੁਰੂਆਂ ਦੇ ਸੰਦੇਸ਼ ਦੀ ਪਾਲਣਾ ਕਰਦੇ ਹੋਏ ਹਰ ਪੰਜਾਬੀ ਸਰਬੱਤ ਦੇ ਭਲੇ ਅਤੇ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹੈ। ਸਾਲ 2022 ਤੋਂ ਜਦੋਂ ਸਾਡੀ ਸਰਕਾਰ ਨੇ ਸੱਤਾ ਸੰਭਾਲੀ ਹੈ, ਪੰਜਾਬ ਨੇ ਬਿਜਲੀ, ਸਿਹਤ, ਰੀਅਲ ਅਸਟੇਟ, ਬੁਨਿਆਦੀ ਢਾਂਚਾ ਅਤੇ ਸਿੱਖਿਆ ਵਰਗੇ ਖੇਤਰਾਂ ਵਿੱਚ ਸ਼ਾਨਦਾਰ ਤਰੱਕੀ ਦੇਖੀ ਹੈ।



ਸਿੱਖਿਆ ਸੁਧਾਰਾਂ 'ਤੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਅੱਗੇ ਕਿਹਾ, ÷ਅੱਜ ਪੰਜਾਬ ਦੇ ਨੌਜਵਾਨ ਯੂ.ਪੀ.ਐਸ.ਸੀ., ਜੇ.ਈ.ਈ., ਨੀਟ ਅਤੇ ਆਈ.ਆਈ.ਟੀ. ਲਈ ਪ੍ਰਵੇਸ਼ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ ਕਿਉਂਕਿ ਸੂਬਾ ਸਰਕਾਰ ਨੇ ਸਿੱਖਿਆ ਖੇਤਰ ਨੂੰ ਕਾਫ਼ੀ ਮਜ਼ਬੂਤ ਕੀਤਾ ਹੈ। ਪੰਜਾਬ ਦੇ 30 ਸਕੂਲ ਪ੍ਰਿੰਸੀਪਲ ਇਸ ਸਮੇਂ ਸਿੰਗਾਪੁਰ ਵਿੱਚ ਵਿਸ਼ਵ ਪੱਧਰੀ ਸਿਖਲਾਈ ਲੈ ਰਹੇ ਹਨ ਤਾਂ ਜੋ ਉਨ੍ਹਾਂ ਦੀ ਮੁਹਾਰਤ ਸੂਬਾ ਭਰ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਹੋਰ ਲਾਭ ਪਹੁੰਚਾ ਸਕੇ। ਪੰਜਾਬ ਵਿੱਚ ਇਸ ਸਮੇਂ ਮੋਹਾਲੀ, ਹਲਵਾਰਾ, ਅੰਮ੍ਰਿਤਸਰ, ਬਠਿੰਡਾ, ਪਠਾਨਕੋਟ ਅਤੇ ਆਦਮਪੁਰ ਵਿੱਚ ਹਵਾਈ ਅੱਡੇ ਕਾਰਜਸ਼ੀਲ ਹਨ। ਇਸ ਦੇ ਨਾਲ ਹੀ ਸੂਬੇ ਵਿੱਚ ਸੜਕੀ ਬੁਨਿਆਦੀ ਢਾਂਚਾ ਵੀ ਤੇਜ਼ੀ ਨਾਲ ਵਿਕਸਤ ਹੋ ਰਿਹਾ ਹੈ। ਮੈਂ ਉਦਯੋਗਾਂ ਨੂੰ ਪੰਜਾਬ ਵਿੱਚ ਆਉਣ, ਨਿਵੇਸ਼ ਕਰਨ ਅਤੇ ਕੰਮ ਕਰਨ ਦਾ ਸੱਦਾ ਦਿੰਦਾ ਹਾਂ ਤਾਂ ਜੋ ਅਸੀਂ ਇਕਜੁਟ ਹੋ ਕੇ ਪ੍ਰਗਤੀਸ਼ੀਲ ਅਤੇ ਖੁਸ਼ਹਾਲ ਸੂਬਾ ਬਣਾ ਸਕੀਏ।÷

ਪੰਜਾਬ ਦੇ ਸਥਾਨਕ ਉਦਯੋਗ ਦੀਆਂ ਸਫਲ ਕਹਾਣੀਆਂ ਦੀਆਂ ਮਿਸਾਲਾਂ ਦਿੰਦੇ ਹੋਏ, ਉਨ੍ਹਾਂ ਕਿਹਾ, ਪੰਜਾਬ ਅਧਾਰਿਤ ਉੱਦਮ ਜਿਵੇਂ ਕਿ ਸੋਨਾਲੀਕਾ, ਪ੍ਰੀਤ ਟਰੈਕਟਰ, ਡਿਊਕ, ਮੌਂਟੀ ਕਾਰਲੋ ਅਤੇ ਹੋਰ ਬਹੁਤ ਸਾਰੇ ਸਥਾਨਕ ਉੱਦਮੀ ਦੀਆਂ ਪ੍ਰੇਰਨਾਦਾਇਕ ਉਦਾਹਰਣ ਹਨ। ਪੰਜਾਬ ਦੇ ਦਰਵਾਜ਼ੇ ਸਾਰੇ ਨਿਵੇਸ਼ਕਾਂ ਲਈ ਖੁੱਲ੍ਹੇ ਹਨ ਅਤੇ ਅਸੀਂ ਅੱਖਾਂ ਵਿਛਾ ਕੇ ਉਨ੍ਹਾਂ ਦਾ ਸਵਾਗਤ ਕਰਦੇ ਹਾਂ। ਸਾਡੀਆਂ ਨੀਤੀਆਂ ਲਚਕਦਾਰ ਹਨ ਅਤੇ ਉਦਯੋਗ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ। ਮੈਂ ਤੁਹਾਨੂੰ ਸਾਰਿਆਂ ਨੂੰ ਇੱਥੇ ਨਿਵੇਸ਼ ਕਰਨ, ਪੰਜਾਬੀਆਂ ਲਈ ਨੌਕਰੀਆਂ ਪੈਦਾ ਕਰਨ ਅਤੇ ਪੰਜਾਬ ਨੂੰ ਸਫਲਤਾ ਦੀ ਨਵੀਂ ਕਹਾਣੀ ਲਿਖਣ ਵਿੱਚ ਮਦਦ ਕਰਨ ਦੀ ਅਪੀਲ ਕਰਦਾ ਹਾਂ। ਪੰਜਾਬ ਸਰਕਾਰ ਹੁਨਰ ਸਿੱਖਿਆ ਅਤੇ ਸਿਖਲਾਈ ਨੂੰ ਉਦਯੋਗ ਦੀਆਂ ਜ਼ਰੂਰਤਾਂ ਨਾਲ ਜੋੜ ਰਹੀ ਹੈ ਤਾਂ ਜੋ ਪੰਜਾਬ ਵਿੱਚ ਹੁਨਰਮੰਦ ਮਨੁੱਖੀ ਸ਼ਕਤੀ ਦਾ ਮਜ਼ਬੂਤ ਪੂਲ ਬਣਾਇਆ ਜਾ ਸਕੇ। ਉਦਯੋਗ ਨੂੰ ਜੋ ਵੀ ਮਨੁੱਖੀ ਸ਼ਖਤੀ ਚਾਹੀਦੀ ਹੈ, ਸਰਕਾਰ ਇਹ ਯਕੀਨੀ ਬਣਾਏਗੀ ਕਿ ਨੌਜਵਾਨਾਂ ਨੂੰ ਲੋੜੀਂਦੀ ਸਿਖਲਾਈ ਮਿਲੇ। ਇਸ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਅਤੇ ਸੂਬੇ ਵਿੱਚ ਆਰਥਿਕ ਵਿਕਾਸ ਤੇਜ਼ ਹੋਵੇਗਾ।

ਦੇਸ਼-ਵਿਦੇਸ਼ ਤੋਂ ਪਹੁੰਚੇ ਕਾਰੋਬਾਰੀਆਂ ਦਾ ਸਵਾਗਤ ਕਰਦੇ ਹੋਏ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ, ਮੈਂ ਗੁਰੂਆਂ, ਸੰਤਾਂ-ਮਹਾਪੁਰਸ਼ਾਂ ਅਤੇ ਪੀਰਾਂ ਦੀ ਧਰਤੀ 'ਤੇ ਸਾਰੇ ਕਾਰੋਬਾਰੀਆਂ ਦਾ ਸਵਾਗਤ ਕਰਦਾ ਹਾਂ। ਸਾਨੂੰ ਅੱਜ ਸਾਡੇ ਵਿਚਕਾਰ ਅਜਿਹੀਆਂ ਉੱਘੀਆਂ ਸ਼ਖਸੀਅਤਾਂ ਹੋਣ ਦਾ ਮਾਣ ਹਾਸਲ ਹੈ। ਪੰਜਾਬ, ਦੇਸ਼ ਦੇ ਸਭ ਤੋਂ ਅਨੁਕੂਲ ਨਿਵੇਸ਼ ਸਥਾਨਾਂ ਵਿੱਚੋਂ ਇੱਕ ਹੈ ਅਤੇ ਅਸੀਂ ਨਿਵੇਸ਼ਕਾਂ ਨੂੰ ਸਹੂਲਤ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਾਂਗੇ। ਸਾਡਾ ਦ੍ਰਿਸ਼ਟੀਕੋਣ ਪੰਜਾਬ ਨੂੰ ਮੋਹਰੀ ਉਦਯੋਗਿਕ ਹੱਬ ਬਣਾਉਣ ਲਈ ਸਰਕਾਰ ਅਤੇ ਉਦਯੋਗ ਵਿਚਕਾਰ ਮਜ਼ਬੂਤ ਭਾਈਵਾਲੀ ਬਣਾਉਣਾ ਹੈ।

ਉੱਦਮੀਆਂ ਨੂੰ ਅਪੀਲ ਕਰਦੇ ਹੋਏ, ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ, ਉੱਦਮੀ ਹਰ ਕਿਸੇ ਲਈ ਪ੍ਰੇਰਨਾ ਦਾ ਸਰੋਤ ਹਨ ਅਤੇ ਉਨ੍ਹਾਂ ਮੌਕਿਆਂ ਦੀ ਨੁਮਾਇੰਦਗੀ ਕਰਦੇ ਹਨ ਜੋ ਪੰਜਾਬ ਅਤੇ ਭਾਰਤ ਦੇ ਨੌਜਵਾਨ ਪ੍ਰਾਪਤ ਕਰਨ ਦੀ ਇੱਛਾ ਰੱਖਦੇ ਹਨ। ਭਾਵੇਂ ਅਸੀਂ ਜਨਤਕ, ਨਿੱਜੀ ਜਾਂ ਗੈਰ-ਮੁਨਾਫ਼ਾ ਖੇਤਰਾਂ ਵਿੱਚ ਕੰਮ ਕਰਦੇ ਹਾਂ, ਸਾਡੇ ਵਿੱਚੋਂ ਹਰੇਕ ਦੀ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਦੇਸ਼, ਸਮਾਜ ਅਤੇ ਪਰਿਵਾਰਾਂ ਲਈ ਆਪਣੀਆਂ ਉਮੀਦਾਂ ਅਤੇ ਇੱਛਾਵਾਂ ਨੂੰ ਪੂਰਾ ਕਰਨਾ ਹੈ। ਇਹ ਸੰਮੇਲਨ ਸਿਰਫ਼ ਸਮਝੌਤਿਆਂ 'ਤੇ ਦਸਤਖਤ ਕਰਨ ਬਾਰੇ ਨਹੀਂ ਹੈ, ਸਗੋਂ ਗਿਆਨ ਸਾਂਝਾ ਕਰਨ, ਵਿਚਾਰ-ਵਟਾਂਦਰਾ ਕਰਨ ਅਤੇ ਇੱਕ ਦੂਜੇ ਤੋਂ ਸਿੱਖਣ ਬਾਰੇ ਹੈ।

ਭਵਿੱਖ ਦੇ ਦ੍ਰਿਸ਼ਟੀਕੋਣ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਅਜਿਹਾ ਰਸਤਾ ਚੁਣਿਆ ਹੈ ਜੋ ਆਰਥਿਕ ਵਿਕਾਸ ਨੂੰ ਤੇਜ਼ ਕਰਕੇ ਪੰਜਾਬ ਦੇ ਭਵਿੱਖ ਨੂੰ ਰੌਸ਼ਨ ਬਣਾਏਗਾ। ਮੈਂ ਦੇਖਿਆ ਹੈ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਜ਼ਿੰਦਗੀ ਵਿੱਚ ਕੁਝ ਵੱਡਾ ਪ੍ਰਾਪਤ ਕਰਨਾ ਚਾਹੁੰਦੀ ਹੈ। ਉਹ ਕੁਦਰਤੀ ਅਜਿਹੇ ਹਨ ਜੋ ਇਕੱਲਤਾ ਵਿੱਚ ਨਹੀਂ ਰਹਿ ਸਕਦੇ। ਮੇਰਾ ਪੱਕਾ ਵਿਸ਼ਵਾਸ ਹੈ ਕਿ ਪਰਮਾਤਮਾ ਨੇ ਮੈਨੂੰ ਪੰਜਾਬ ਦੀ ਅਗਵਾਈ ਕਰਨ ਦਾ ਇਹ ਮੌਕਾ ਦਿੱਤਾ ਹੈ ਤਾਂ ਜੋ ਅਸੀਂ ਆਪਣੇ ਲੋਕਾਂ ਦੇ ਜੀਵਨ ਵਿੱਚ ਅਰਥਪੂਰਨ ਤਬਦੀਲੀ ਲਿਆ ਸਕੀਏ। ਨਵੀਨਤਾ ਅਤੇ ਤਕਨਾਲੋਜੀ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਅੱਗੇ ਕਿਹਾ, ਪੰਜਾਬ ਹੁਣ ਨਵੀਨਤਾ ਅਤੇ ਤਕਨਾਲੋਜੀ ਦੇ ਸਮੁਲੇ ਵਾਲੇ ਉੱਦਮ ਦੇ ਨਵੇਂ ਸੱਭਿਆਚਾਰ ਵੱਲ ਤਬਦੀਲੀ ਦੀ ਦਹਿਲੀਜ਼ 'ਤੇ ਹੈ। ਸੂਬੇ ਦੇ ਨੌਜਵਾਨ ਨਵੇਂ ਵਿਚਾਰਾਂ ਤੇ ਨਵੀਨਤਾਵਾਂ ਨਾਲ ਆ ਰਹੇ ਹਨ ਅਤੇ ਉਨ੍ਹਾਂ ਦਾ ਸਹਿਯੋਗ ਕਰਨਾ ਸਾਡੀ ਜ਼ਿੰਮੇਵਾਰੀ ਹੈ। ਅਸੀਂ ਇਸ ਨੇਕ ਕਾਰਜ ਲਈ ਕੋਈ ਕਸਰ ਨਹੀਂ ਛੱਡ ਰਹੇ। ਵਿਸ਼ਵ ਪੱਧਰੀ ਬੁਨਿਆਦੀ ਢਾਂਚਾ, ਸ਼ਾਨਦਾਰ ਸੰਪਰਕ, ਪ੍ਰਮੁੱਖ ਵਿਦਿਅਕ ਸੰਸਥਾਵਾਂ ਅਤੇ ਸਹਾਇਕ ਸਰਕਾਰੀ ਨੀਤੀਆਂ ਮਿਲ ਕੇ ਪੰਜਾਬ ਨੂੰ ਵਿਸ਼ਵ ਪੱਧਰ 'ਤੇ ਸਭ ਤੋਂ ਪਸੰਦੀਦਾ ਨਿਵੇਸ਼ ਸਥਾਨਾਂ ਵਿੱਚੋਂ ਇੱਕ ਬਣਾਉਂਦੀਆਂ ਹਨ।

# ਸੁਨਾਮ ਦੇ ਘਨਸ਼ਿਆਮ ਕਾਂਸਲ ਨੂੰ ਰੋਟਰੀ 'ਚ ਮਿਲੀ ਵੱਡੀ ਜ਼ਿੰਮੇਵਾਰੀ



**ਸੁਨਾਮ ਊਧਮ ਸਿੰਘ ਵਾਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਟਰੀ ਇੰਟਰਨੈਸ਼ਨਲ ਦੇ ਜ਼ਿਲ੍ਹਾ ਗਵਰਨਰ ਰਹੇ ਘਨਸ਼ਿਆਮ ਕਾਂਸਲ ਦੇ ਸਮਰਪਣ ਅਤੇ ਤਜ਼ਰਬੇ ਨੂੰ ਮੁੱਖ ਰੱਖਦਿਆਂ ਰੋਟਰੀ ਇੰਟਰਨੈਸ਼ਨਲ ਨੇ ਉਨ੍ਹਾਂ ਨੂੰ ਸਾਲ 2026-27 ਲਈ ਸਹਾਇਕ ਰੋਟਰੀ ਪਬਲਿਕ ਇਮੇਜ ਕੋਆਰਡੀਨੇਟਰ ਵਜੋਂ ਨਿਯੁਕਤ ਕੀਤਾ ਹੈ। ਉਨ੍ਹਾਂ ਦੀ ਨਿਯੁਕਤੀ ਨੇ ਇਲਾਕੇ ਦੇ ਰੋਟੇਰੀਅਨਾਂ ਵਿੱਚ ਖੁਸ਼ੀ ਲਿਆਂਦੀ ਹੈ। ਘਨਸ਼ਿਆਮ ਕਾਂਸਲ ਨੂੰ ਜ਼ਿੰਮੇਵਾਰੀ ਮਿਲਣ ਤੇ ਵਧਾਈ ਦਿੰਦੇ ਹੋਏ ਰੋਟਰੀ ਜ਼ਿਲ੍ਹਾ ਗਵਰਨਰ (2026-27) ਅਮਿਤ ਸਿੰਗਲਾ ਨੇ ਕਿਹਾ ਕਿ ਗਵਰਨਰ ਵਜੋਂ ਆਪਣੇ ਕਾਰਜਕਾਲ ਦੌਰਾਨ ਘਨਸ਼ਿਆਮ ਕਾਂਸਲ ਨੇ ਨਵੇਂ ਕਲੱਬਾਂ ਦੀ ਸਿਰਜਣਾ ਦਾ ਰਿਕਾਰਡ ਕਾਇਮ ਕੀਤਾ, ਜਿਸ ਲਈ ਉਨ੍ਹਾਂ ਨੂੰ ਰੋਟਰੀ ਇੰਟਰਨੈਸ਼ਨਲ ਵੱਲੋਂ ਵਿਸ਼ੇਸ਼ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।

ਰੋਟਰੀ ਇੰਟਰਨੈਸ਼ਨਲ ਦੇ ਪ੍ਰਧਾਨ ਵਜੋਂ ਸੇਵਾ ਨਿਭਾਉਣ ਵਾਲੇ ਘਨਸ਼ਿਆਮ ਕਾਂਸਲ ਨੇ ਕਈ ਮਹੱਤਵਪੂਰਨ ਸੇਵਾ ਪ੍ਰੋਜੈਕਟ ਸਥਾਪਤ ਕੀਤੇ ਹਨ। ਰੋਟਰੀ ਦੇ ਸਾਬਕਾ ਗਵਰਨਰ ਘਨਸ਼ਿਆਮ ਕਾਂਸਲ ਆਪਣੀ ਨਵੀਂ ਭੂਮਿਕਾ ਵਿੱਚ ਦੋ ਮੁੱਖ ਰੋਟਰੀ ਜ਼ਿਲ੍ਹਿਆਂ-3090 ਅਤੇ 3056 ਲਈ ਜ਼ਿੰਮੇਵਾਰ ਹੋਣਗੇ, ਜੋਕਿ ਪੰਜਾਬ, ਰਾਜਸਥਾਨ ਅਤੇ ਹਰਿਆਣਾ ਦੇ ਕੁੱਲ 43 ਜ਼ਿਲ੍ਹਿਆਂ ਨੂੰ ਕਵਰ ਕਰਨਗੇ। ਉਨ੍ਹਾਂ ਦੀ ਮੁੱਖ ਭੂਮਿਕਾ ਰੋਟਰੀ ਦੀ ਜਨਤਕ ਛਵੀ ਨੂੰ ਮਜ਼ਬੂਤ ਕਰਨਾ ਅਤੇ ਰੋਟਰੀ ਦੇ ਸਮਾਜਿਕ ਸੇਵਾ ਕਾਰਜਾਂ ਨੂੰ ਜਨਤਾ ਤੱਕ ਪਹੁੰਚਾਉਣਾ ਹੋਵੇਗਾ।

ਰੋਟਰੀ ਇੰਟਰਨੈਸ਼ਨਲ ਦੇ ਡਾਇਰੈਕਟਰ ਕੇ.ਪੀ. ਨਾਗੇਸ਼ ਅਤੇ ਪਬਲਿਕ ਇਮੇਜ ਦੇ ਮੁਖੀ ਸੁਭਾਸ਼ ਕੁਲਕਰਨੀ (ਮਹਾਰਾਸ਼ਟਰ) ਵੱਲੋਂ ਨਿਯੁਕਤੀ ਪੱਤਰ ਜਾਰੀ ਕੀਤਾ ਗਿਆ।

ਰੋਟਰੀ ਲਈ ਉਨ੍ਹਾਂ ਦੇ ਗਿਆਨ, ਅਨੁਭਵ ਅਤੇ ਜਨੂੰਨ ਨੂੰ ਸਪੱਸ਼ਟ ਤੌਰ 'ਤੇ ਪਛਾਣਦਾ ਹੈ। ਜਨਤਕ ਸਬੰਧਾਂ ਵਿੱਚ ਉਨ੍ਹਾਂ ਦਾ ਵਿਆਪਕ ਗਿਆਨ ਰੋਟਰੀ ਪ੍ਰੋਜੈਕਟਾਂ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਹੋਵੇਗਾ। ਉਹ ਪਬਲਿਕ ਇਮੇਜ ਚੇਅਰਮੈਨ (ਡੀਪੀਆਈਸੀ) ਅਤੇ ਮਨੋਨੀਤ ਜ਼ਿਲ੍ਹਿਆਂ ਦੇ ਜ਼ਿਲ੍ਹਾ ਗਵਰਨਰਾਂ ਨਾਲ ਨਜ਼ਦੀਕੀ ਸੰਪਰਕ ਬਣਾਈ ਰੱਖਣਗੇ। ਉਹ ਰੋਟਰੀ ਦੀਆਂ ਸੇਵਾ ਗਤੀਵਿਧੀਆਂ ਦੀ ਪਹੁੰਚ ਨੂੰ ਵਧਾਉਣਗੇ ਅਤੇ ਸੰਗਠਨ ਦੀ ਸਾਖ ਨੂੰ ਨਵੀਆਂ ਉਚਾਈਆਂ ਤੱਕ ਉੱਚਾ ਚੁੱਕਣਗੇ।

ਪਬਲਿਕ ਇਮੇਜ ਕੋਆਰਡੀਨੇਟਰ ਦਾ ਅਹੁਦਾ ਰੋਟਰੀ ਲਈ ਰਣਨੀਤਕ ਤੌਰ 'ਤੇ ਮਹੱਤਵਪੂਰਨ ਮੰਨਿਆ ਜਾਂਦਾ ਹੈ। ਕਲੱਬਾਂ ਅਤੇ ਜ਼ਿਲ੍ਹਿਆਂ ਨੂੰ ਬਿਹਤਰ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਨਾ ਇੱਕ ਮੁਸ਼ਕਲ ਕੰਮ ਹੈ, ਜਿਸਨੂੰ ਘਨਸ਼ਿਆਮ ਕਾਂਸਲ ਆਪਣੀ ਸੂਝ ਅਤੇ ਸੰਗਠਨਾਤਮਕ ਹੁਨਰ ਨਾਲ ਪੂਰਾ ਕਰਨਗੇ।

# ਕਾਲਜ ਕੈਡਿਟਾਂ ਨੂੰ 'ਅਗਨੀਵੀਰ' ਭਰਤੀ ਸਬੰਧੀ ਦਿੱਤੀ ਵਿਸਥਾਰਪੂਰਵਕ ਜਾਣਕਾਰੀ



**ਸੁਨਾਮ ਊਧਮ ਸਿੰਘ ਵਾਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਵਿਖੇ 14ਵੀਂ ਪੰਜਾਬ ਬਟਾਲੀਅਨ ਐਨਸੀਸੀ ਨਾਭਾ ਨੇ ਵਿਦਿਆਰਥੀਆਂ ਨੂੰ ਭਾਰਤੀ ਫੌਜ ਵਿੱਚ 'ਅਗਨੀਵੀਰ' ਵਜੋਂ ਭਰਤੀ ਹੋਣ ਬਾਰੇ ਜਾਗਰੂਕ ਕੀਤਾ। ਇਸ ਵਿਸ਼ੇਸ਼ ਸੈਸ਼ਨ ਦਾ ਉਦੇਸ਼ ਨੌਜਵਾਨਾਂ ਨੂੰ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਨਾ ਅਤੇ ਭਰਤੀ ਪ੍ਰਕਿਰਿਆ ਦੀਆਂ ਪੇਚੀਦਗੀਆਂ ਬਾਰੇ ਸਿੱਖਿਅਤ ਕਰਨਾ ਸੀ। ਇਸ ਦੌਰਾਨ ਕੇਂਦਰ ਸਰਕਾਰ ਵੱਲੋਂ ਵਿਸ਼ੇਸ਼ ਤੌਰ 'ਤੇ ਰਾਂਚੀ ਤੋਂ ਭੇਜੇ ਗਏ ਇਕਬਾਲ ਸਿੰਘ ਅਤੇ ਬਲਵਿੰਦਰ ਸਿੰਘ ਨੇ ਕੈਡਿਟਾਂ ਨੂੰ ਸੰਬੋਧਨ ਕੀਤਾ। ਇਸ ਦੌਰਾਨ ਬੁਲਾਰਿਆਂ ਨੇ ਕਈ ਮੁੱਖ ਨੁਕਤਿਆਂ 'ਤੇ ਜਾਣਕਾਰੀ ਪ੍ਰਦਾਨ ਕੀਤੀ, ਜਿਸ ਵਿੱਚ ਫੌਜੀ ਸਿਖਲਾਈ ਦੀ ਪ੍ਰਕਿਰਤੀ, ਸੇਵਾ ਦੌਰਾਨ ਉਪਲਬਧ ਸਹੂਲਤਾਂ ਅਤੇ ਭਵਿੱਖ ਦੇ ਲਾਭ ਸ਼ਾਮਲ ਹਨ। ਬਟਾਲੀਅਨ ਤੋਂ ਹਰਦੇਵ ਸਿੰਘ ਅਤੇ ਮਨਜਿੰਦਰ ਸਿੰਘ ਨੇ ਵੀ ਆਪਣੇ ਫੌਜੀ ਅਨੁਭਵ ਸਾਂਝੇ ਕੀਤੇ ਅਤੇ ਕੈਡਿਟਾਂ ਦਾ ਮਨੋਬਲ ਵਧਾਇਆ।

ਕਾਲਜ ਦੇ ਐਨਸੀਸੀ ਵਿੰਗ ਦੇ ਸੀਟੀਓ ਡਾ. ਕੁਲਦੀਪ ਸਿੰਘ ਬਾਹੀਆ ਨੇ ਆਏ ਫੌਜੀ ਅਧਿਕਾਰੀਆਂ ਦਾ ਸਵਾਗਤ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਫੌਜੀ ਭਰਤੀ ਵਿੱਚ ਐਨਸੀਸੀ ਸਰਟੀਫਿਕੇਟ ਦੀ ਮਹੱਤਤਾ ਅਤੇ ਇਹ ਉਨ੍ਹਾਂ ਦੇ ਕੈਰੀਅਰ ਦੇ ਰਸਤੇ ਨੂੰ ਕਿਵੇਂ ਆਸਾਨ ਬਣਾ ਸਕਦਾ ਹੈ, ਬਾਰੇ ਵੀ ਦੱਸਿਆ ਗਿਆ। ਵਿਦਿਆਰਥੀਆਂ ਨੂੰ ਐਨ.ਸੀ.ਸੀ. ਵਿੱਚ ਸ਼ਾਮਲ ਹੋ ਕੇ ਅਤੇ ਅਗਨੀਵੀਰ ਦੀ ਤਿਆਰੀ ਕਰਕੇ ਆਪਣੇ ਕਾਲਜ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨਾ ਚਾਹੀਦਾ ਹੈ। ਇਸ ਦੌਰਾਨ ਨੌਜਵਾਨਾਂ ਨੇ ਜਾਣਕਾਰੀ ਹਾਸਲ ਕਰਕੇ ਬੁਲਾਰਿਆਂ ਦਾ ਧੰਨਵਾਦ ਕੀਤਾ।

# ਉਦਯੋਗ ਦੇ ਆਲਮੀ ਦਿੱਗਜ਼ਾਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਨਿਵੇਸ਼ ਧੁਰੇ ਵਜੋਂ ਉਭਾਰਨ ਦੀ ਸ਼ਲਾਘਾ

➢ ਆਰਸੇਲਰ ਮਿੱਤਲ, ਟਾਟਾ ਸਟੀਲ, ਜੇ.ਐਸ.ਡਬਲਿਊ ਗਰੁੱਪ ਅਤੇ ਟ੍ਰਾਈਡੈਂਟ ਗਰੁੱਪ ਨੇ ਪੰਜਾਬ ਵਿੱਚ ਵੱਡੇ ਵਿਸਥਾਰ ਅਤੇ ਨਿਵੇਸ਼ ਯੋਜਨਾਵਾਂ ਦਾ ਕੀਤਾ ਐਲਾਨ
➢ ਉਦਯੋਗਪਤੀਆਂ ਨੇ ਪੰਜਾਬ ਸਰਕਾਰ ਦੀਆਂ ਨਿਵੇਸ਼-ਪੱਖੀ ਨੀਤੀਆਂ ਦੀ ਕੀਤੀ ਸ਼ਲਾਘਾ, ਹਜ਼ਾਰਾਂ ਕਰੋੜ ਰੁਪਏ ਦੇ ਨਵੇਂ ਨਿਵੇਸ਼ ਦਾ ਵਾਅਦਾ ਕੀਤਾ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਭਰ ਦੇ ਦਿੱਗਜ਼ ਉਦਯੋਗਪਤੀਆਂ ਨੇ ਅੱਜ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2026 ਦੌਰਾਨ ਪੰਜਾਬ ਨੂੰ ਨਿਵੇਸ਼ ਧੁਰੇ ਵਿੱਚ ਬਦਲਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ। ਇਨ੍ਹਾਂ ਪ੍ਰਮੁੱਖ ਉਦਯੋਗਪਤੀਆਂ ਨੇ ਪੰਜਾਬ ਸਰਕਾਰ ਦੀਆਂ ਨੀਤੀਆਂ ਦੀ ਸ਼ਲਾਘਾ ਕੀਤੀ ਅਤੇ ਰਾਜ ਵਿੱਚ ਨਵੇਂ ਨਿਵੇਸ਼ ਅਤੇ ਵਿਸਥਾਰ ਸਬੰਧੀ ਯੋਜਨਾਵਾਂ ਦਾ ਐਲਾਨ ਕੀਤਾ।

ਦੁਨੀਆ ਦੀ ਮੋਹਰੀ ਸਟੀਲ ਕੰਪਨੀ ਆਰਸੇਲਰ ਮਿੱਤਲ ਦੇ ਕਾਰਜਕਾਰੀ ਚੇਅਰਮੈਨ ਲਕਸ਼ਮੀ ਐਨ. ਮਿੱਤਲ ਨੇ ਕਿਹਾ, ਪੰਜਾਬ ਵਿੱਚ ਹੋਣਾ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿਉਂਕਿ ਇਹ ਧਰਤੀ ਸਖ਼ਤ ਮਿਹਨਤ, ਹੰਢਣਸਾਰਤਾ ਅਤੇ ਉਦਾਰਤਾ ਸਿਖਾਉਂਦੀ ਹੈ। ਪੰਜਾਬ ਮਹਿਜ਼ ਇਕ ਸੂਬਾ ਹੀ ਨਹੀਂ ਸਗੋਂ ਊਰਜਾ, ਹਿੰਮਤ ਅਤੇ ਅੱਗੇ ਵਧਣ ਦੀ ਲਈ ਦ੍ਰਿੜ ਇਰਾਦੇ ਦਾ ਨਾਂ ਹੈ। ਪੰਜਾਬੀ ਆਪਣੀ ਬੇਮਿਸਾਲ ਮਿਹਨਤ ਅਤੇ ਲਗਨ ਕਾਰਨ ਦੁਨੀਆ ਵਿੱਚ ਜਿੱਥੇ ਵੀ ਹਨ, ਉਥੇ ਹੀ ਆਪਣੀ ਵਿਲੱਖਣ ਪਛਾਣ ਰੱਖਦੇ ਹਨ।

ਉਨ੍ਹਾਂ ਕਿਹਾ, ਪੰਜਾਬੀਆਂ ਨੇ ਦੁਨੀਆ ਭਰ ਵਿੱਚ ਖੇਤਾਂ ਤੋਂ ਲੈ ਕੇ ਵਣਜ ਤੱਕ ਦ੍ਰਿੜ ਵਚਨਬੱਧਤਾ ਨਾਲ ਆਪਣੀ ਪਛਾਣ ਬਣਾਈ ਹੈ। ਬਠਿੰਡਾ ਤੇਲਸੋਧਕ ਕਾਰਖਾਨਾ ਨਵੀਨਤਮ ਤਕਨਾਲੋਜੀ ਨਾਲ ਪੰਜਾਬ ਵਿੱਚ ਆਉਣ ਵਾਲੇ ਉਦਯੋਗ ਲਈ ਮਜ਼ਬੂਤ ਨੀਂਹ ਹੈ। ਅਸੀਂ ਪੰਜਾਬ ਵਿੱਚ 60,000 ਕਰੋੜ ਤੋਂ ਵੱਧ ਦਾ ਨਿਵੇਸ਼ ਕੀਤਾ ਹੈ ਜੋ ਕਿ ਸੂਬੇ ਅੰਦਰ ਹੁਣ ਤੱਕ ਦਾ ਸਭ ਤੋਂ ਵੱਡਾ ਨਿਵੇਸ਼ ਹੈ। ਘਰੇਲੂ ਗੈਸ ਦੀ ਮੌਜੂਦਾ ਘਾਟ ਦੇ ਮੱਦੇਨਜ਼ਰ, ਰਿਫਾਇਨਰੀ ਨੇ ਉਤਪਾਦਨ 1000 ਟਨ ਤੋਂ ਵਧਾ ਕੇ 3000 ਟਨ ਪ੍ਰਤੀ ਦਿਨ ਕਰ ਦਿੱਤਾ ਹੈ। ਪੰਜਾਬ ਸਰਕਾਰ ਦੇ ਨਿਰੰਤਰ ਸਮਰਥਨ ਨਾਲ, ਅਸੀਂ 26,000 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਮੈਗਾ ਵਿਸ਼ਵ ਪੱਧਰੀ ਪੈਟਰੋਕੈਮੀਕਲ ਕੰਪਲੈਕਸ ਵੀ ਸਥਾਪਤ ਕੀਤਾ ਹੈ ਜੋ ਲਘੂ, ਛੋਟੇ ਅਤੇ ਦਰਮਿਆਨੇ ਉਦਯੋਗਾਂ ਨੂੰ ਵੱਡਾ ਹੁਲਾਰਾ ਦੇ ਰਿਹਾ ਹੈ ਅਤੇ ਪੰਜਾਬ ਵਿੱਚ ਸਮਾਜਿਕ ਅਤੇ ਆਰਥਿਕ ਵਿਕਾਸ ਨੂੰ ਗਤੀ ਪ੍ਰਦਾਨ ਕਰ ਰਿਹਾ ਹੈ।

ਲਕਸ਼ਮੀ ਐਨ. ਮਿੱਤਲ ਨੇ ਅੱਗੇ ਨਵੀਆਂ ਵਿਸਥਾਰ ਯੋਜਨਾਵਾਂ ਦਾ ਐਲਾਨ ਕੀਤਾ ਅਤੇ ਕਿਹਾ, ਸਾਡੀ ਕੰਪਨੀ ਨਵਿਆਉਣਯੋਗ ਅਤੇ ਟਿਕਾਊ ਊਰਜਾ ਵਿੱਚ ਆਪਣੀ ਭਾਗੀਦਾਰੀ ਵਧਾਏਗੀ। ਅਸੀਂ ਆਧੁਨਿਕ ਤਕਨਾਲੋਜੀ ਅਤੇ ਮਸ਼ੀਨੀ ਬੁੱਧੀਮਾਨਤਾ ਦੀ ਵਰਤੋਂ ਕਰਕੇ 500 ਫਿਊਲ ਸਟੇਸ਼ਨ ਸਥਾਪਤ ਕਰਕੇ ਪੈਟਰੋਲ ਪੰਪ ਖੇਤਰ ਵਿੱਚ ਪ੍ਰਵੇਸ਼ ਕਰਾਂਗੇ। ਪੰਜਾਬ ਵਿੱਚ ਪਹਿਲਾ ਪੈਟਰੋਲ ਪੰਪ ਜਲਦੀ ਹੀ ਬਠਿੰਡਾ ਵਿੱਚ ਸ਼ੁਰੂ ਕੀਤਾ ਜਾਵੇਗਾ। ਮੈਂ ਪੰਜਾਬ ਸਰਕਾਰ ਦੇ ਸਹਿਯੋਗ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੁਆਰਾ ਉਦਯੋਗਿਕ ਖੇਤਰ ਅਤੇ ਇਸਦੇ ਤੇਜ਼ ਵਿਕਾਸ ਨੂੰ ਤਰਜੀਹ ਦੇਣ ਲਈ ਵਿਖਾਈ ਗਈ ਨਿੱਜੀ ਦਿਲਚਸਪੀ ਦੀ ਸ਼ਲਾਘਾ ਕਰਦਾ ਹਾਂ। ਸਾਡੀ ਕੰਪਨੀ ਅਤੇ ਪੰਜਾਬ ਸਰਕਾਰ ਵਿਚਕਾਰ ਪੰਜਾਬ ਵਿੱਚ ਉਦਯੋਗਿਕ ਖੇਤਰ ਨੂੰ ਮਜ਼ਬੂਤ ਕਰਨ ਲਈ ਭਾਈਵਾਲੀ ਲੰਬੇ ਸਮੇਂ ਤੱਕ ਚੱਲੇਗੀ ਅਤੇ ਅਸੀਂ ਪੰਜਾਬ ਦੇ ਉਦਯੋਗਿਕ ਵਿਕਾਸ ਵਿੱਚ ਹੋਰ ਵੀ ਯੋਗਦਾਨ ਪਾਉਣ ਲਈ ਤਿਆਰ ਹਾਂ।

ਆਪਣੇ ਵਿਚਾਰ ਸਾਂਝੇ ਕਰਦੇ ਹੋਏ, ਹੀਰੋ ਐਂਟਰਪ੍ਰਾਈਜ਼ ਦੇ ਚੇਅਰਮੈਨ ਸੁਨੀਲ ਕਾਂਤ ਮੁੰਜਾਲ ਨੇ ਕਿਹਾ, ਪੰਜਾਬ ਸਰਕਾਰ ਪੰਜਾਬ ਨੂੰ ਉਦਯੋਗਿਕ ਰਾਹ ਤੇ ਵਾਪਸ ਲਿਆਉਣ ਲਈ ਸੁਹਿਰਦ ਯਤਨ ਕਰ ਰਹੀ ਹੈ। ਪੰਜਾਬ ਕਦੇ ਦੇਸ਼ ਵਿੱਚ ਆਰਥਿਕ ਤੌਰ 'ਤੇ ਮੋਹਰੀ ਸੂਬਾ ਸੀ ਅਤੇ ਹੁਣ ਉਦਯੋਗਿਕ ਵਿਕਾਸ, ਪ੍ਰਗਤੀਸ਼ੀਲ ਖੇਤੀਬਾੜੀ ਅਤੇ ਤਕਨਾਲੋਜੀ, ਸਿੱਖਿਆ, ਸਿਹਤ ਸੰਭਾਲ ਅਤੇ ਰੀਅਲ ਅਸਟੇਟ 'ਤੇ ਧਿਆਨ ਕੇਂਦਰਿਤ ਕਰਕੇ ਇਸਨੂੰ ਦੁਬਾਰਾ ਬਦਲਣ ਲਈ ਜ਼ੋਰਦਾਰ ਯਤਨ ਕੀਤੇ ਜਾ ਰਹੇ ਹਨ। ਇਹ ਸਮਾਗਮ ਉਦਯੋਗਪੱਖੀ ਨੀਤੀਆਂ ਨਾਲ ਪੰਜਾਬ ਵਿੱਚ ਉਦਯੋਗਿਕ ਕ੍ਰਾਂਤੀ ਨੂੰ ਪ੍ਰਤੱਖ ਰੂਪ ਦੇਣ ਵਿਚ ਬਹੁਤ ਮਦਦ ਕਰੇਗਾ।

ਉਨ੍ਹਾਂ ਅੱਗੇ ਕਿਹਾ, ਅੱਜ ਭਾਰਤ ਅਤੇ ਭਾਰਤੀ ਵਿਸ਼ਵ ਪੱਧਰ 'ਤੇ ਅਜਿਹੀ ਨਰੋਈ ਛਬੀ ਦਾ ਆਨੰਦ ਮਾਣਦੇ ਹਨ ਜੋ ਪਹਿਲਾਂ ਕਦੇ ਨਹੀਂ ਬਣੀ ਸੀ ਅਤੇ ਸਾਨੂੰ ਵਿਕਾਸ ਨੂੰ ਤੇਜ਼ ਕਰਨ ਲਈ ਇਸ ਮੌਕੇ ਦਾ ਪੂਰਾ ਫਾਇਦਾ ਉਠਾਉਣਾ ਚਾਹੀਦਾ ਹੈ। ਪੰਜਾਬ ਨੂੰ ਦੇਸ਼ ਦੇ ਮੋਹਰੀ ਰਾਜਾਂ ਵਿੱਚ ਲਿਜਾਣ ਲਈ ਇਸ ਗਤੀ ਨੂੰ ਬਣਾਈ ਰੱਖਣਾ ਮਹੱਤਵਪੂਰਨ ਹੈ, ਕਿਉਂਕਿ ਬਹੁਤ ਸਾਰੇ ਖੇਤਰ ਵਿਕਾਸ ਲਈ ਇੱਕ ਦੂਜੇ 'ਤੇ ਨਿਰਭਰ ਹਨ। ਮੈਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵੀ ਸ਼ਲਾਘਾ ਕਰਦਾ ਹਾਂ ਜਿਨ੍ਹਾਂ ਨੇ ਪੰਜਾਬ ਦੇ ਆਰਥਿਕ ਵਿਕਾਸ ਨੂੰ ਤੇਜ਼ ਕਰਨ ਵਾਲੀਆਂ ਕਈ ਨਿਵੇਕਲੀਆਂ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ।

ਟਾਟਾ ਸਟੀਲ ਲਿਮਟਿਡ ਦੇ ਸੀ.ਈ.ਓ ਅਤੇ ਮੈਨੇਜਿੰਗ ਡਾਇਰੈਕਟਰ ਟੀ. ਵੀ. ਨਰਿੰਦਰਨ ਨੇ ਕਿਹਾ, ਮੈਂ ਪੰਜਾਬ ਸਰਕਾਰ, ਖਾਸ ਕਰਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਾਹਣਾ ਕਰਦਾ ਹਾਂ, ਜਿਨ੍ਹਾਂ ਨੇ ਲੁਧਿਆਣਾ ਵਿੱਚ ਟਾਟਾ ਪ੍ਰੋਜੈਕਟ ਨੂੰ ਹਕੀਕਤ ਵਿੱਚ ਬਦਲ ਦਿੱਤਾ ਹੈ ਅਤੇ ਇਹ ਪ੍ਰਾਜੈਕਟ ਹੁਣ ਉਦਘਾਟਨ ਦੇ ਪੜਾਅ 'ਤੇ ਹੈ। ਸਾਨੂੰ ਪੰਜਾਬ ਵਿੱਚ ਇੱਕ ਸ਼ਾਨਦਾਰ ਤਜਰਬਾ ਹੋਇਆ ਹੈ। ਸਾਡੇ ਪ੍ਰੋਜੈਕਟ ਨੂੰ ਦੋ ਸਾਲ ਪਹਿਲਾਂ ਮਨਜ਼ੂਰੀ ਦਿੱਤੀ ਗਈ ਸੀ ਅਤੇ ਪੰਜਾਬ ਸਰਕਾਰ ਦੁਆਰਾ ਦਿੱਤੇ ਗਏ ਨਿਰੰਤਰ ਸਮਰਥਨ ਅਤੇ ਸਹਿਯੋਗ ਕਾਰਨ ਇਸਨੂੰ ਸੁਚਾਰੂ ਢੰਗ ਨਾਲ ਚਲਾਇਆ ਗਿਆ ਹੈ।



ਉਨ੍ਹਾਂ ਅੱਗੇ ਕਿਹਾ, ਇਹ ਪਲਾਂਟ ਦੁਨੀਆ ਵਾਤਾਵਰਣ ਪੱਖੀ ਅਤੇ ਸਾਫ਼ ਸਟੀਲ ਪੈਦਾ ਕਰਨ ਲਈ ਊਰਜਾ-ਕੁਸ਼ਲ ਤਕਨੀਕਾਂ ਦੀ ਵਰਤੋਂ ਕਰਨ ਵਾਲੀਆਂ ਨਵੀਨਤਮ ਸਹੂਲਤਾਂ ਵਿੱਚੋਂ ਇੱਕ ਹੋਵੇਗਾ। ਟਾਟਾ ਦਾ 3200 ਕਰੋੜ ਰੁਪਏ ਦਾ ਇਹ ਸਟੀਲ ਪਲਾਂਟ ਸਿਰਫ ਸ਼ੁਰੂਆਤ ਹੈ ਅਤੇ ਆਉਂਦੇ ਸਮੇਂ ਵਿੱਚ ਹੋਰ ਵੀ ਬਹੁਤ ਨਿਵੇਸ਼ ਹੋਵੇਗਾ।

ਇਕੱਠ ਨੂੰ ਸੰਬੋਧਨ ਕਰਦੇ ਹੋਏ, ਰਾਜ ਸਭਾ ਮੈਂਬਰ ਅਤੇ ਟ੍ਰਾਈਡੈਂਟ ਗਰੁੱਪ ਦੇ ਚੇਅਰਮੈਨ ਰਾਜਿੰਦਰ ਗੁਪਤਾ ਨੇ ਕਿਹਾ, ਇਹ ਪੰਜਾਬ ਲਈ ਸੱਚਮੁੱਚ ਇੱਕ ਨਵੀਂ ਸ਼ੁਰੂਆਤ ਹੈ ਕਿਉਂਕਿ ਪੰਜਾਬ ਸਰਕਾਰ ਨੇ ਉਦਯੋਗ ਲਈ ਪ੍ਰਭਾਵਸ਼ਾਲੀ ਨੀਤੀਆਂ ਲਿਆਂਦੀਆਂ ਹਨ ਜੋ ਇਤਿਹਾਸ ਰਚ ਰਹੀਆਂ ਹਨ। ਇਹ ਨਵੀਆਂ ਨੀਤੀਆਂ ਉਦਯੋਗਿਕ ਭਾਈਵਾਲਾਂ, ਖਾਸ ਕਰਕੇ ਨੌਜਵਾਨਾਂ, ਵਾਤਾਵਰਣ ਅਤੇ ਉੱਚ-ਤਕਨੀਕੀ ਖੇਤਰਾਂ ਦੇ ਮੁੱਦਿਆਂ ਅਤੇ ਸਰੋਕਾਰਾਂ ਨੂੰ ਸੰਬੋਧਿਤ ਕਰਦੀਆਂ ਹਨ।

ਉਨ੍ਹਾਂ ਇਹ ਵੀ ਐਲਾਨ ਕੀਤਾ, ਟ੍ਰਾਈਡੈਂਟ ਗਰੁੱਪ ਅਗਲੇ ਦੋ ਸਾਲਾਂ ਵਿੱਚ ਪੰਜਾਬ ਵਿੱਚ 5000 ਕਰੋੜ ਰੁਪਏ ਦਾ ਨਿਵੇਸ਼ ਕਰੇਗਾ ਅਤੇ ਟੈਕਸਟਾਈਲ ਸੈਕਟਰ ਵਿੱਚ 10,000 ਤੋਂ ਵੱਧ ਨੌਕਰੀਆਂ ਦੇ ਮੌਕੇ ਪੈਦਾ ਕੀਤੇ ਜਾਣਗੇ ਜਿਨਾਂ ਵਿਚੋਂ 5000 ਮਹਿਲਾਵਾਂ ਲਈ ਹੋਣਗੀਆਂ।

ਰਜਿੰਦਰ ਗੁਪਤਾ ਨੇ ਅੱਗੇ ਕਿਹਾ, ਪੰਜਾਬ ਸਰਕਾਰ ਉਦਯੋਗਿਕ ਖੇਤਰ ਵਿੱਚ ਇੱਕ ਨਵੀਂ ਸਵੇਰ ਨੂੰ ਯਕੀਨੀ ਬਣਾਉਣ ਲਈ ਕੀਤੇ ਗਏ ਸੁਹਿਰਦ ਯਤਨਾਂ ਲਈ ਪ੍ਰਸ਼ੰਸਾ ਦੀ ਹੱਕਦਾਰ ਹੈ। ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਇੱਕ ਵਾਰ ਫਿਰ ਉਦਯੋਗਿਕ ਵਿਕਾਸ ਵਿੱਚ ਚੋਟੀ ਦੇ ਦਸ ਰਾਜਾਂ ਵਿੱਚ ਗਿਣਿਆ ਜਾਵੇਗਾ। ਇਹ ਪੰਜਾਬ ਲਈ ਇਸ ਖੇਤਰ ਵਿੱਚ ਹੋਰ ਬੁਲੰਦੀਆਂ ਛੋਹਣ ਦਾ ਸਹੀ ਸਮਾਂ ਹੈ। ਉਦਯੋਗਿਕ ਖੇਤਰ ਵਿੱਚ ਪੰਜਾਬ ਦਾ ਵਿਕਾਸ ਬੇਮਿਸਾਲ ਅਤੇ ਤੁਲਨਾ ਤੋਂ ਪਰੇ ਹੈ।

ਜੇ.ਐਸ. ਡਬਲਿਊ ਗਰੁੱਪ ਦੇ ਚੇਅਰਮੈਨ ਸੱਜਣ ਜਿੰਦਲ ਨੇ ਵੀ ਵਿਸਥਾਰ ਯੋਜਨਾਵਾਂ ਦਾ ਐਲਾਨ ਕੀਤਾ ਅਤੇ ਕਿਹਾ, ਮੇਰਾ ਪਿਛੋਕੜ ਪੰਜਾਬ ਨਾਲ ਜੁੜਿਆ ਹੈ ਅਤੇ ਮੈਨੂੰ ਪੰਜਾਬ ਦੀ ਵਿਕਾਸ ਦੇ ਸਫਰ ਨਾਲ ਜੁੜੇ ਹੋਣ 'ਤੇ ਮਾਣ ਹੈ। ਅਸੀਂ ਆਪਣੇ ਰਾਜਪੁਰਾ ਪਲਾਂਟ ਦਾ ਵਿਸਥਾਰ ਕਰਾਂਗੇ ਅਤੇ ਸਟੀਲ ਖੇਤਰ ਵਿੱਚ ਸਮਰੱਥਾ ਵਧਾਉਣ ਲਈ 3000 ਕਰੋੜ ਦਾ ਨਿਵੇਸ਼ ਕਰਾਂਗੇ। ਉਨ੍ਹਾਂ ਅੱਗੇ ਕਿਹਾ, ਪੰਜਾਬ ਰਵਾਇਤੀ ਤੌਰ 'ਤੇ ਖੇਤੀਬਾੜੀ ਲਈ ਜਾਣਿਆ ਜਾਂਦਾ ਹੈ ਪਰ ਅੱਜ ਇਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੁਆਰਾ ਪੇਸ਼ ਕੀਤੀਆਂ ਗਈਆਂ ਪ੍ਰਗਤੀਸ਼ੀਲ ਅਤੇ ਨਿਵੇਸ਼ ਪੱਖੀ ਨੀਤੀਆਂ ਕਾਰਨ ਇੱਕ ਮਜਬੂਤ ਉਦਯੋਗਿਕ ਹੱਬ ਵਜੋਂ ਉੱਭਰ ਰਿਹਾ ਹੈ। ਉੱਦਮਤਾ ਪੰਜਾਬੀਆਂ ਦੇ ਖੂਨ ਵਿੱਚ ਦੌੜਦੀ ਹੈ ਅਤੇ ਉਹ ਦੁਨੀਆ ਦੇ ਹਰ ਕੋਨੇ ਵਿੱਚ ਪੰਜਾਬ ਨੂੰ ਮਾਣ ਦਿਵਾਉਂਦੇ ਰਹਿੰਦੇ ਹਨ। ਮੈਂ ਇਨਵੈਸਟ ਪੰਜਾਬ ਸੰਮੇਲਨ ਦੇ ਆਯੋਜਨ ਅਤੇ ਇਸਦੀਆਂ ਸਰਗਰਮ ਪਹਿਲਕਦਮੀਆਂ ਲਈ ਵੀ ਪੰਜਾਬ ਸਰਕਾਰ ਦੀ ਸ਼ਲਾਘਾ ਕਰਦਾ ਹਾਂ ਜੋ ਪੰਜਾਬ ਨੂੰ ਉਦਯੋਗ ਅਤੇ ਵਿਕਾਸ ਲਈ ਭਾਰਤ ਦੇ ਮੋਹਰੀ ਸਥਾਨਾਂ ਵਿੱਚੋਂ ਇੱਕ ਵਜੋਂ ਸਥਾਪਿਤ ਕਰ ਰਹੀਆਂ ਹਨ।

# ਪੰਜਾਬ ਗਊ ਸੇਵਾ ਕਮਿਸ਼ਨ ਗਊਧਨ ਦੀ ਸਾਂਭ-ਸੰਭਾਲ ਯਕੀਨੀ ਬਣਾਉਣ ਲਈ ਵਚਨਬੱਧ : ਕੀਮਤੀ ਭਗਤ

**ਜਲੰਧਰ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਗਊ ਸੇਵਾ ਕਮਿਸ਼ਨ ਦੇ ਉਪ ਚੇਅਰਮੈਨ ਕੀਮਤੀ ਭਗਤ ਨੇ ਅੱਜ ਕਿਹਾ ਕਿ ਪੰਜਾਬ ਗਊ ਸੇਵਾ ਕਮਿਸ਼ਨ ਗਊਧਨ ਦੀ ਸਾਂਭ-ਸੰਭਾਲ ਯਕੀਨੀ ਬਣਾਉਣ ਲਈ ਵਚਨਬੱਧ ਹੈ।

ਇਥੇ ਸਰਕਟ ਹਾਊਸ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਉਪ ਚੇਅਰਮੈਨ ਨੇ ਕਿਹਾ ਕਿ ਬੇਸਹਾਰਾ ਗਊਧਨ ਦੀ ਸੁਚੱਜੀ ਸੇਵਾ ਸੰਭਾਲ ਨੂੰ ਯਕੀਨੀ ਬਣਾਉਣ ਲਈ ਬਿਹਤਰ ਤਾਲਮੇਲ ਲਈ ਕਮਿਸ਼ਨ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਮੀਟਿੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਅਜਿਹੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ ਤਾਂ ਜੋ ਪ੍ਰਸ਼ਾਸਨ, ਗਊਸ਼ਾਲਾਵਾਂ ਅਤੇ ਆਮ ਲੋਕਾਂ ਦੇ ਸਹਿਯੋਗ ਨਾਲ ਬੇਸਹਾਰਾ ਗਊਧਨ ਨੂੰ ਗਊਸ਼ਲਾਵਾਂ ਵਿੱਚ ਤਬਦੀਲ ਕੀਤਾ ਸਕੇ।

ਸ਼੍ਰੀ ਭਗਤ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬੇਸਹਾਰਾ ਗਊਧਨ ਦੀ ਸਮੱਸਿਆ ਨੂੰ ਹੱਲ ਕਰਨ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਬੇਸਹਾਰਾ ਗਊ ਧਨ ਨੂੰ ਢੁੱਕਵਾਂ ਆਸਰਾ ਤੇ ਸਾਂਭ-ਸੰਭਾਲ ਮਿਲੇ ਅਤੇ ਕੀਮਤੀ ਮਨੁੱਖੀ ਜਾਨਾਂ ਦਾ ਨੁਕਸਾਨ ਨਾ ਹੋਵੇ, ਇਹ ਯਕੀਨੀ ਬਣਾਉਣ ਲਈ ਗਊ ਸੇਵਾ ਕਮਿਸ਼ਨ ਵੱਲੋਂ ਹਰ ਸੰਭਵ ਉਪਰਾਲਾ ਕੀਤਾ ਜਾਵੇਗਾ।



ਉਪ ਚੇਅਰਮੈਨ ਨੇ ਇਸ ਮੌਕੇ ਜਲੰਧਰ ਪ੍ਰਸ਼ਾਸਨ ਵੱਲੋਂ ਬੇਸਹਾਰਾ ਗਊਧਨ ਨੂੰ ਗਊਸ਼ਲਾਵਾਂ ਵਿੱਚ ਤਬਦੀਲ ਕੀਤੇ ਜਾਣ ਲਈ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਕੰਨੀਆਂ ਕਲਾਂ ਗਊਸ਼ਾਲਾ ਵਿੱਚ ਕਰੀਬ ਇਕ ਹਜ਼ਾਰ ਗਊਧਨ ਮੌਜੂਦ ਹੈ ਅਤੇ ਕਰਤਾਪੁਰ ਗਊਸ਼ਾਲਾ, ਜੋ ਕਿ ਇਸ ਸਾਲ ਜਨਵਰੀ ਮਹੀਨੇ ਸ਼ੁਰੂ ਹੋਈ ਹੈ, ਵਿੱਚ ਕਰੀਬ 100 ਬੇਸਹਾਰਾ ਗਊ ਧਨ ਭੇਜੇ ਜਾ ਚੁੱਕੇ ਹਨ।

ਉਨ੍ਹਾਂ ਸਬੰਧਤ ਅਧਿਕਾਰੀਆਂ ਅਤੇ ਆਮ ਲੋਕਾਂ ਨੂੰ ਗਊ ਧਨ ਦੀ ਸਾਂਭ-ਸੰਭਾਲ ਵਿੱਚ ਗਊ ਸੇਵਾ ਕਮਿਸ਼ਨ ਅਤੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਵਿੱਚ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ।

ਇਸ ਤੋਂ ਪਹਿਲਾਂ ਪੰਜਾਬ ਗਊ ਸੇਵਾ ਕਮਿਸ਼ਨ ਦੇ ਉਪ ਚੇਅਰਮੈਨ ਕੀਮਤੀ ਭਗਤ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਅਤੇ ਪ੍ਰਾਈਵੇਟ ਗਊਸ਼ਲਾਵਾਂ ਦੇ ਪ੍ਰਬੰਧਕਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਵੀ ਮੌਜੂਦ ਸਨ।

ਮੀਟਿੰਗ ਦੌਰਾਨ ਉਨ੍ਹਾਂ ਜ਼ਿਲ੍ਹੇ ਵਿੱਚ ਗਊ ਸੈੱਸ ਦੀ ਕੁਲੈਕਸ਼ਨ, ਗਊਸ਼ਾਲਾਵਾਂ ਵਿੱਚ ਗਊ ਧਨ ਦੀ ਸਮੇਂ ਸਿਰ ਵੈਕਸੀਨੇਸ਼ਨ ਆਦਿ ਦਾ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜੋ ਕੁਝ ਡੇਅਰੀ ਫਾਰਮ ਗਊਧਨ ਨੂੰ ਸਵੇਰੇ ਸੜਕਾਂ ?'ਤੇ ਛੱਡ ਦਿੰਦੇ ਹਨ, 'ਤੇ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਇਸ ਦੌਰਾਨ ਉਨ੍ਹਾਂ ਕੰਨੀਆਂ ਕਲਾਂ ਗਊਸ਼ਾਲਾ ਵਿਖੇ ਮੁਰੰਮਤ ਅਧੀਨ ਸ਼ੈੱਡ ਅਤੇ 2 ਨਵੇਂ ਬਣਨ ਵਾਲੇ ਸ਼ੈੱਡਾਂ ਸਬੰਧੀ ਪ੍ਰਕਿਰਿਆ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ 2 ਮਹੀਨੇ ਦੇ ਅੰਦਰ ਨਵੇਂ ਸ਼ੈੱਡਾਂ ਦਾ ਕੰਮ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।

ਇਸ ਦੌਰਾਨ ਉਨ੍ਹਾਂ ਪ੍ਰਾਈਵੇਟ ਗਊਸ਼ਾਲਾਵਾਂ ਦੇ ਪ੍ਰਬੰਧਕਾਂ ਨੂੰ ਗਊ ਧਨ ਦੀ ਸਾਂਭ-ਸੰਭਾਲ ਵਿੱਚ ਪੂਰਾ ਸਹਿਯੋਗ ਦੇਣ ਦਾ ਭਰੋਸਾ ਵੀ ਦਿਵਾਇਆ। ਉਪਰੰਤ ਉਪ ਚੇਅਰਮੈਨ ਕੀਮਤੀ ਭਗਤ ਵੱਲੋਂ ਕੰਨੀਆਂ ਕਲਾਂ ਗਊਸ਼ਾਲਾ ਦਾ ਦੌਰਾ ਵੀ ਕੀਤਾ ਗਿਆ।

ਮੀਟਿੰਗ ਵਿੱਚ ਜੁਆਇੰਟ ਕਮਿਸ਼ਨਰ ਨਗਰ ਨਿਗਮ ਜਲੰਧਰ ਮਨਦੀਪ ਕੌਰ, ਐਸ.ਡੀ.ਐਮ. ਸ਼ਾਹਕੋਟ ਆਦਿਤਿਆ ਗੁਪਤਾ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾ. ਸੁਖਵਿੰਦਰ ਸਿੰਘ, ਸਹਾਇਕ ਡਾਇਰੈਕਟਰ ਡਾ. ਕੁਲਵਿੰਦਰ ਸਿੰਘ ਅਤੇ ਡਾ. ਬਲਵੀਰ ਸਿੰਘ ਤੋਂ ਇਲਾਵਾ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਅਤੇ ਪ੍ਰਾਈਵੇਟ ਗਊਸ਼ਲਾਵਾਂ ਦੇ ਪ੍ਰਬੰਧਕ ਮੌਜੂਦ ਸਨ।

# ਆਂਗਣਵਾੜੀ ਸੈਂਟਰਾਂ ਵਿੱਚ ਆਂਗਣਵਾੜੀ ਓਲੰਪਿਕ ਖੇਡਾਂ-2026 ਦਾ ਆਯੋਜਨ



**ਮਲੇਰਕੋਟਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਪਰਦੀਪ ਸਿੰਘ ਗਿੱਲ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਦੇ ਵੱਖ-ਵੱਖ ਆਂਗਣਵਾੜੀ ਸੈਂਟਰਾਂ ਵਿੱਚ ਛੋਟੀਆਂ ਬੱਚਿਆਂ ਵਿੱਚ ਮੁੱਢਲੀ ਸਿੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਕਰਵਾਏ ਗਏ।

ਮੁੱਢਲੀ ਸਿੱਖਿਆ ਅਤੇ ਦੇਖਭਾਲ ਦਿਵਸ ਮੌਕੇ 3 ਤੋਂ 6 ਸਾਲ ਦੇ ਬੱਚਿਆਂ ਦੇ ਸਮੂਹਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਜ਼ਿਲੇ ਦੇ ਸਮੂਹ 545 ਆਂਗਣਵਾੜੀ ਸੈਂਟਰਾਂ ਵਿੱਚ ਖੇਡੋ-ਸਿੱਖੋ-ਅੱਗੇ ਵਧੋ (Play-Learn-Grow)" ਥੀਮ ਹੇਠ ਆਂਗਣਵਾੜੀ ਓਲੰਪਿਕ ਖੇਡਾਂ-2026 ਮਨਾਇਆ ਗਿਆ।

ਇਸ ਮੌਕੇ ਆਂਗਣਵਾੜੀ ਸੈਂਟਰਾਂ ਵਿੱਚ ਬੱਚਿਆਂ ਲਈ ਵੱਖ-ਵੱਖ ਮਨੋਰੰਜਕ ਅਤੇ ਸਿਖਲਾਈ ਭਰੀਆਂ ਖੇਡ ਗਤੀਵਿਧੀਆਂ ਕਰਵਾਈਆਂ ਗਈਆਂ। ਇਨ੍ਹਾਂ ਵਿੱਚ ਦੌੜ ਮੁਕਾਬਲੇ, ਨਿੰਬੂ-ਚਮਚਾ ਦੌੜ, ਬੋਰੀ ਦੌੜ, ਗੇਂਦ ਨਾਲ ਖੇਡਾਂ, ਰੁਕਾਵਟ ਦੌੜ, ਛੱਡਣ ਅਤੇ ਸੰਤੁਲਨ ਬਣਾਉਣ ਵਾਲੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਇਹ ਗਤੀਵਿਧੀਆਂ ਬੱਚਿਆਂ ਨੂੰ ਖੇਡ-ਖੇਡ ਵਿੱਚ ਸਿੱਖਣ ਦਾ ਮੌਕਾ ਦਿੰਦੀਆਂ ਹਨ ਅਤੇ ਉਨ੍ਹਾਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਬੱਚਿਆਂ ਦੀਆਂ ਮੋਟਰ ਸਕਿਲਜ਼ ਨੂੰ ਮਜ਼ਬੂਤ ਕਰਨਾ, ਉਨ੍ਹਾਂ ਵਿੱਚ ਆਤਮਵਿਸ਼ਵਾਸ ਪੈਦਾ ਕਰਨਾ ਹੈ। ਇਸ ਦੇ ਨਾਲ-ਨਾਲ ਬੱਚਿਆਂ ਵਿੱਚ ਟੀਮ ਵਰਕ, ਅਨੁਸ਼ਾਸਨ ਅਤੇ ਸਿਹਤਮੰਦ ਮੁਕਾਬਲੇ ਦੀ ਭਾਵਨਾ ਵੀ ਵਿਕਸਿਤ ਹੁੰਦੀ ਹੈ।

ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਵੱਲੋਂ ਬੱਚਿਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਗਿਆ ਅਤੇ ਮਾਪਿਆਂ ਨੂੰ ਵੀ ਇਸ ਪ੍ਰੋਗਰਾਮ ਨਾਲ ਜੋੜਿਆ ਗਿਆ ਤਾਂ ਜੋ ਬੱਚਿਆਂ ਦੇ ਵਿਕਾਸ ਵਿੱਚ ਘਰ ਅਤੇ ਆਂਗਣਵਾੜੀ ਸੈਂਟਰ ਦੋਹਾਂ ਦਾ ਸਾਂਝਾ ਯੋਗਦਾਨ ਬਣ ਸਕੇ।

ਆਂਗਣਵਾੜੀ ਓਲੰਪਿਕ ਖੇਡਾਂ-2026 ਦੇ ਆਯੋਜਨ ਨਾਲ ਬੱਚਿਆਂ ਨੂੰ ਖੁਸ਼ਗਵਾਰ ਅਤੇ ਸਿੱਖਣ ਭਰਪੂਰ ਵਾਤਾਵਰਣ ਪ੍ਰਦਾਨ ਕੀਤਾ ਗਿਆ।

ਇਸ ਮੌਕੇ ਆਂਗਣਵਾੜੀ ਵਰਕਰ ਪਰਮਜੀਤ ਕੌਰ, ਸਰਬਜੀਤ ਕੌਰ, ਰਿਸ਼ੂ ਚੋਪੜਾ, ਕੁਲਵਿੰਦਰ ਕੌਰ, ਜਸਵੀਰ ਕੌਰ, ਹਰਪ੍ਰੀਤ ਕੌਰ, ਨੀਸ਼ਾ ਗੁਪਤਾ, ਜਸਪ੍ਰੀਤ ਕੌਰ, ਗੁਰਜੀਤ ਕੌਰ, ਸੁਖਪਾਲ ਕੌਰ ਅਤੇ ਕਮਲਜੀਤ ਕੌਰ ਹਾਜ਼ਰ ਸਨ।

ਬਾਲ ਕਹਾਣੀ

ਰਵਿੰਦਰ ਲਾਲਪੁਰੀ

94634-52261

*ਸਖ਼ਤ ਮਿਹਨਤ ਇਕ ਦਿਨ ਜ਼ਰੂਰ ਰੰਗ ਲਿਆਉਂਦੀ ਹੈ। ਜ਼ਿੰਦਗੀ 'ਚ ਹਮੇਸ਼ਾ ਉਹ ਬੱਚੇ ਹੀ ਕਾਮਯਾਬ ਹੁੰਦੇ ਹਨ ਜੋ ਲਗਾਤਾਰ ਮਿਹਨਤ ਕਰਦੇ ਰਹਿੰਦੇ ਹਨ। ਜੇ ਅਸਫ਼ਲਤਾ ਮਿਲਦੀ ਵੀ ਹੈ ਤਾਂ ਉਸ ਤੋਂ ਘਬਰਾਉਣਾ ਨਹੀਂ ਚਾਹੀਦਾ....*



# ਘੁਮੰਡ ਦਾ ਸਿਰ ਨੀਵਾਂ

ਰੋਕੀ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ। ਹਰ ਸਾਲ ਕਲਾਸ ਵਿਚ ਅੱਵਲ ਆਉਂਦਾ ਪਰ ਇਸ ਗੁਣ ਨੇ ਉਸ ਵਿਚ ਹੌਲੀ-ਹੌਲੀ ਹੰਕਾਰ ਦਾ ਬੀਜ ਬੋਅ ਦਿੱਤਾ ਸੀ। ਜਿਸ ਕਾਰਨ ਉਹ ਕਮਜ਼ੋਰ ਵਿਦਿਆਰਥੀਆਂ ਦਾ ਮਜ਼ਾਕ ਉਡਾਉਂਦਾ ਰਹਿੰਦਾ। ਉਸਨੂੰ ਲਗਦਾ ਕਿ ਉਸਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ।

ਇਕ ਦਿਨ ਸਤਿੰਦਰ ਨੂੰ ਗਣਿਤ ਦੇ ਇਕ ਸਵਾਲ ਵਿਚ ਦਿੱਕਤ ਆ ਰਹੀ ਸੀ ਜਿਸ ਨੂੰ ਲੈ ਕੇ ਆਪਣੇ ਅਧਿਆਪਕ ਕੋਲ ਗਿਆ ਪਰ ਅਧਿਆਪਕ ਉਸ ਸਮੇਂ ਕਿਸੇ ਦਫ਼ਤਰੀ ਕੰਮ ਵਿਚ ਵਿਅਸਤ ਸਨ ਤੇ ਉਨ੍ਹਾਂ ਨੇ ਰੋਕੀ ਨੂੰ ਬੁਲਾ ਕੇ ਸਤਿੰਦਰ ਦੀ ਮਦਦ ਕਰਨ ਲਈ ਕਿਹਾ। ਸਵਾਲ ਸਮਝਾਉਣ ਸਮੇਂ ਆਪਣੇ ਦੋਸਤਾਂ ਨਾਲ ਮਿਲ ਕੇ ਰੋਕੀ ਨੇ ਸਤਿੰਦਰ ਦਾ ਬਹੁਤ ਮਜ਼ਾਕ ਉਡਾਇਆ। ਸਤਿੰਦਰ ਨੂੰ ਬਹੁਤ ਬੁਰਾ ਲੱਗਾ ਤੇ ਉਸਨੇ ਘਰ ਆ ਕੇ ਇਹ ਸਾਰਾ ਵਾਕਿਆ ਆਪਣੇ ਦਾਦਾ ਜੀ ਨਾਲ ਸਾਂਝਾ ਕੀਤਾ ਜੋ ਇਕ ਰਿਟਾਇਰ ਅਧਿਆਪਕ ਸਨ। ਦਾਦਾ ਜੀ ਨੇ ਸਾਰਾ ਵਾਕਿਆ ਬੜੇ ਧਿਆਨ ਨਾਲ ਸੁਣਿਆ। ਸੁਣਨ ਤੋਂ ਬਾਅਦ ਦਾਦਾ ਜੀ ਨੇ ਸਤਿੰਦਰ ਨੂੰ ਖ਼ਰਗੋਸ਼ ਤੇ ਕੱਛੂ ਵਾਲੀ ਕਹਾਣੀ ਸੁਣਾਈ ਤੇ ਪੂਰੀ ਲਗਨ ਨਾਲ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਸਤਿੰਦਰ ਨੇ ਵੀ ਦਾਦਾ ਜੀ ਦੇ ਦੱਸੇ ਅਨੁਸਾਰ ਪੂਰੀ ਲਗਨ ਨਾਲ ਪੜ੍ਹਾਈ ਕਰਨ ਲੱਗਾ। ਦੂਜੇ ਪਾਸੇ ਰੋਕੀ ਆਪਣੇ ਹੰਕਾਰ ਕਾਰਨ ਪੜ੍ਹਾਈ ਵਿਚ ਅਵੇਸਲਾ ਹੁੰਦਾ ਗਿਆ।

ਸਮਾਂ ਬੀਤਦਾ ਗਿਆ, ਇਮਤਿਹਾਨ ਹੋ ਗਏ। ਨਤੀਜੇ ਵਾਲੇ ਦਿਨ ਜਦੋਂ ਨਤੀਜਾ ਐਲਾਨਿਆ ਗਿਆ ਤਾਂ ਸਭ ਦੀ ਹੈਰਾਨੀ ਦੀ ਹੱਦ ਨਾ ਰਹੀ। ਜਦੋਂ ਦੂਜੇ ਸਥਾਨ 'ਤੇ ਰੋਕੀ ਦਾ ਨਾਂ ਤੇ ਪਹਿਲੇ ਸਥਾਨ 'ਤੇ ਸਤਿੰਦਰ ਦਾ ਨਾਂ ਲਿਆ ਗਿਆ ਤਾਂ ਰੋਕੀ ਦਾ ਘੁਮੰਡ ਚੂਰ ਚੂਰ ਹੋ ਗਿਆ।

## ਸਵਾਲ ਜਵਾਬ

1. ਭਾਰਤ ਦੇ ਸੰਵਿਧਾਨ ਸਭਾ ਦੀ ਪਹਿਲੀ ਬੈਠਕ ਕਦੋਂ ਹੋਈ?
**9 ਦਸੰਬਰ 1946**
2. ਤਰਾਈਨ ਦੀ ਪਹਿਲੀ ਲੜਾਈ ਕਦੋਂ ਅਤੇ ਕਿਨ੍ਹਾਂ ਵਿਚਕਾਰ ਹੋਈ?
**1191 ਵਿਚ ਪ੍ਰਿਥਵੀ ਰਾਜ ਚੌਹਾਨ ਅਤੇ ਮੁਹੰਮਦ ਗੋਰੀ ਵਿਚਕਾਰ।**
3. ਹਾਵੜਾ ਬ੍ਰਿਜ ਕਿੱਥੇ ਹੈ?
**ਹੁਗਲੀ ਨਦੀ (ਪੱਛਮੀ ਬੰਗਾਲ)**
4. ਚਾਰਮੀਨਾਰ ਕਿੱਥੇ ਹੈ?
**ਹੈਦਰਾਬਾਦ।**
5. ਭਾਰਤ ਵਿਚ ਪਹਿਲੀ ਮੈਟਰੋ ਕਿੱਥੇ ਤੇ ਕਦੋਂ ਚੱਲੀ?
**ਕਲਕੱਤਾ ਤੋਂ ਦਮਦਮ ਵਿਚ 24 ਅਕਤੂਬਰ 1984**
6. ਮਹਾਂਭਾਰਤ ਵਿਚ ਭੀਸ਼ਮ ਪਿਤਾਮਾ ਦੀ ਮਾਤਾ ਦਾ ਨਾਂ ਦੱਸੋ।
**ਗੰਗਾ।**
7. 2017 ਦੀ ਮਿਸ ਵਰਲਡ ਕੌਣ ਹੈ?
**ਮਾਨੁਸ਼ੀ ਚਿੱਲਰ।**
8. ਮਹਾਰਾਜਾ ਰਣਜੀਤ ਸਿੰਘ ਦੇ ਮਾਤਾ ਪਿਤਾ ਦਾ ਨਾਂ ਦੱਸੋ।
**ਮਹਾਂ ਸਿੰਘ ਤੇ ਰਾਜ ਕੌਰ।**
9. ਭਾਰਤ ਦਾ ਪਹਿਲਾ ਗਵਰਨਰ ਕੌਣ ਸੀ?
**ਸੀ. ਰਾਜਾ ਗੋਪਾਲ ਚਾਰੀ।**
10. ਸੰਵਿਧਾਨ ਸਭਾ ਦੀ ਸੰਘ ਸ਼ਕਤੀ ਸਮਿਤੀ ਦੇ ਪ੍ਰਧਾਨ ਕੌਣ ਸਨ?
**ਪੰਡਿਤ ਜਵਾਹਰ ਲਾਲ ਨਹਿਰੂ।**
11. ਪਦਮਸ਼੍ਰੀ ਐਵਾਰਡ ਕਦੋਂ ਸ਼ੁਰੂ ਹੋਇਆ?
**1954**
12. ਜੀਰੇ ਦੀ ਸਭ ਤੋਂ ਵੱਧ ਪੈਦਾਵਾਰ ਕਰਨ ਵਾਲੇ ਭਾਰਤ ਦੇ ਦੋ ਸੂਬੇ ਦੱਸੋ?
**ਗੁਜਰਾਤ ਅਤੇ ਰਾਜਸਥਾਨ**

*'ਚਿੱਲਰ ਪਾਰਟੀ', 'ਐਂਟਰਟੇਨਮੈਂਟ' ਜਾਂ 'ਸਨੋ ਡੌਗਜ਼'.. ਇਹ ਫਿਲਮਾਂ ਤੁਸੀਂ ਜ਼ਰੂਰ ਦੇਖੀਆਂ ਹੋਣਗੀਆਂ ਤੇ ਮਜ਼ਾ ਵੀ ਆਇਆ ਹੋਵੇਗਾ। ਇਨ੍ਹਾਂ ਸਾਰੀਆਂ ਫਿਲਮਾਂ 'ਚ ਡੌਗ (ਕੁੱਤੇ) ਮੁੱਖ ਕਿਰਦਾਰ 'ਚ ਸਨ। ਇਨ੍ਹਾਂ ਦੀਆਂ ਸ਼ਰਾਰਤਾਂ ਤੇ ਮਾਲਕ ਪ੍ਰਤੀ ਵਫ਼ਾਦਾਰੀ ਦੇਖ ਕੇ ਤੁਹਾਡਾ ਦਿਲ ਵੀ ਭਰ ਆਇਆ ਹੋਵੇਗਾ। ਇਸ ਕਰ ਕੇ ਜਾਨਵਰਾਂ 'ਤੇ ਸਭ ਤੋਂ ਜ਼ਿਆਦਾ ਫਿਲਮਾਂ ਬਣੀਆਂ ਹਨ। ਕੁੱਝ ਇਸ ਤਰ੍ਹਾਂ ਦੀਆਂ ਫਿਲਮਾਂ ਬਾਰੇ ਦੱਸ ਰਹੇ ਹਾਂ ਜਿਸ 'ਚ ਸਾਨੂੰ ਇਹ ਸਿੱਖਣ ਨੂੰ ਮਿਲਦਾ ਹੈ ਕਿ ਜਾਨਵਰ ਵਫ਼ਾਦਾਰ ਹੁੰਦੇ ਹਨ...*

# ਕੁੱਤਿਆਂ ਦੀ ਵਫ਼ਾਦਾਰੀ



ਜਾਨਵਰਾਂ 'ਤੇ ਬਣੀਆਂ ਫਿਲਮਾਂ ਬੱਚਿਆਂ ਨੂੰ ਬਹੁਤ ਪਸੰਦ ਆਉਂਦੀਆਂ ਹਨ। ਕੀ ਤੁਹਾਨੂੰ ਪਤਾ ਹੈ ਕਿ ਜਾਨਵਰਾਂ 'ਤੇ ਸਭ ਤੋਂ ਜ਼ਿਆਦਾ ਫਿਲਮਾਂ ਕੁੱਤਿਆਂ 'ਤੇ ਬਣੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਇਹ ਘਰੇਲੂ ਜਾਨਵਰ ਹੈ ਤੇ ਇਨ੍ਹਾਂ ਨੂੰ ਵਧੀਆ ਤਰੀਕੇ ਨਾਲ ਟ੍ਰੇਨਿੰਗ ਦੇ ਕੇ ਫਿਲਮਾਂ 'ਚ ਲਿਆ ਜਾਂਦਾ ਹੈ। ਕੁੱਤਿਆਂ 'ਤੇ ਬਣੀਆਂ ਫਿਲਮਾਂ ਦੀ ਲਿਸਟ ਦੇਖੀ ਜਾਵੇ ਤਾਂ ਸਭ ਤੋਂ ਜ਼ਿਆਦਾ ਇਨ੍ਹਾਂ ਨੇ ਫਿਲਮਾਂ 'ਚ ਕੰਮ ਕੀਤਾ ਹੈ। ਅੱਜ ਅਸੀਂ ਤੁਹਾਨੂੰ ਕੁੱਝ ਚੁਣੀਆਂ ਹੋਈਆਂ ਫਿਲਮਾਂ ਬਾਰੇ ਦੱਸ ਰਹੇ ਹਾਂ।

### ਮਾਰਲੇ ਐਂਡ ਮੀ (marley and me)

ਜੌਨ ਤੇ ਜੇਨੀ ਵਿਆਹ ਤੋਂ ਬਾਅਦ ਫਲੋਰਿਡਾ ਜਾ ਕੇ ਨੌਕਰੀ ਕਰਦੇ ਹਨ। ਉੱਥੇ ਉਨ੍ਹਾਂ ਦਾ ਇਕ ਦੋਸਤ ਉਨ੍ਹਾਂ ਨੂੰ ਸਲਾਹ ਦਿੰਦਾ ਹੈ ਕਿ ਪਰਿਵਾਰ ਵਧਾਉਣ ਤੋਂ ਪਹਿਲਾਂ ਇਕ ਕੁੱਤੇ ਨੂੰ ਗੋਦ ਲੈ ਕੇ ਦੇਖਣਾ ਚਾਹੀਦਾ ਹੈ ਕਿ ਉਹ ਕਿਸੇ ਦੀ ਦੇਖਭਾਲ ਕਰਨ ਦੇ ਕਾਬਿਲ ਹਨ। ਫਿਰ ਉਨ੍ਹਾਂ ਦੀ ਜ਼ਿੰਦਗੀ 'ਚ ਮਾਰਲੇ ਕਦਮ ਰੱਖਦਾ ਹੈ। ਫਿਰ ਹੌਲੀ-ਹੌਲੀ ਸ਼ਰਾਰਤੀ ਮਾਰਲੇ ਉਨ੍ਹਾਂ ਦੇ ਜੀਵਨ ਦਾ ਇਕ ਅਹਿਮ ਹਿੱਸਾ ਬਣ ਜਾਂਦਾ ਹੈ। ਇਹ ਦੇਖਣ ਦੇ ਲਾਇਕ ਹੈ। ਇਸ ਫਿਲਮ 'ਚ ਕੁੱਤੇ ਦੀ ਵਫ਼ਾਦਾਰੀ ਤੇ ਉਸ ਪ੍ਰਤੀ ਮਨੁੱਖ ਦਾ ਪਿਆਰ ਦਿਖਾਇਆ ਗਿਆ ਹੈ।




### ਹੋਟਲ ਫਾਰ ਡੌਗਜ਼ (Hotel for Dogs)




ਇਹ ਕਹਾਣੀ ਹੈ ਦੋ ਅਨਾਥ ਬੱਚਿਆਂ ਐਂਡੀ ਤੇ ਬਰੂਜ਼ ਉਨ੍ਹਾਂ ਦੇ ਕੁੱਤੇ ਫਰਾਈਡੇਅ ਦੀ। ਉਹ ਜਿੰਨਾਂ ਦੇ ਨਾਲ ਰਹਿੰਦੇ ਹਨ ਉਨ੍ਹਾਂ ਨੂੰ ਜਾਨਵਰਾਂ ਨਾਲ ਨਫ਼ਰਤ ਹੈ। ਕੁੱਝ ਲੋਕਾਂ ਦੀ ਮਦਦ ਨਾਲ ਆਪਣੇ ਕੁੱਤੇ ਦੇ ਨਾਲ-ਨਾਲ ਮੁਹੱਲੇ ਦੇ ਹੋਰ ਕੱਤਿਆਂ ਨੂੰ ਵੀ ਇਕ ਬੰਦ ਪਏ ਹੋਟਲ 'ਚ ਲੁਕਾ ਦਿੰਦੇ ਹਨ। ਐਂਡੀ ਤੇ ਉਸ ਦੇ ਭਰਾ ਨੂੰ ਇਕ ਨਵਾਂ ਪਰਿਵਾਰ ਮਿਲਦਾ ਹੈ ਕਿ ਨਹੀਂ, ਫਰਾਈਡੇਅ ਬਾਕੀ ਕੁੱਤਿਆਂ ਦੀ ਕਿਸ ਤਰ੍ਹਾਂ ਦੇਖਭਾਲ ਕਰਦਾ ਹੈ ਇਸ ਸਾਰ ਫਿਲਮ ਦੇਖ ਦੇ ਹੀ ਮਜ਼ਾ ਆਵੇਗਾ।

### ਐਂਟਰਟੇਨਮੈਂਟ (Entertainment)

ਅਕਸ਼ੇ ਕੁਮਾਰ ਦੀ ਇਸ ਫਿਲਮ ਦਾ ਮੁੱਖ ਹੀਰੋ ਕੁੱਤਾ ਹੈ। ਅਕਸ਼ੇ ਨੂੰ ਪਤਾ ਚੱਲਦਾ ਹੈ ਕਿ ਉਸ ਨੇ ਉਸ ਲਈ ਕਾਫ਼ੀ ਦੌਲਤ ਛੱਡੀ ਹੈ। ਉਹ ਦੌਲਤ ਲੈਣ ਜਾਂਦਾ ਹੈ ਤੇ ਪਤਾ ਲਗਦਾ ਹੈ ਕਿ ਉਸ ਦੇ ਪਿਤਾ ਸਾਰੀ ਦੌਲਤ ਐਂਟਰਟੇਨਮੈਂਟ ਕੁੱਤੇ ਦੇ ਨਾਂ ਕਰ ਗਿਆ ਹੈ। ਪਹਿਲਾਂ ਤਾਂ ਅਕਸ਼ੇ ਉਸ ਕੁੱਤੇ ਨਾਲ ਨਫ਼ਰਤ ਕਰਦਾ ਹੈ ਪਰ ਉਸ ਦੇ ਦੁਆਰਾ ਜਾਨ ਬਚਾਉਣ 'ਤੇ ਉਹ ਕੁੱਤੇ ਨਾਲ ਪਿਆਰ ਕਰਨ ਲੱਗਦਾ ਹੈ ਫਿਰ ਕਿਸ ਤਰ੍ਹਾਂ ਜਾਇਦਾਦ ਖਾਣ ਆਏ ਰਿਸ਼ਤੇਦਾਰਾਂ ਨਾਲ ਐਂਟਰਟੇਨਮੈਂਟ ਨੂੰ ਅਕਸ਼ੇ ਬਚਾਉਂਦਾ ਹੈ।



### ਟਰਨਰ ਐਂਡ ਹੂਚ (turner and hooch)

1989 'ਚ ਬਣੀ ਇਸ ਫਿਲਮ 'ਚ ਇਕ ਪੁਲਿਸ ਅਫ਼ਸਰ ਸਕੌਟ ਟਰਨਰ ਦੀ ਕਹਾਣੀ ਹੈ। ਉਸ ਦੀ ਬਦਲੀ ਹੋ ਜਾਂਦੀ ਹੈ। ਉਹ ਆਪਣੀ ਜਗ੍ਹਾ ਆਏ ਨਵੇਂ ਪੁਲਿਸ ਅਫਸਰ ਨੂੰ ਉੱਥੋਂ ਇਕ ਕਬਾੜੀ ਨੂੰ ਮਿਲਾਉਣ ਲੈ ਜਾਂਦੇ ਹਨ। ਕਬਾੜੀ ਦੇ ਕੁੱਤੇ ਦਾ ਨਾਂ ਹੂਚ ਹੈ। ਅਚਾਨਕ ਇਕ ਦਿਨ ਕਬਾੜੀ ਦੀ ਹੱਤਿਆ ਹੋ ਗਈ। ਕਮਿਸ਼ਨਰ ਨੂੰ ਕਹਿ ਕੇ ਟਰਨਰ ਕੇਸ ਆਪਣੇ ਹੱਥ 'ਚ ਲੈਂਦਾ ਹੈ। ਉਸ ਨੂੰ ਲੱਗਦਾ ਹੈ ਕਿ ਹੂਚ ਇਸ ਕੇਸ ਦਾ ਗਵਾਹ ਹੈ। ਇਸ ਲਈ ਇਹ ਹੂਚ ਨੂੰ ਆਪਣੇ ਨਾਲ ਰੱਖ ਲੈਂਦਾ ਹੈ ਪਰ ਹੂਚ ਉਸ ਦੀ ਗੱਡੀ ਦੇ ਨਾਲ-ਨਾਲ ਉਸ ਦੇ ਘਰ ਦਾ ਬੁਰਾ ਹਾਲ ਕਰ ਲੈਂਦਾ ਹੈ। ਫਿਰ ਉਹ ਹੱਤਿਆਰੇ ਨੂੰ ਫੜਨ ਦੇ ਨਾਲ-ਨਾਲ ਕੇਸ ਨੂੰ ਸੁਲਝਾਉਣ 'ਚ ਉਸ ਦੀ ਮਦਦ ਕਰਦਾ ਹੈ।

### ਹੋਮਵਾਰਡ ਬਾਉਂਡ (Homeward Bound : The Incredible journey)

ਇਹ ਕਹਾਣੀ ਚਾਂਸ ਨਾਂ ਦੇ ਕੁੱਤੇ ਦੀ ਹੈ। ਚਾਂਸ ਦੇ ਦੋਸਤ ਸ਼ੈਡੋ (ਕੁੱਤਾ) ਤੇ ਸੈਸੀ (ਬਿੱਲੀ) ਦੇ ਮਾਲਕ ਉਨ੍ਹਾਂ ਨੂੰ ਕੁੱਝ ਦਿਨਾਂ ਲਈ ਘਰ 'ਚ ਛੱਡ ਕੇ ਫਰਾਂਸਿਸਕੋ ਚਲੇ ਜਾਂਦੇ ਹਨ। ਉਨ੍ਹਾਂ ਤਿੰਨਾਂ ਨੇ ਤਹਿ ਕੀਤਾ ਕਿ ਮਾਲਕ ਨੂੰ ਲੱਭ ਕੇ ਉਹ ਉਨ੍ਹਾਂ ਕੋਲ ਜਾਣਗੇ ਫਿਰ ਸ਼ੁਰੂ ਹੁੰਦੀ ਹੈ ਉਨ੍ਹਾਂ ਦੀ ਅਨੋਖੀ ਯਾਤਰਾ। ਯਾਤਰਾ ਦੌਰਾਨ ਉਹ ਪਰੇਸ਼ਾਨੀ 'ਚ ਫ਼ਸਦੇ ਹਨ ਤੇ ਕਿਸ ਤਰ੍ਹਾਂ ਮਾਲਿਕ ਤਕ ਪਹੁੰਚਦੇ ਹਨ।




*ਬੱਚਿਓ! ਇਸ ਵਾਰ ਅਸੀਂ ਤੁਹਾਨੂੰ ਫਲਾਂ ਦਾ ਰਸ ਚੂਸਣ ਵਾਲੇ ਇਕ ਅਨੋਖੇ ਪੰਛੀ ਟਿਊਡ ਬਾਰੇ ਦੱਸ ਰਹੇ ਹਾਂ। ਇਹ ਇਨਸਾਨਾਂ ਦੀ ਆਵਾਜ਼ ਦੀ ਨਕਲ ਕਰਨ 'ਚ ਮਾਹਿਰ ਹੁੰਦਾ ਹੈ। ਆਓ ਜਾਣੀਏ ਟਿਊਡ ਬਾਰੇ...*

# ਅਨੋਖਾ ਪੰਛੀ ਟਿਊਡ




- ਟਿਊਡ ਪੰਛੀ ਦੁਨੀਆ 'ਚ ਸਿਰਫ਼ ਨਿਊਜੀਲੈਂਡ ਦੇਸ਼ 'ਚ ਮਿਲਦਾ ਹੈ। ਇਸ ਦਾ ਵਿਗਿਆਨਕ ਨਾਂ ਪ੍ਰੋਸਥੀਮੈਡੇਰਾ ਨੋਵੈਸੀਲੈਵੇਂਡੀ ਹੈ।
- ਟਿਊਡ ਦੀ ਇਕ ਅਨੋਖੀ ਵਿਸ਼ੇਸ਼ਤਾ ਹੈ ਕਿ ਇਹ ਇਨਸਾਨ ਦੀ ਆਵਾਜ਼ ਦੀ ਨਕਲ ਕਰ ਲੈਂਦਾ ਹੈ। ਇਸ ਤੋਂ ਇਲਾਵਾ ਇਹ ਅਲਾਰਮ, ਖਾਂਸੀ, ਸੀਟੀ, ਘੰਟੀ ਆਦਿ ਆਵਾਜ਼ਾਂ ਦੀ ਨਕਲ ਕਰ ਲੈਂਦਾ ਹੈ।
- ਟਿਊਡ ਦੇ ਸਰੀਰ 'ਤੇ ਮੌਜੂਦ ਖੰਭਾਂ ਦਾ ਰੰਗ ਹਰਾ, ਨੀਲਾ-ਬੈਂਗਣੀ ਤੇ ਭੂਰਾ ਹੁੰਦਾ ਹੈ। ਛਾਤੀ 'ਤੇ ਸਫ਼ੈਦ ਰੰਗ ਦਾ ਫਰ ਹੁੰਦਾ ਹੈ।
- ਇਸ ਦੇ ਸਰੀਰ ਦੀ ਕੁੱਲ ਲੰਬਾਈ 27 ਤੋਂ 32 ਸੈਂਟੀਮੀਟਰ ਹੁੰਦੀ ਹੈ। ਨਰ ਪੰਛੀ ਦਾ ਔਸਤਨ ਭਾਰ 15 ਤੋਂ 65 ਗ੍ਰਾਮ ਅਤੇ ਮਾਦਾ ਦਾ 58 ਤੋਂ 105 ਗ੍ਰਾਮ ਹੁੰਦਾ ਹੈ।
- ਟਿਊਡ ਭੋਜਨ ਦੇ ਰੂਪ 'ਚ ਫੁੱਲਾਂ ਦਾ ਰਸ ਚੂਸਦਾ ਹੈ। ਇਸ ਲਈ ਇਸ ਨੂੰ 'ਹਨੀ-ਈਟਰ' ਵੀ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਇਹ ਫਲ, ਛੋਟੇ ਮੋਟੇ ਕੀੜੇ-ਮਕੌੜੇ ਵੀ ਖਾਂਦਾ ਹੈ।

*ਤੁਸੀਂ ਬਿਊਟੀ ਪਾਰਲਰ ਤਾਂ ਦੇਖਿਆ ਹੀ ਹੋਵੇਗਾ, ਜਿੱਥੇ ਬਿਊਟੀਸ਼ੀਅਨ ਲੋਕਾਂ ਨੂੰ ਹੋਰ ਖ਼ੂਬਸੂਰਤ ਬਣਾਉਂਦੀ ਹੈ। ਇਸ ਤਰ੍ਹਾਂ ਸਮੁੰਦਰੀ ਜੀਵਾਂ 'ਚ ਵੀ ਇਕ ਬਿਊਟੀ ਐਕਸਪਰਟ ਮੱਛੀ ਹੁੰਦੀ ਹੈ, ਜੋ ਸਮੁੰਦਰ ਦੀਆਂ ਦੂਜੀਆਂ ਮੱਛੀਆਂ ਦੇ ਸਰੀਰ ਦੀ ਖ਼ਰਾਬ ਹੋ ਚੁੱਕੀ ਚਮੜੀ ਨੂੰ ਸਾਫ਼ ਕਰਦੀ ਹੈ। ਇਹ ਬਿਊਟੀ ਐਕਸਪਰਟ ਮੱਛੀ ਕਲੀਨਰ ਫਿਸ਼ ਹੈ...*

# ਮੱਛੀਆਂ ਦੀ ਬਿਊਟੀਸ਼ੀਅਨ ਕਲੀਨਰ ਫਿਸ਼



ਸਮੁੰਦਰ ਦੀਆਂ ਮੱਛੀਆਂ ਆਪਣੀ ਸਿਹਤ ਅਤੇ ਖ਼ੂਬਸੂਰਤੀ ਦਾ ਬਹੁਤ ਧਿਆਨ ਰੱਖਦੀਆਂ ਹਨ ਅਤੇ ਇਸ ਲਈ ਉਹ ਸਮੁੰਦਰ 'ਚ ਰਹਿਣ ਵਾਲੀਆਂ ਤਰ੍ਹਾਂ-ਤਰ੍ਹਾਂ ਦੀਆਂ ਬਿਊਟੀਸ਼ੀਅਨ ਮੱਛੀਆਂ ਦੀ ਰਾਇ ਲੈਂਦੀਆਂ ਹਨ। ਇਨ੍ਹਾਂ ਬਿਊਟੀਸ਼ੀਅਨ ਮੱਛੀਆਂ ਨੂੰ ਵਿਗਿਆਨੀਆਂ ਨੇ ਕਲੀਨਰ ਫਿਸ਼ ਜਾਂ ਕਲੀਨਿੰਗ ਫਿਸ਼ ਦਾ ਨਾਂ ਦਿੱਤਾ ਹੈ।

- ਇਸ ਦੀ ਲੰਬਾਈ 10 ਸੈਂਟੀਮੀਟਰ ਭਾਵ ਲਗਪਗ 4 ਇੰਚ ਕਰ ਹੁੰਦੀ ਹੈ ਅਤੇ ਇਹ ਕਈ ਰੰਗਾਂ ਦੀ ਹੁੰਦੀ ਹੈ। ਇਸ ਜਾਤੀਆਂ ਦੀਆਂ ਸਾਰੀਆਂ ਮੱਛੀਆਂ ਬਹੁਤ ਖ਼ੂਬਸੂਰਤ ਹੁੰਦੀਆਂ ਹਨ। ਇਹ ਲੰਬੀਆਂ, ਪਤਲੀਆਂ ਹੁੰਦੀਆਂ ਹਨ। ਇਨ੍ਹਾਂ ਦੇ ਸਰੀਰ 'ਤੇ ਲੰਬੀਆਂ ਧਾਰੀਆਂ ਹੁੰਦੀਆਂ ਹਨ, ਜੋ ਇਨ੍ਹਾਂ ਨੂੰ ਖ਼ੂਬਸੂਰਤ ਬਣਾ ਦਿੰਦੀਆਂ ਹਨ।
- ਇਹ ਮੱਛੀਆਂ ਵੱਡੀਆਂ-ਵੱਡੀਆਂ ਮੱਛੀਆਂ ਨੂੰ ਕਲੀਨਿੰਗ ਕਰਾਉਣ ਲਈ ਆਕਰਸ਼ਕ ਕਰਦੀਆਂ ਹਨ ਅਤੇ ਇਸ ਤੋਂ ਬਾਅਦ ਇਹ ਸਾਰੀਆਂ ਮਿਲ ਕੇ ਕਲੀਨਿੰਗ ਦਾ ਕੰਮ ਕਰਦੀਆਂ ਹਨ।
- ਇਹ ਮੱਛੀਆਂ ਆਪਣੀ ਸਫ਼ਾਈ ਕਰਨ ਆਈਆਂ ਕਲੀਨਰ ਮੱਛੀਆਂ ਦੇ ਮੂੰਹ 'ਚ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਮੂੰਹ ਅੰਦਰ ਮੌਜੂਦ ਕੀਟਾਣੂਆਂ ਅਤੇ ਬਿਮਾਰ ਜੰਤੂਆਂ ਦੀ ਸਫ਼ਾਈ ਕਰ ਦਿੰਦੀਆਂ ਹਨ। ਇਸ ਬਦਲੇ ਇਨ੍ਹਾਂ ਨੂੰ ਕੁਝ ਭੋਜਨ ਵੀ ਮਿਲਦਾ ਹੈ। ਦਰਅਸਲ ਕਲੀਨਰ ਫਿਸ਼ ਉਨ੍ਹਾਂ ਦੀ ਮਰ ਚੁੱਕੀ ਚਮੜੀ ਨੂੰ ਖਾਂਦੀਆਂ ਹਨ, ਜੋ ਉਨ੍ਹਾਂ ਲਈ ਪੌਸ਼ਟਿਕ ਭੋਜਨ ਸਾਬਤ ਹੁੰਦਾ ਹੈ।
- ਇਨ੍ਹਾਂ ਦਾ ਮੂੰਹ ਕਾਫ਼ੀ ਛੋਟਾ ਹੁੰਦਾ ਹੈ ਤੇ ਦੰਦ ਕਾਫ਼ੀ ਤੇਜ਼ ਹੁੰਦੇ ਹਨ ਜਿਨ੍ਹਾਂ ਦੀ ਮਦਦ ਨਾਲ ਇਹ ਸਫ਼ਾਈ ਦਾ ਕੰਮ ਕਰਦੀਆਂ ਹਨ।
- ਇਨ੍ਹਾਂ ਮੱਛੀਆਂ ਦਾ ਇਸਤੇਮਾਲ ਕਈ ਮਹਿੰਗੀ ਮੱਛੀਆਂ ਦੀ ਸਫ਼ਾਈ ਲਈ ਵੀ ਇਸਤੇਮਾਲ ਕੀਤਾ ਜਾਂਦਾ ਹੈ। ਇਸ ਲਈ ਜਿਸ ਇਕੁਵੇਰੀਅਮ 'ਚ ਸਾਮਨ (ਪ੍ਰਜਾਤੀ ਮੱਛੀ) ਤੇ ਅਜਿਹੀਆਂ ਮੱਛੀਆਂ ਰਹਿ ਰਹੀਆਂ ਹੋਣ, ਉੱਥੇ ਕੁਝ ਕਲੀਨਰ ਮੱਛੀਆਂ ਨੂੰ ਵੀ ਛੱਡਿਆ ਜਾਂਦਾ ਹੈ।
- ਇਹ ਮੱਛੀਆਂ ਆਪਣੀ ਸਿਹਤ ਦਾ ਵੀ ਧਿਆਨ ਰੱਖਦੀਆਂ ਹਨ, ਪੂਰੀ ਨੀਂਦ ਲੈਂਦੀਆਂ ਹਨ ਅਤੇ ਰਾਤ 'ਚ ਹੀ ਸੌਂਦੀਆਂ ਹਨ।
- ਕਲੀਨਿੰਗ ਫਿਸ਼ ਦੀ ਜਾਤੀ 'ਚ ਅਨੇਕ ਮੱਛੀਆਂ ਆਉਂਦੀਆਂ ਹਨ। ਇਸ ਜਾਤੀ 'ਚ ਪਾਇਪ ਫਿਸ਼, ਚਿਚਲਿਡਸ, ਕੈਟਫਿਸ਼ ਅਤੇ ਹੋਰ ਝੀਂਗਾ ਮੱਛੀਆਂ ਆਦਿ ਸ਼ਾਮਲ ਹਨ।

# ਤਿੱਤਲੀ ਤੋਂ ਵੀ ਤੇਜ਼ ਨੇ ਅੱਖਾਂ ਵਾਲੇ...

ਮੈਂਟਿਸ ਸ਼ਰਿੰਪ ਆਮਤੌਰ 'ਤੇ ਪ੍ਰਸ਼ਾਂਤ ਮਹਾਂਸਾਗਰ 'ਚ ਪਾਇਆ ਜਾਂਦਾ ਹੈ। ਇਹ ਤਿੰਨ ਹਜ਼ਾਰ ਫੁੱਟ ਗਹਿਰੇ ਪਾਣੀ 'ਚ ਰਹਿੰਦਾ ਹੈ। ਉਂਝ ਇਸ ਨੂੰ ਹਿੰਦ ਮਹਾਂਸਾਗਰ 'ਚ ਵੀ ਦੇਖਿਆ ਗਿਆ ਹੈ। ਦੁਨੀਆ 'ਚ ਇਸ ਦੀਆਂ 400 ਤੋਂ ਜ਼ਿਆਦਾ ਪ੍ਰਜਾਤੀਆਂ ਮਿਲਦੀਆਂ ਹਨ। ਜਿਨ੍ਹਾਂ 'ਚੋਂ ਸਭ ਤੋਂ ਆਕਰਸ਼ਕ ਪੀਕਾਕ ਮੈਂਟਿਸ ਸ਼ਰਿੰਪ ਹੁੰਦੀ ਹੈ। ਪੀਕਾਕ ਮੈਂਟਿਸ ਸ਼ਰਿੰਪ ਦਾ ਸਰੀਰ ਦਿਖਾਈ ਦੇਣ 'ਚ ਮੋਰਨੀ ਦੀ ਤਰ੍ਹਾਂ ਹੁੰਦਾ ਹੈ।

- ਆਮਤੌਰ 'ਤੇ ਇਹ ਜੀਵ ਛੋਟਾ ਹੁੰਦਾ ਹੈ। ਇਸ ਦੀ ਲੰਬਾਈ ਲਗਪਗ 4 ਇੰਚ ਹੁੰਦੀ ਹੈ। ਹਾਲਾਂਕਿ ਵਿਗਿਆਨੀਆਂ ਨੇ 18 ਇੰਚ ਤਕ ਦੇ ਮੈਂਟਿਸ ਸ਼ਰਿੰਪ ਵੀ ਦੇਖੇ ਹਨ।
- ਇਸ ਜੀਵ ਦੀਆਂ ਅੱਖਾਂ 'ਚ ਕਈ ਖ਼ੂਬੀਆਂ ਹੁੰਦੀਆਂ ਹਨ। ਇਨ੍ਹਾਂ ਦੀਆਂ ਦੋਵੇਂ ਅੱਖਾਂ ਇਨ੍ਹਾਂ ਦੇ ਸਿਰ ਉਪਰ ਇਕ ਐਂਟੀਨੇ ਦੀ ਤਰ੍ਹਾਂ ਉੱਠੀਆਂ ਹੋਈਆਂ ਹੁੰਦੀਆਂ ਹਨ ਅਤੇ ਉੱਭਰੀਆਂ ਹੋਈਆਂ ਹੁੰਦੀਆਂ ਹਨ। ਇੰਨਾ ਹੀ ਨਹੀਂ, ਇਸ ਦੀਆਂ ਦੋਵੇਂ ਅੱਖਾਂ ਦੇ ਵਾਲ ਵੱਖ-ਵੱਖ ਦਿਸ਼ਾਵਾਂ 'ਚ ਕਾਫ਼ੀ ਪਿੱਛੇ ਤਕ ਹੋ ਸਕਦੇ ਹਨ। ਭਾਵ ਇਕ ਅੱਖ ਤੋਂ ਇਹ ਦੂਜੀ ਅੱਖ ਵੱਲ੍ਹ ਦੀਆਂ ਸਾਰੀਆਂ ਚੀਜ਼ਾਂ 'ਤੇ ਗਹਿਰੀ ਨਜ਼ਰ ਰੱਖ ਸਕਦਾ ਹੈ ਤੇ ਉਸ ਸਮੇਂ ਦੂਜੀ ਅੱਖ ਤੋਂ ਚਾਰੇ ਪਾਸੇ ਦੇਖ ਸਕਦਾ ਹੈ।
- ਸਾਡੀਆਂ ਅੱਖਾਂ ਤਿੰਨ ਰੰਗਾਂ ਤੋਂ ਬਣੇ ਇੰਦਰਧਨੁਸ਼ ਨੂੰ ਦੇਖ ਸਕਦੀਆਂ ਹਨ। ਤਿੱਤਲੀ ਪੰਜ ਰੰਗਾਂ ਤੋਂ ਬਣੇ ਇੰਦਰਧਨੁਸ਼ ਨੂੰ ਦੇਖ ਸਕਦੀ ਹੈ ਪਰ ਪੀਕਾਕ ਮੈਂਟਿਸ ਸ਼ਰਿੰਪ 16 ਰੰਗਾਂ ਦੇ ਬਣੇ ਇੰਦਰਧਨੁਸ਼ ਨੂੰ ਵੀ ਦੇਖ ਸਕਦਾ ਹੈ। ਅਜਿਹੀ ਰੋਸ਼ਨੀ ਅਲਟ੍ਰਾ ਵਾਇਲੇਟ ਸਪੈਕਟਰਮ ਨਾਲ ਨਿਕਲਦੀ ਹੈ, ਜਿਸ ਨੂੰ ਸਾਡੀਆਂ ਅੱਖਾਂ ਨਹੀਂ ਦੇਖ ਸਕਦੀਆਂ।
- ਜਦੋਂ ਇਹ ਕੇਕੜੇ, ਘੋਘੇ ਕਠੋਰ ਸਰੀਰ ਵਾਲੇ ਜੀਵਾਂ 'ਤੇ ਹਮਲਾ ਕਰਦਾ ਹੈ ਤਾਂ ਇਸ ਨੂੰ ਪੰਚ ਮਾਰਨਾ ਕਹਿੰਦੇ ਹਨ। ਇਸ ਦੇ ਪੰਚ ਦੀ ਰਫ਼ਤਾਰ ਇੰਨੀ ਤੇਜ਼ ਹੁੰਦੀ ਹੈ ਕਿ ਪੰਚ ਪੈਂਦੇ ਹੀ ਤੇਜ਼ ਆਵਾਜ਼ ਆਉਂਦੀ ਹੈ, ਚਿੰਗਾਰੀ ਉੱਠਦੀ ਹੈ ਅਤੇ ਉਸ ਜਗ੍ਹਾ ਦੇ ਪਾਣੀ 'ਚ ਭਾਫ਼ ਵੀ ਬਣਦੀ ਹੈ।
ਅਜਿਹੇ ਹਮਲੇ ਨੂੰ ਇਸ ਦਾ ਸਰੀਰ ਨਹੀਂ ਝੱਲਦਾ ਅਤੇ ਇਸ ਦੀ ਲਪੇਟ 'ਚ ਆ ਜਾਂਦਾ ਹੈ। ਵਿਗਿਆਨੀਆਂ ਅਨੁਸਾਰ ਇਸ ਦੇ ਹਮਲੇ ਦੀ ਰਫ਼ਤਾਰ ਪਲਕ ਝਪਕਣ ਨਾਲ ਵੀ 50 ਗੁਣਾ ਤੇਜ਼ ਹੁੰਦੀ ਹੈ ਅਤੇ ਹਮਲੇ ਦੀ ਤਾਕਤ 0.22 ਕੈਲੀਬਰ ਬੁਲੇਟ ਜਿੰਨੀ ਹੁੰਦੀ ਹੈ।
- ਇਹ ਕਾਫ਼ੀ ਖ਼ੂਬਸੂਰਤ ਜੀਵ ਹੈ, ਫਿਰ ਵੀ ਇਸ ਨੂੰ ਇਕੁਵੇਰੀਅਮ 'ਚ ਰੱਖਣ ਦੇ ਬਾਰੇ 'ਚ ਨਾ ਹੀ ਸੋਚੋ ਕਿਉਂਕਿ ਇਹ ਇਕੁਵੇਰੀਅਮ ਦੇ ਸ਼ੀਸ਼ੇ ਤੋੜ ਸਕਦਾ ਹੈ ਅਤੇ ਉੱਥੇ ਖੜ੍ਹੇ ਲੋਕਾਂ ਲਈ ਖ਼ਤਰਨਾਕ ਸਾਬਿਤ ਹੋ ਸਕਦਾ ਹੈ।



*ਮੈਂਟਿਸ ਸ਼ਰਿੰਪ ਇਕ ਖ਼ੂਬਸੂਰਤ ਜੀਵ ਹੈ ਪਰ ਫਿਰ ਵੀ ਇਸ ਨੂੰ ਇਕੁਵੇਰੀਅਮ 'ਚ ਰੱਖਣ ਬਾਰੇ ਨਾ ਸੋਚੋ...*

ਸੁਖਮੰਦਰ ਸਿੰਘ ਤੂਰ

*ਮਨੁੱਖ ਵੱਖ-ਵੱਖ ਘਰਾਂ 'ਚ ਰਹਿੰਦੇ ਹਨ ਪਰ ਇਕ ਅਜਿਹਾ ਘਰ ਵੀ ਜਿਸ ਨੂੰ ਸਾਰੇ ਸਾਂਝਾ ਕਰਦੇ ਹਨ। ਇੱਥੇ ਅਸੀਂ ਧਰਤੀ ਦੀ ਗੱਲ ਕਰ ਰਹੇ ਹਾਂ ਜੋ ਕਿ ਇਸ ਸੂਰਜ ਮੰਡਲ ਦਾ ਇਕੱਲਾ ਗ੍ਰਹਿ ਹੈ ਜਿੱਥੇ ਜੀਵਨ ਸੰਭਵ ਹੈ...*

# ਧਰਤੀ!!! ਜਿੱਥੇ ਧੜਕਦੀ ਹੈ ਜ਼ਿੰਦਗੀ



ਬੱਚਿਓ! ਧਰਤੀ ਸੂਰਜ ਮੰਡਲ ਦਾ ਇਕੋ-ਇਕ ਅਜਿਹਾ ਗ੍ਰਹਿ ਹੈ, ਜਿੱਥੇ ਜ਼ਿੰਦਗੀ ਧੜਕਦੀ ਹੈ। ਇਸ ਦੀ ਸੂਰਜ ਤੋਂ ਦੂਰੀ ਕੋਈ 9 ਕਰੋੜ 30 ਲੱਖ ਮੀਲ ਹੈ। ਸੂਰਜ ਦੀ ਪਰਿਕਰਮਾ ਕਰਦਿਆਂ ਇਸ ਨੂੰ 365 ਦਿਨ ਲੱਗਦੇ ਹਨ ਅਤੇ ਆਪਣੀ ਧੁਰੀ ਦੁਆਲੇ ਚੱਕਰ ਕੱਟਣ ਲਈ 24 ਘੰਟੇ ਦਾ ਸਮਾਂ ਲਗਦਾ ਹੈ।

ਚੰਨ ਧਰਤੀ ਦਾ ਇਕੋ-ਇਕ ਕੁਦਰਤੀ ਉਪਗ੍ਰਹਿ ਹੈ, ਜੋ ਧਰਤੀ ਦੇ ਚਾਰੇ ਪਾਸੇ ਚੱਕਰ ਲਗਾਉਂਦਾ ਰਹਿੰਦਾ ਹੈ। ਧਰਤੀ 'ਤੇ ਚੱਕਰ ਲਗਾਉਣ ਲਈ ਇਸ ਨੂੰ ਕਈ ਸਾਲਾਂ ਦਾ ਸਮਾਂ ਲਗਦਾ ਹੈ। ਧਰਤੀ ਤੋਂ ਇਹ 384000 ਕਿਲੋਮੀਟਰ ਦੂਰ ਹੈ। ਪੁਲਾੜ ਮਾਹਿਰਾਂ ਅਨੁਸਾਰ ਚੰਨ ਧਰਤੀ ਤੋਂ ਦੂਰ ਜਾ ਰਿਹਾ ਹੈ। ਇਕ ਸਮਾਂ ਅਜਿਹਾ ਵੀ ਆਵੇਗਾ ਕਿ ਇਹ ਧਰਤੀ ਤੋਂ ਨੰਗੀ ਅੱਖ ਨਾਲ ਨਹੀਂ ਦਿਸੇਗਾ, ਭਾਵ ਧਰਤੀ ਤੋਂ ਬਹੁਤ ਦੂਰ ਚਲਿਆ ਜਾਵੇਗਾ। ਧਰਤੀ 'ਤੇ ਆਕਸੀਜਨ ਅਤੇ ਪਾਣੀ ਮੌਜੂਦ ਹਨ, ਜੋ ਜ਼ਿੰਦਗੀ ਲਈ ਅਤਿ ਲੋੜੀਂਦੇ ਹਨ। ਧਰਤੀ ਤੋਂ 80 ਕਿਲੋਮੀਟਰ ਉਚਾਈ ਤਕ ਓਜ਼ੋਨ ਨਾਂ ਦੀ ਇਕ ਪਰਤ ਹੈ। ਇਹ ਪਰਤ ਸੂਰਜ ਤੋਂ ਆਉਣ ਵਾਲੀਆਂ ਪੈਰਾਬੈਂਗਣੀ ਕਿਰਨਾਂ ਨੂੰ ਆਪਣੇ ਅੰਦਰ ਸਮਾਅ ਲੈਂਦੀ ਹੈ। ਜੇ ਇਹ ਪਰਤ ਨਾ ਹੁੰਦੀ ਤਾਂ ਸੂਰਜ ਤੋਂ ਆਉਣ ਵਾਲੀਆਂ ਇਨ੍ਹਾਂ ਖ਼ਤਰਨਾਕ ਕਿਰਨਾਂ ਨੇ ਧਰਤੀ ਦੇ ਜੀਵਨ ਦਾ ਨਾਂਮੋ-ਨਿਸ਼ਾਨ ਮਿਟਾ ਦੇਣਾ ਸੀ।

ਬੱਚਿਓ! ਗੁਰੂਤਾ ਖਿੱਚ ਕਾਰਨ ਹੀ ਧਰਤੀ 'ਤੇ ਮੌਜੂਦ ਹਰ ਚੀਜ਼ ਦਾ ਭਾਰ ਹੈ। ਜੇ ਧਰਤੀ ਸੂਰਜ ਦੁਆਲੇ ਚੱਕਰ ਲਗਾਉਣੇ ਬੰਦ ਕਰ ਦੇਵੇ ਤਾਂ ਇੱਥੇ ਭਾਰੀ ਉੱਥਲ-ਪੁੱਥਲ ਮੱਚ ਜਾਵੇਗੀ ਅਤੇ ਅਸੀਂ ਰੂੰ ਦੇ ਫੰਦੇ ਵਾਂਗ ਉੱਪਰ ਵੱਲ ਉੱਡ ਜਾਵਾਂਗੇ। ਧਰਤੀ ਅਤੇ ਬਾਕੀ ਗ੍ਰਹਿ ਸੂਰਜ ਦੀ ਖਿੱਚ ਨਾਲ ਆਪਸ ਵਿਚ ਬੱਝੇ ਹੋਏ ਹਨ ਅਤੇ ਇਕ ਨਿਯਮ ਅਨੁਸਾਰ ਗਤੀ ਕਰ ਰਹੇ ਹਨ।

*ਤੁਹਾਡੇ 'ਚੋਂ ਜ਼ਿਆਦਾਤਰ ਬੱਚੇ ਕੀੜਿਆਂ ਨੂੰ ਪਸੰਦ ਨਹੀਂ ਕਰਦੇ ਪਰ ਕੀ ਤੁਹਾਨੂੰ ਪਤਾ ਹੈ, ਉਨ੍ਹਾਂ ਦੇ ਆਪਸੀ ਗੱਲਬਾਤ ਕਰਨ ਦਾ ਤਰੀਕਾ ਕਾਫ਼ੀ ਦਿਲਚਸਪ ਹੈ। ਆਓ ਜਾਣੀਏ ਇਨ੍ਹਾਂ ਬਾਰੇ...*

# ਕਿਵੇਂ ਕਰਦੇ ਹਨ ਕੀੜੇ ਗੱਲਬਾਤ







ਕੀਟ ਵਿਗਿਆਨੀਆਂ ਨੇ ਕੀੜਿਆਂ 'ਤੇ ਕਾਫ਼ੀ ਖੋਜ ਕੀਤੀ ਹੈ। ਕੀੜਿਆਂ ਦੇ ਸੰਵਾਦ ਭਾਵ ਗੱਲਬਾਤ 'ਤੇ ਅਮਰੀਕੀ ਕੀਟ ਵਿਗਿਆਨੀਆਂ ਦਾ ਵਿਚਾਰ ਹੈ ਕਿ ਕੀੜੇ ਵੀ ਆਪਣੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਦੇ ਹਨ। ਜੇ ਉਨ੍ਹਾਂ 'ਚ ਇਹ ਸਮਰੱਥਾ ਨਾ ਹੁੰਦੀ ਤਾਂ ਉਨ੍ਹਾਂ ਦਾ ਜਿਊਂਦੇ ਰਹਿਣਾ ਅਸੰਭਵ ਹੁੰਦਾ।

### ਦਿਲ ਦੀਆਂ ਗੱਲਾਂ

ਹਾਲਾਂਕਿ ਛੋਟੇ ਕੀੜਿਆਂ ਦੀ ਕੋਈ ਭਾਸ਼ਾ ਨਹੀਂ ਹੁੰਦੀ ਪਰ ਉਹ ਆਪਸ 'ਚ ਮਿਲ ਕੇ ਇਕ ਦੂਜੇ ਦੀਆਂ ਭਾਵਨਾਵਾਂ ਨੂੰ ਜਾਣ ਜਾਂਦੇ ਹਨ। ਇਸ ਤਰ੍ਹਾਂ ਉਹ ਹਲਕੇ-ਹਲਕੇ ਸੰਕੇਤਾਂ ਨਾਲ ਆਪਸੀ ਗੱਲਬਾਤ ਕਰਦੇ ਹਨ।

### ਪੈਰਾਂ ਨੂੰ ਰਗੜ ਕੇ ਕਰਦੇ ਹਨ ਆਵਾਜ਼

ਜਰਮਨ ਕੀਟ ਵਿਗਿਆਨੀਆਂ ਨੇ ਟਿੱਡਿਆਂ ਦੀ ਭਾਸ਼ਾ ਨੂੰ ਲੱਭਣ ਲਈ ਯੂਰਪ ਦੇ ਜੰਗਲਾਂ 'ਚ ਖੋਜ ਕੀਤੀ। ਉਨ੍ਹਾਂ ਨੇ ਟਿੱਡਿਆਂ ਦੀਆਂ 400 ਆਵਾਜ਼ਾਂ ਰਿਕਾਰਡ ਕੀਤੀਆਂ।

### ਡਾਂਸ ਵੀ ਹੈ ਮਾਧਿਅਮ

ਮਧੂਮੱਖੀ ਮਾਹਿਰ ਵਿਗਿਆਨੀਆਂ ਨੇ ਮਧੂਮੱਖੀਆਂ ਦੀ ਗੱਲਬਾਤ ਦੇ ਮਾਧਿਅਮ ਨੂੰ ਡਾਂਸ ਮੰਨਿਆ ਹੈ। ਉਹ ਕਲਾਬਾਜ਼ੀਆਂ ਕਰਦੀਆਂ ਹਨ ਤੇ ਆਪਣੇ ਸਾਥੀਆਂ ਨੂੰ ਸੰਕੇਤ ਦਿੰਦੀਆਂ ਹਨ। ਇਸ ਆਧਾਰ 'ਤੇ ਉਨ੍ਹਾਂ ਦਾ ਝੁੰਡ ਫੁੱਲਾਂ ਦਾ ਰਸ ਪ੍ਰਾਪਤ ਕਰਨ ਲਈ ਸਹੀ ਦਿਸ਼ਾ ਦੀ ਜਾਣਕਾਰੀ ਪ੍ਰਾਪਤ ਕਰਦਾ ਹੈ। ਕਾਰਲਬਾਲ ਨੇ ਮਧੂਮੱਖੀ ਦੇ ਡਾਂਸ 'ਤੇ ਇਕ ਫਿਲਮ ਵੀ ਬਣਾਈ ਹੈ।

### ਰੋਸ਼ਨੀ

ਜੁਗਨੂੰ ਵਰਗੇ ਕਈ ਕੀੜੇ ਆਪਣੇ ਸਰੀਰ ਤੋਂ ਰੋਸ਼ਨੀ ਕੱਢਦੇ ਹਨ। ਕੈਲ ਕੀੜਾ ਤਾਂ ਰੇਲਵੇ ਦੇ ਸਿਗਨਲ ਦੀ ਤਰ੍ਹਾਂ ਲਾਲ, ਹਰੀ ਰੋਸ਼ਨੀ ਜਲਾਉਂਦਾ-ਬੁਝਾਉਂਦਾ ਹੈ। ਉਨ੍ਹਾਂ ਦੇ ਜਲਣ-ਬੁੱਝਣ ਅਤੇ ਤੇਜ਼ 'ਚ ਥੋੜ੍ਹਾ ਅੰਤਰ ਹੁੰਦਾ ਹੈ। ਉਸ ਨਾਲ ਉਹ ਆਪਣੀ ਜਾਤੀ ਦੇ ਹੋਰ ਕੀੜਿਆਂ ਨਾਲ ਗੱਲਬਾਤ ਕਰਦੇ ਹਨ।

### ਸੁੰਘਣ ਨਾਲ ਲੱਗਦਾ ਹੈ ਸਾਥੀ ਦਾ ਪਤਾ

ਕਿੰਨੇ ਹੀ ਕੀੜਿਆਂ ਦਾ ਕੰਮ ਉਨ੍ਹਾਂ ਦੀ ਸੁੰਘਣ ਸ਼ਕਤੀ ਨਾਲ ਲਗਦਾ ਹੈ। ਜੀਵਨ 'ਚ ਉਪਯੋਗੀ ਕਿੰਨੀਆਂ ਹੀ ਜਾਣਕਾਰੀਆਂ ਤੇ ਵਸਤੂਆਂ ਤੇ ਜੀਵਾਂ ਦੇ ਸਰੀਰ ਤੋਂ ਨਿਕਲਣ ਵਾਲੀ ਗੰਧ ਦੇ ਆਧਾਰ 'ਤੇ ਪ੍ਰਾਪਤ ਕਰ ਲੈਂਦੇ ਹਨ।

### ਕੀੜੀਆਂ

ਕੀੜੀਆਂ ਆਪਣੇ ਸਰੀਰ ਤੋਂ ਇਕ ਰਸ ਕੱਢਦੀਆਂ ਹਨ ਤਾਂ ਕਿ ਹੋਰ ਕੀੜੀਆਂ ਉਨ੍ਹਾਂ ਦੇ ਬੁਲਾਉਣ 'ਤੇ ਵਿਸ਼ੇਸ਼ ਕੰਮ ਲਈ ਉਨ੍ਹਾਂ ਦੇ ਰਸਤੇ ਨੂੰ ਸੁੰਘਦੀਆਂ ਹੋਈਆਂ ਪਿੱਛੇ ਆਉਣ। ਕੀੜੀਆਂ ਲਾਈਨ 'ਤੇ ਇਸ ਸਹਾਰੇ ਹੀ ਚਲਦੀਆਂ ਹਨ।

- ਸ਼ਹਿਦ ਦੀ ਮੱਖੀ ਦੀ ਆਵਾਜ਼ ਵੀ ਤੁਸੀਂ ਸੁਣੀ ਹੀ ਹੋਵੇਗੀ। ਜਦੋਂ ਇਸ ਦੇ ਚਾਰੇ ਖੰਭ ਘੁੰਮਦੇ ਹਨ ਤਾਂ ਇਹ ਆਵਾਜ਼ 11,400 ਸਟ੍ਰੋਕ ਪ੍ਰਤੀ ਮਿੰਟ ਹੁੰਦੀ ਹੈ। ਮਧੂਮੱਖੀ 25 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਉੱਡਦੀ ਹੈ।
- ਅਫਰੀਕਾ ਦੀ ਸੀਸੀ ਮੱਖੀ ਹਰ ਸਾਲ 66,000 ਲੋਕਾਂ ਦੀ ਜਾਨ ਲੈ ਲੈਂਦੀ ਹੈ।
- ਜਰਮਨ ਕਾਕਰੋਚ ਦੁਨੀਆ ਦਾ ਸਭ ਤੋਂ ਲਚਕੀਲਾ ਜੀਵ ਹੈ। ਇਹ ਪਰਮਾਣੂ ਹਮਲੇ ਤੋਂ ਬਾਅਦ ਵੀ ਜਿਊਂਦਾ ਰਹਿ ਸਕਦਾ ਹੈ।

### ਅੱਖਾਂ ਨਾਲ ਵੀ ਕਰਦੇ ਹਨ ਗੱਲਾਂ

ਕੀਟ ਵਿਗਿਆਨੀਆਂ ਅਨੁਸਾਰ ਪੰਛੀ ਹੀ ਨਹੀਂ, ਕੀੜੇ ਵੀ ਅੱਖਾਂ ਦੇ ਇਸ਼ਾਰਿਆਂ ਨਾਲ ਆਪਣੇ ਮਨ ਦੀਆਂ ਗੱਲਾਂ ਸਾਥੀਆਂ ਨੂੰ ਦਸ ਦਿੰਦੇ ਹਨ।

### ਪ੍ਰੇਇੰਗ ਮੈਂਟਿਸ

ਇਹ ਕੀਟ ਆਪਣੇ ਅੱਗੇ ਦੇ ਪੈਰ ਇਸ ਤਰ੍ਹਾਂ ਜੋੜ ਕੇ ਰੱਖਦਾ ਹੈ ਜਿਵੇਂ ਪ੍ਰਾਰਥਨਾ ਕਰ ਰਿਹਾ ਹੋਵੇ। ਇਹ ਡੱਡੂ, ਸੱਪ ਤੇ ਚਿੜੀ ਨੂੰ ਆਪਣਾ ਸ਼ਿਕਾਰ ਬਣਾ ਲੈਂਦਾ ਹੈ।

### ਸਪਿਨੀ ਫਲਾਵਰ ਮੈਂਟਿਸ

ਇਸ ਦੀ ਬਣਾਵਟ ਫੁੱਲ ਦੀ ਤਰ੍ਹਾਂ ਹੁੰਦੀ ਹੈ। ਇਸ ਦੀ ਲੰਬਾਈ 4 ਸੈਂਟੀਮੀਟਰ ਤਕ ਹੁੰਦੀ ਹੈ। ਇਹ ਦੱਖਣੀ ਅਫ਼ਰੀਕਾ 'ਚ ਮਿਲਦੇ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਮਾਦਾ ਦੇ ਆਂਡਿਆਂ ਦੀ ਥੈਲੀ ਉਨ੍ਹਾਂ ਦੇ ਆਕਾਰ ਤੋਂ ਤਿੰਨ ਗੁਣਾਂ ਵੱਡੀ ਹੁੰਦੀ ਹੈ।

### ਸਕਾਰਪੀਅਨ ਫਲਾਈ

ਇਸ ਨੂੰ ਦੇਖ ਕਿ ਇਕ ਵਾਸਪ ਦੀ ਪਿੱਠ 'ਤੇ ਬਿੱਛੂ ਦਾ ਡੰਗ ਲੱਗਿਆ ਹੋਵੇ। ਇਹ ਪੂਰੀ ਦੁਨੀਆ 'ਚ ਮਿਲਦੀ ਹੈ। ਇਸ ਨੂੰ ਤਿੱਤਲੀ ਅਤੇ ਪਤੰਗਿਆਂ ਦਾ ਪੂਰਵਜ ਮੰਨਿਆ ਜਾਂਦਾ ਹੈ ਅਤੇ ਇਹ ਉਨ੍ਹਾਂ ਦੇ ਲੇਪੀਡੋਪਟਰਾ ਪਰਿਵਾਰ 'ਚ ਹੀ ਆਉਂਦੀ ਹੈ।

## ਬਾਲ ਕੈਨਵਸ



**ਸ਼ੰਮੀ**
ਜਮਾਤ : ਅੱਠਵੀ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਾਓਂ।



**ਪ੍ਰੀਤੀ**
ਜਮਾਤ : ਛੇਵੀਂ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਾਓਂ।



**ਕ੍ਰਿਸ਼ਨਾ**
ਜਮਾਤ : ਛੇਵੀਂ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰੋਪੜ।



**ਲਵਪ੍ਰੀਤ**
ਜਮਾਤ : ਛੇਵੀਂ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਾਨਸਾ।




**ਸਵਰਨਜੀਤ ਕੌਰ**
ਜਮਾਤ : ਅੱਠਵੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਾਓਂ।

# ਜਾਣੇ-ਪਛਾਣੇ ਰੁੱਖ ਹਾਰ-ਸ਼ਿੰਗਾਰ



ਸਫ਼ੈਦ ਤੇ ਸੰਤਰੀ ਰੰਗ ਦੇ ਨਿੱਕੇ-ਨਿੱਕੇ ਫੁੱਲਾਂ ਨਾਲ ਲੱਦਿਆ ਹਾਰ-ਸ਼ਿੰਗਾਰ ਦਾ ਰੁੱਖ ਜਿੱਥੇ ਦਿਲਕਸ਼ ਨਜ਼ਾਰਾ ਪੇਸ਼ ਕਰਦਾ ਹੈ ਉੱਥੇ ਖ਼ੁਸ਼ਬੂ ਨਾਲ ਵਾਤਾਵਰਨ ਨੂੰ ਮਹਿਕਾਉਂਦਾ ਹੈ...

ਭਾਰਤ ਦੇ ਕੁਝ ਹਿੱਸਿਆਂ ਵਿਚ 'ਹਾਰ ਸ਼ਿੰਗਾਰ' ਦੇ ਰੁੱਖ ਨੂੰ ਪ੍ਰਚਲਿਤ ਭਾਸ਼ਾ ਵਿਚ 'ਰਾਤ ਦੀ ਰਾਣੀ' ਵੀ ਆਖਦੇ ਹਨ। ਇਹ ਇਸ ਗੱਲ ਦਾ ਸੰਕੇਤ ਹੈ ਕਿ ਇਸ ਰੁੱਖ ਉੱਪਰ ਸ਼ਾਮ ਵੇਲੇ ਫੁੱਲ ਖਿੜਦੇ ਹਨ ਅਤੇ ਸਾਰੀ ਰਾਤ ਬਹੁਤ ਸੁਖਾਵੀਂ ਅਤੇ ਜ਼ੋਰਦਾਰ ਮਹਿਕ ਖਿਲਾਰਦੇ ਹਨ। ਦਿਨ ਚੜ੍ਹਨ ਵੇਲੇ ਇਸ ਦੇ ਫੁੱਲ ਝੜ ਜਾਂਦੇ ਹਨ।

### ਵੰਡ

ਇਹ ਰੁੱਖ ਹਿਮਾਲਿਆ ਪਰਬਤ ਦੀਆਂ ਨੀਵੀਆਂ ਪਹਾੜੀਆਂ ਤੋਂ ਲੈ ਕੇ ਦੱਖਣ ਤਕ ਸਮੁੱਚੇ ਭਾਰਤ ਵਿਚ ਪਾਇਆ ਜਾਂਦਾ ਹੈ। ਪੰਜਾਬ ਦੇ ਬਹੁਤ ਸਾਰੇ ਇਲਾਕਿਆਂ, ਖ਼ਾਸਕਰ ਬਾਗ਼-ਬਗ਼ੀਚਿਆਂ ਵਿਚ ਜੇ ਤੁਹਾਨੂੰ ਸਵੇਰ ਦੀ ਸੈਰ ਵੇਲੇ ਕੋਈ ਅਜਿਹਾ ਰੁੱਖ ਨਜ਼ਰ ਆਵੇ, ਜਿਸ ਦੇ ਹੇਠਾਂ ਸਫ਼ੈਦ ਤੇ ਸੰਤਰੀ ਰੰਗ ਦੇ ਫੁੱਲ ਕਿਰ ਕੇ ਇਕ ਚਾਦਰ ਵਾਂਗ ਵਿਛੇ ਹੋਣ ਦਾ ਝਾਉਲਾ ਪਾਉਣ ਤਾਂ ਸਮਝ ਲਵੋ ਕਿ ਇਹ ਹਾਰ-ਸ਼ਿਗਾਰ ਦਾ ਹੀ ਰੁੱਖ ਹੈ। ਇਸ ਦੇ ਫੁੱਲਾਂ ਦੀ ਬੇਹੱਦ ਆਕਰਸ਼ਕ ਸੁਗੰਧੀ ਇਸ ਨੂੰ ਬਾਗ਼-ਬਗ਼ੀਚਿਆਂ



ਵਿਚ ਦੂਸਰੇ ਰੁੱਖਾਂ ਦੇ ਮੁਕਾਬਲੇ ਆਦਰਯੋਗ ਸਥਾਨ ਬਖ਼ਸ਼ਦੀ ਹੈ।

### ਆਕਾਰ

ਹਾਰ-ਸ਼ਿੰਗਾਰ ਦੇ ਰੁੱਖ ਦੀ ਲੱਕੜੀ ਕਾਫ਼ੀ ਸਖ਼ਤ ਹੁੰਦੀ ਹੈ, ਇਸ ਲਈ ਇਹ ਜ਼ਿਆਦਾ ਉੱਚਾ ਨਹੀਂ ਹੁੰਦਾ ਤੇ ਮੁਸ਼ਕਿਲ ਨਾਲ ਚਾਰ ਮੀਟਰ ਦੀ ਉਚਾਈ ਤਕ ਹੀ ਵਧਦਾ ਹੈ। ਇਸ ਦੇ ਪੱਤੇ ਟਾਹਣੀ ਉੱਪਰ ਇਕ-ਦੂਜੇ ਦੇ ਸਾਹਮਣੇ ਜੋੜਿਆਂ ਦੇ ਰੂਪ ਵਿਚ ਨਿਕਲਦੇ ਹਨ। ਪੱਤੇ ਉੱਪਰਲੇ ਪਾਸਿਓਂ ਖੁਰਦਰੇ ਹੁੰਦੇ ਹਨ ਅਤੇ ਮੁੱਢ ਵਾਲੇ ਪਾਸਿਓਂ ਲੂੰ-ਦਾਰ ਹੁੰਦੇ ਹਨ ਪਰ ਪੱਤੇ ਦਾ ਹੇਠਲਾ ਪਾਸਾ ਨਰਮ ਹੁੰਦਾ ਹੈ। ਫੁੱਲ 3 ਤੋਂ 5 ਦੇ ਗੁੱਛਿਆਂ ਵਿਚ ਪੱਤਿਆਂ ਦੇ ਮੁੱਢਾਂ ਕੋਲ ਜਾਂ ਟਾਹਣੀਆਂ ਦੇ ਸਿਰਿਆਂ ਉੱਪਰ ਲਗਦੇ ਹਨ। ਫੁੱਲਾਂ ਦੀ ਸੁਗੰਧ ਕਾਫ਼ੀ ਹੱਦ ਤਕ ਮੋਤੀਏ ਦੇ ਫੁੱਲਾਂ ਵਰਗੀ ਹੁੰਦੀ ਹੈ। ਫੁੱਲ ਦੀਆਂ ਪੰਖੜੀਆਂ ਸਫ਼ੈਦ ਰੰਗ ਦੀਆਂ ਹੁੰਦੀਆਂ ਪਰ ਪੁਸ਼ਪ-ਪੰਜ ਤੇ ਫੁੱਲ ਦੀ ਡੰਡੀ ਸੰਤਰੀ ਜਾਂ ਕੇਸਰੀ ਰੰਗ ਦੇ ਹੁੰਦੇ ਹਨ। ਫਲ਼ ਨਿੱਕੀਆਂ-ਨਿੱਕੀਆਂ ਡੋਡੀਆਂ ਦੇ ਰੂਪ ਵਿਚ ਲਗਦੇ ਹਨ ਅਤੇ ਗੋਲ ਆਕਾਰ ਦੇ ਹੁੰਦੇ ਹਨ। ਇਸ ਦੇ ਪੱਤੇ ਖ਼ੁਰਦਰੇ ਹੋਣ ਕਾਰਨ ਦੇਸ਼ ਦੇ ਕੁਝ ਖੇਤਰਾਂ ਵਿਚ ਨਰਮ ਲੱਕੜੀ ਨੂੰ ਚੰਗੀ ਦਿੱਖ ਦੇਣ ਲਈ ਰੇਗਮਾਰ (ਸੈਂਡ-ਪੇਪਰ) ਦੇ ਤੌਰ 'ਤੇ ਵਰਤੇ ਜਾਂਦੇ ਹਨ।

> **ਨਾਂ**
>
> ਇਸ ਨੂੰ ਹਿੰਦੀ ਅਤੇ ਪੰਜਾਬੀ ਵਿਚ 'ਹਾਰ-ਸ਼ਿੰਗਾਰ', 'ਹਾਰ' ਅਤੇ 'ਸਾਹਰਵਾ' ਆਖਦੇ ਹਨ ਜਦਕਿ ਤਮਿਲ ਵਿਚ 'ਮਾਂਜਾਪੂ' ਅਤੇ ਮਰਾਠੀ ਵਿਚ 'ਪਾਰੀਜਾਤਕ' ਆਖਦੇ ਹਨ। ਇਸ ਦਾ ਵਿਗਿਆਨਕ ਨਾਂ 'ਨਿਕਟੈਨਥੈਸ ਆਰਬੋਰ ਟ੍ਰਾਈਸਟਿਸ' ਹੈ। ਇਸ ਦਾ ਜਾਤੀਗਤ ਨਾਂ 'ਨਿਕਟੈਨਥੈਸ' ਯੂਨਾਨੀ ਭਾਸ਼ਾ ਤੋਂ ਆਇਆ ਹੈ, ਜਿਸ ਦਾ ਅਰਥ ਹੁੰਦਾ ਹੈ – 'ਰਾਤ ਦਾ ਫੁੱਲ' ਅਤੇ ਵਿਸ਼ੇਸ਼ ਨਾਂ 'ਆਰਬੋਰ ਟ੍ਰਾਈਸਟਿਸ' ਦਾ ਅਰਥ ਹੈ – 'ਉਦਾਸ ਰੁੱਖ।'

### ਖੇਤੀ

ਇਹ ਰੁੱਖ ਬਾਗ਼-ਬਗ਼ੀਚਿਆਂ, ਘਰਾਂ ਨੇੜਲੀਆਂ ਖ਼ਾਲੀ ਥਾਵਾਂ 'ਤੇ ਖ਼ੂਬਸੂਰਤੀ ਲਈ ਬੀਜੇ ਜਾਂਦੇ ਹਨ। ਇਸ ਨੂੰ ਕਿਸੇ ਕਿਸਮ ਦੀ ਜ਼ਮੀਨ ਵਿਚ ਬੀਜ ਜਾਂ ਪਨੀਰੀ ਲਾ ਕੇ ਉਗਾਇਆ ਜਾ ਸਕਦਾ ਹੈ।

### ਧਾਰਮਿਕ ਅਹਿਮੀਅਤ

ਹਾਰ-ਸ਼ਿੰਗਾਰ ਦੇ ਫੁੱਲ ਹਿੰਦੂ ਧਰਮ ਵਿਚ ਪੂਜਾ-ਪਾਠ ਲਈ ਵਰਤੇ ਜਾਂਦੇ ਹਨ। ਭਗਵਾਨ ਸ਼੍ਰੀ ਕਿਸ਼ਨ ਜੀ ਨਾਲ ਸਬੰਧਤ ਧਾਰਮਿਕ ਸਮਾਗਮਾਂ ਵਿਚ ਇਨ੍ਹਾਂ ਦੀ ਖ਼ਾਸ ਤੌਰ 'ਤੇ ਵਰਤੋਂ ਕੀਤੀ ਜਾਂਦੀ ਹੈ। ਮੰਨਿਆ ਜਾਂਦਾ ਹੈ ਕਿ ਸ਼੍ਰੀ ਕਿਸ਼ਨ ਜੀ ਇਹ ਰੁੱਖ ਆਪਣੀ ਪਤਨੀ ਸੱਤਿਆਭਾਮਾ ਲਈ ਸਵਰਗ ਤੋਂ ਧਰਤੀ 'ਤੇ ਲੈ ਕੇ ਆਏ ਸਨ। 'ਵਿਸ਼ਨੂੰ ਪੁਰਾਣ' ਵਿਚ ਵੀ ਇਸ ਰੁੱਖ ਦਾ ਜ਼ਿਕਰ ਇਸ ਪ੍ਰਕਾਰ ਆਇਆ ਹੈ ਕਿ 'ਇਹ ਝਾੜੀ ਇਕ ਰਾਜੇ ਦੀ ਧੀ ਸੀ, ਜਿਸ ਦਾ ਨਾਂ ਪਾਰੀਜਾਤਕ ਸੀ। ਉਸ ਦਾ ਸੂਰਜ ਦੇਵਤਾ ਨਾਲ ਪ੍ਰੇਮ ਹੋ ਗਿਆ, ਜਿਸ ਨੇ ਛੇਤੀ ਹੀ ਉਸ ਵੱਲੋਂ ਮੂੰਹ ਮੋੜ ਲਿਆ। ਇਸ 'ਤੇ ਉਸ ਨੇ ਖ਼ੁਦਕੁਸ਼ੀ ਕਰ ਲਈ। ਪਾਰੀਜਾਕਤ ਨੂੰ ਸਾੜੇ ਜਾਣ ਤੋਂ ਬਾਅਦ ਉਸ ਦੀ ਰਾਖ ਵਿਚੋਂ ਇਹ ਝਾੜੀ ਉੱਗੀ ਸੀ। ਇਸੇ ਲਈ ਇਹ ਝਾੜੀ ਸਵੇਰੇ ਸੂਰਜ ਦੀ ਰੌਸ਼ਨੀ ਆਉਂਦਿਆਂ ਹੀ ਆਪਣੇ ਫੁੱਲ ਕੇਰ ਦਿੰਦੀ ਹੈ, ਕਿਉਂਕਿ ਉਸ ਨੂੰ ਸੂਰਜ ਦੀ ਤੱਕਣੀ ਬਰਦਾਸ਼ਤ ਨਹੀਂ। ਇਹ ਗਾਥਾਂ ਇਸ ਦੇ ਵਿਗਿਆਨਕ ਨਾਂ 'ਆਰਬੋਰ ਟ੍ਰਾਈਸਟਿਸ' ਭਾਵ 'ਉਦਾਸ ਰੁੱਖ' ਦੀ ਬੁਨਿਆਦ ਹੋ ਸਕਦੀ ਹੈ।

• ਫੀਚਰ ਡੈਸਕ

---

# ਹਾੜ੍ਹੀ ਦੀਆਂ ਫ਼ਸਲਾਂ ਮਿੱਤਰ ਕੀੜਿਆਂ ਦੀ ਸਾਂਭ-ਸੰਭਾਲ

• ਸੁਧੇਂਦੂ ਸ਼ਰਮਾ,
ਪਰਮਿੰਦਰ ਸਿੰਘ ਸ਼ੇਰਾ
97800-10958



ਫ਼ਸਲਾਂ ਉੱਪਰ ਦੁਸ਼ਮਣ ਕੀੜਿਆਂ ਦੇ ਨਾਲ-ਨਾਲ ਬਹੁਤ ਸਾਰੇ ਮਿੱਤਰ ਕੀੜੇ ਵੀ ਪਲਦੇ ਹਨ। ਇਨ੍ਹਾਂ ਮਿੱਤਰ ਕੀੜਿਆਂ 'ਚ ਪਰਭਕਸ਼ੀ ਕੀੜੇ, ਪਰਜੀਵੀ ਕੀੜੇ ਤੇ ਹਾਨੀਕਾਰਕ ਕੀੜਿਆਂ ਨੂੰ ਲੱਗਣ ਵਾਲੇ ਵਿਸ਼ਾਣੂ ਸ਼ਾਮਲ ਹਨ। ਇਹ ਮਿੱਤਰ ਕੀੜੇ ਫ਼ਸਲਾਂ ਨੂੰ ਖਾਣ ਵਾਲੇ ਹਾਨੀਕਾਰਕ ਕੀੜਿਆਂ ਦਾ ਖ਼ਾਤਮਾ ਕਰ ਕੇ ਕੁਦਰਤ 'ਚ ਸੰਤੁਲਨ ਬਣਾਈ ਰੱਖਣ 'ਚ ਮਦਦ ਕਰਦੇ ਹਨ ਪਰ ਕੀਟਨਾਸ਼ਕਾਂ ਦੀ ਬੇਲੋੜੀ ਵਰਤੋਂ ਇਸ ਸਮਤੋਲ 'ਚ ਵਿਗਾੜ ਪੈਦਾ ਕਰ ਦਿੰਦੀ ਹੈ। ਕੀਟਨਾਸ਼ਕਾਂ ਦੇ ਵਾਤਾਵਰਨ ਉੱਪਰ ਮਾੜੇ ਅਸਰ ਨੂੰ ਧਿਆਨ 'ਚ ਰੱਖਦੇ ਹੋਏ, ਮਿੱਤਰ ਕੀੜਿਆਂ ਦੀ ਅਹਿਮੀਅਤ ਬਾਰੇ ਜਾਣਕਾਰੀ ਹੋਣੀ ਲਾਜ਼ਮੀ ਹੈ। ਹਾੜ੍ਹੀ ਦੀਆਂ ਫ਼ਸਲਾਂ 'ਚ ਪਾਏ ਜਾਣ ਵਾਲੇ ਮਿੱਤਰ ਕੀੜਿਆਂ ਦੀ ਜਾਣ-ਪਛਾਣ ਤੇ ਸਾਂਭ-ਸੰਭਾਲ ਇਸ ਪ੍ਰਕਾਰ ਕੀਤੀ ਜਾ ਸਕਦੀ ਹੈ :

### ਪਰਭਕਸ਼ੀ ਕੀੜੇ

ਇਹ ਮਿੱਤਰ ਕੀੜੇ ਦੁਸ਼ਮਣ ਕੀੜਿਆਂ ਨੂੰ ਮਾਰ ਕੇ ਖਾ ਜਾਂਦੇ ਹਨ। ਇਕ ਪਰਭਕਸ਼ੀ ਕੀੜਾ ਬਹੁਤ ਸਾਰੇ ਦੁਸ਼ਮਣ ਕੀੜਿਆਂ ਨੂੰ ਖਾ ਕੇ ਆਪਣਾ ਜੀਵਨ ਚੱਕਰ ਪੂਰਾ ਕਰਦਾ ਹੈ। ਆਓ, ਜਾਣਦੇ ਹਾਂ ਹਾੜ੍ਹੀ ਦੀਆਂ ਫ਼ਸਲਾਂ 'ਚ ਪਾਏ ਜਾਣ ਵਾਲੇ ਪਰਭਕਸ਼ੀ ਮਿੱਤਰ ਕੀੜਿਆਂ ਬਾਰੇ :

**ਲੇਡੀ ਬਰਡ ਭੂੰਡੀਆਂ** : ਇਹ ਗੋਲ ਜਾਂ ਲੰਬੂਤਰੇ ਆਕਾਰ ਦੀਆਂ ਹੁੰਦੀਆਂ ਹਨ। ਬਾਲਗ ਭੂੰਡੀਆਂ ਦੇ ਖੰਭ ਸਖ਼ਤ, ਚਮਕਦਾਰ, ਲਾਲ, ਪੀਲੇ ਜਾਂ ਸੰਤਰੀ ਹੁੰਦੇ ਹਨ। ਇਨ੍ਹਾਂ ਦੀਆਂ ਸੁੰਡੀਆਂ (ਗਰਬਜ਼) ਲੰਬੀਆਂ ਤੇ ਚਪਟੀਆਂ ਹੁੰਦੀਆਂ ਹਨ, ਜਿਨ੍ਹਾਂ ਦੇ ਸਰੀਰ ਉੱਪਰ ਛੋਟੇ-ਛੋਟੇ ਕੰਡੇ ਹੁੰਦੇ ਹਨ। ਇਹ ਭੂੰਡੀਆਂ ਤੇ ਇਨ੍ਹਾਂ ਦੀਆਂ ਸੁੰਡੀਆਂ ਕਣਕ ਤੇ ਸਰ੍ਹੋਂ ਦੀ ਫ਼ਸਲ ਉੱਤੇ ਚੇਪੇ ਨੂੰ ਖਾਂਦੀਆਂ ਹਨ।

**ਸੱਤ-ਟਿਮਕਣਿਆਂ ਵਾਲੀ ਭੂੰਡੀ** : ਇਹ ਭੂੰਡੀਆਂ ਮਟਰ ਦੇ ਅੱਧੇ ਬੀਜ ਵਰਗੀਆਂ, ਪੀਲੇ-ਭੂਰੇ ਤੇ ਲਾਲ ਰੰਗ ਦੀਆਂ ਹੁੰਦੀਆਂ ਹਨ। ਇਨ੍ਹਾਂ ਦੇ ਉੱਪਰਲੇ ਦੋਵੇਂ ਖੰਭ ਸਖ਼ਤ ਹੁੰਦੇ ਹਨ ਤੇ ਖੰਭਾਂ ਉੱਪਰ ਸੱਤ ਕਾਲੇ ਟਿਮਕਣੇ ਹੁੰਦੇ ਹਨ। ਮਾਦਾ ਭੂੰਡੀ ਪੱਤਿਆਂ ਦੇ ਹੇਠ ਝੁੰਡਾਂ ਵਿਚ ਆਂਡੇ ਦਿੰਦੀ ਹੈ। ਆਂਡਿਆਂ 'ਚੋਂ ਕਾਲੇ ਰੰਗ ਦੇ ਲੰਬੇ, ਅੱਗੋਂ ਤੇ ਪਿੱਛੋਂ ਪਤਲੇ ਤੇ ਵਿਚਕਾਰੋਂ ਮੋਟੇ ਲਾਰਵੇ ਨਿਕਲਦੇ ਹਨ, ਜਿਨ੍ਹਾਂ ਦੀਆਂ ਛੇ ਲੱਤਾਂ ਹੁੰਦੀਆਂ ਹਨ। ਇਹ ਭੂੰਡੀਆਂ ਦੁਸ਼ਮਣ ਕੀੜਿਆਂ ਨੂੰ ਖਾਂਦੀਆਂ ਹਨ।

**ਤਿੰਨ ਧਾਰੀ ਭੂੰਡੀ** : ਬਾਲਗ ਭੂੰਡੀਆਂ ਦਾ ਸਿਰ ਪੀਲਾ ਹੰਦਾ ਹੈ, ਉੱਪਰਲੇ ਖੰਭ ਹਲਕੇ ਪੀਲੇ ਤੇ ਲੰਬੀਆਂ ਕਾਲੀਆਂ ਧਾਰੀਆਂ ਵਾਲੇ ਹੁੰਦੇ ਹਨ। ਇਸ ਦੀਆਂ ਸੁੰਡੀਆਂ ਸਲੇਟੀ ਰੰਗ ਦੀਆਂ ਹੁੰਦੀਆਂ ਹਨ ਤੇ ਇਨ੍ਹਾਂ ਦੇ ਸਰੀਰ ਦੇ ਦੋਵੇਂ ਪਾਸੇ ਕੰਡੇ ਹੁੰਦੇ ਹਨ।

**ਵਿੰਗੀਆਂ ਧਾਰੀਆਂ ਵਾਲੀ ਭੂੰਡੀ** : ਇਸ ਪ੍ਰਜਾਤੀ ਦੀਆਂ ਬਾਲਗ ਭੂੰਡੀਆਂ ਗੋਲਾਕਾਰ ਹੁੰਦੀਆਂ ਹਨ। ਇਨ੍ਹਾਂ ਦਾ ਸਿਰ ਪੀਲਾ, ਉੱਪਰਲੇ ਖੰਭ ਸੰਤਰੀ, ਹਲਕੇ ਲਾਲ, ਪੀਲੇ ਜਾਂ ਗੁਲਾਬੀ ਹੁੰਦੇ ਹਨ। ਖੰਭਾਂ ਉੱਪਰ ਵਿੰਗੀਆਂ-ਟੇਢੀਆਂ ਕਾਲੀਆਂ ਧਾਰੀਆਂ ਤੇ ਦੋ ਟਿਮਕਣੇ ਹੁੰਦੇ ਹਨ। ਇਨ੍ਹਾਂ ਦੇ ਕੋਏ ਪੀਲੇ ਹੁੰਦੇ ਹਨ ਜਿਨ੍ਹਾਂ ਉਪਰ ਕਾਲੇ ਰੰਗ ਦੇ ਚਟਾਕ ਹੁੰਦੇ ਹਨ।

**ਗਰੀਨ ਲੇਸ ਵਿੰਗ** : ਇਹ ਪਾਰਦਰਸ਼ੀ ਤੇ ਚਮਕੀਲੇ ਖੰਭਾਂ ਵਾਲਾ ਪਤਲਾ ਜਿਹਾ ਪਰਭਕਸ਼ੀ ਕੀੜਾ ਹੈ। ਖੰਭ ਪਤਲੇ ਤੇ ਨਾੜੀਦਾਰ ਹੁੰਦੇ ਹਨ। ਇਹ ਹਲਕੇ ਪੀਲੇ ਜਾਂ ਹਰੇ ਰੰਗ ਦੇ ਆਂਡੇ ਪੱਤਿਆਂ ਜਾਂ ਲੰਬੀਆਂ ਡੰਡੀਆਂ ਦੇ ਸਿਰਿਆਂ 'ਤੇ ਦਿੰਦਾ ਹੈ। ਲਾਰਵਾ ਕਿਸ਼ਤੀ ਦੇ ਆਕਾਰ ਦਾ, ਹਰੇ ਜਾਂ ਪੀਲੇ ਰੰਗ ਦਾ ਹੁੰਦਾ ਹੈ, ਜਿਸ ਉੱਪਰ ਗੂੜ੍ਹੇ ਭੂਰੇ ਦਾਗ਼ ਹੁੰਦੇ ਹਨ। ਧੜ ਤੇ ਪੇਟ ਦੇ ਸਾਰੇ ਹਿੱਸਿਆਂ 'ਤੇ ਵਾਲ ਹੁੰਦੇ ਹਨ। ਇਸ ਕੀੜੇ ਦੀਆਂ ਸੁੰਡੀਆਂ ਚੇਪਾ, ਤੇਲਾ ਤੇ ਹੋਰ ਨਰਮ ਕੀੜੇ ਖਾਂਦੀਆਂ ਹਨ।

**ਸਿਰਫਿਡ ਮੱਖੀ** : ਇਸ ਦਾ ਬਾਲਗ ਸ਼ਹਿਦ ਦੀ ਮੱਖੀ ਵਰਗਾ ਹੁੰਦਾ ਹੈ ਪਰ ਇਸ ਦੇ ਸਿਰਫ਼ ਦੋ ਖੰਭ ਹੁੰਦੇ ਹਨ। ਸਰੀਰ ਉੱਪਰ ਪੀਲੀਆਂ, ਕਾਲੀਆਂ ਜਾਂ ਚਿੱਟੀਆਂ ਧਾਰੀਆਂ ਹੁੰਦੀਆਂ ਹਨ। ਸਿਰਫਿਡ ਮੱਖੀ ਦੇ ਬਾਲਗ ਬੂਟਿਆਂ ਦੇ ਪਰਾਗ-ਕਣ, ਨੈਕਟਰ ਤੇ ਚੇਪਿਆਂ ਰਾਹੀਂ ਛੱਡੀਆਂ ਗਈਆਂ ਸ਼ਹਿਦ-ਬੂੰਦਾਂ ਨੂੰ ਖਾਂਦੇ ਹਨ। ਇਸ ਮੱਖੀ ਨੂੰ ਚੇਪੇ ਦੀਆਂ ਕਾਲੋਨੀਆਂ ਉੱਪਰ ਉਡਾਰੀ ਲਗਾਉਂਦਿਆਂ ਆਮ ਵੇਖਿਆ ਜਾ ਸਕਦਾ ਹੈ। ਇਸ ਦੀਆਂ ਸੁੰਡੀਆਂ ਇਕ ਸਿਰੇ ਤੋਂ ਮੋਟੀਆਂ ਤੇ ਦੂਜੇ ਤੋਂ ਪਤਲੀਆਂ ਹੁੰਦੀਆਂ ਹਨ। ਇਹ ਚਮਕਦਾਰ ਹਰੇ ਜਾਂ ਪੀਲੇ ਰੰਗ ਦੀਆਂ ਹੁੰਦੀਆਂ ਹਨ, ਜਿਨ੍ਹਾਂ ਉੱਪਰ ਲੰਬੀ ਧਾਰੀ ਹੁੰਦੀ ਹੈ। ਇਹ ਕਣਕ ਤੇ ਸਰ੍ਹੋਂ ਦੇ ਚੇਪੇ ਨੂੰ ਖਾਂਦੀਆਂ ਹਨ।

### ਪਰਜੀਵੀ ਕੀੜੇ

ਇਹ ਮਿੱਤਰ ਕੀੜੇ ਹਾਨੀਕਾਰਕ ਕੀੜਿਆਂ ਦੇ ਉੱਪਰ ਜਾਂ ਸਰੀਰ ਦੇ ਅੰਦਰ ਰਹਿ ਕੇ ਜੀਵਨ ਚੱਕਰ ਪੂਰਾ ਕਰਦੇ ਹਨ ਤੇ ਅੰਤ ਉਸ ਨੂੰ ਮਾਰ ਦਿੰਦੇ ਹਨ।

**ਕੋਟੇਸੀਆ ਜਾਂ ਏਪੈਂਟਲੀਜ਼ ਭਰਿੰਡ** : ਇਹ ਪਰਜੀਵੀ ਕੀੜੇ ਛੋਲਿਆਂ ਤੇ ਬੰਦ ਗੋਭੀ ਦੀਆਂ ਸੁੰਡੀਆਂ ਵਿਚ ਪਰਜੀਵੀਕਰਨ ਕਰਦੇ ਹਨ। ਇਨ੍ਹਾਂ ਦੇ ਬਾਲਗ ਛੋਟੇ, ਕਾਲੇ ਸਰੀਰ ਤੇ ਪੀਲੀਆਂ ਲੱਤਾਂ ਵਾਲੇ ਹੁੰਦੇ ਹਨ। ਇਨ੍ਹਾਂ ਦੀਆਂ ਟੋਹ-ਸਿੰਗੀਆਂ ਵੱਡੀਆਂ ਹੁੰਦੀਆਂ ਹਨ। ਪਾਰਦਰਸ਼ੀ ਖੰਭਾਂ ਉਪਰ ਇਕ-ਇਕ ਟਿਮਕਣਾ ਹੁੰਦਾ ਹੈ। ਮਾਦਾ ਆਪਣੇ ਆਂਡੇ ਦੁਸ਼ਮਣ ਕੀੜਿਆਂ ਦੀਆਂ ਸੁੰਡੀਆਂ ਦੇ ਸਰੀਰ ਵਿਚ ਦਿੰਦੀਆਂ ਹਨ। ਕੋਟੇਸੀਆ ਦੀ ਸੁੰਡੀ ਹਾਨੀਕਾਰਕ ਸੁੰਡੀਆਂ ਦੇ ਅੰਦਰ ਪਲਦੀ ਹੈ ਤੇ ਉਸ ਨੂੰ ਅੰਦਰੋ-ਅੰਦਰੀ ਖਾ ਕੇ ਨਸ਼ਟ ਕਰ ਦਿੰਦੀ ਹੈ। ਇਸ ਪਰਜੀਵੀ ਦੀਆਂ ਸੁੰਡੀਆਂ ਮਰੀ ਹੋਈ ਸੁੰਡੀ ਦੇ ਸਰੀਰ 'ਚੋਂ ਨਿਕਲ ਕੇ ਛੋਟੇ-ਛੋਟੇ ਚਿੱਟੇ ਰੰਗ ਦੇ ਕਕੂਨਾਂ ਦੀ ਸ਼ਕਲ ਧਾਰਨ ਕਰ ਲੈਂਦੀਆਂ ਹਨ। ਚਿੱਟੇ ਰੰਗ ਦੇ ਇਨ੍ਹਾਂ ਕਕੂਨਾਂ ਵਿਚੋਂ ਇਸ ਦੇ ਬਾਲਗ ਨਿਕਲਦੇ ਹਨ।

**ਏਫਿਡੀਅਸ ਭਰਿੰਡ** : ਇਹ ਭਰਿੰਡ ਸਰ੍ਹੋਂ ਦੇ ਚੇਪੇ 'ਚ ਪਰਜੀਵੀਕਰਨ ਕਰਦੇ ਹਨ। ਮਾਦਾ ਭਰਿੰਡ ਚੇਪੇ ਦੇ ਸਰੀਰ ਅੰਦਰ ਆਂਡੇ ਦਿੰਦੀ ਹੈ। ਆਂਡੇ 'ਚੋਂ ਨਿਕਲੀ ਸੁੰਡੀ ਚੇਪੇ ਵਿਚ ਪਲਦੀ ਰਹਿੰਦੀ ਹੈ ਤੇ ਚੇਪੇ ਨੂੰ ਅੰਦਰੋ-ਅੰਦਰੀ ਖਾ ਕੇ ਨਸ਼ਟ ਕਰ ਦਿੰਦੀ ਹੈ। ਏਫਿਡੀਅਸ ਕੀੜੇ ਦੀ ਸੁੰਡੀ ਚੇਪੇ ਦੇ ਸਰੀਰ ਵਿਚ ਕਕੂਨਾਂ ਅੰਦਰ ਪਿਊਪਾ ਬਣਾਉਂਦੀ ਹੈ ਜਿਸ ਨਾਲ ਚੇਪਾ ਸੁਨਹਰੀ ਜਾਂ ਤਾਂਬੇ ਰੰਗ ਦੀ ਮੱਖੀ 'ਚ ਤਬਦੀਲ ਹੋ ਜਾਂਦਾ ਹੈ। ਇਸ ਭਰਿੰਡ ਦੇ ਬਾਲਗ ਬੂਟਿਆਂ ਦੇ ਨੈਕਟਰ ਅਤੇ ਚੇਪਿਆਂ ਦੁਆਰਾ ਛੱਡੀਆਂ ਗਈਆਂ ਸ਼ਹਿਦ-ਬੂੰਦ ਨੂੰ ਖਾਂਦੇ ਹਨ।

**ਕੈਪੋਲਿਟਸ ਕਲੋਰੀਡੀ ਭਰਿੰਡ** : ਇਹ ਪਰਜੀਵੀ ਕੀੜਾ ਛੋਲਿਆਂ ਦੀਆਂ ਸੁੰਡੀਆਂ 'ਚ ਪਰਜੀਵੀਕਰਨ ਕਰਦਾ ਹੈ। ਇਸ ਭਰਿੰਡ ਦਾ ਸਿਰ, ਧੜ ਤੇ ਪੇਟ ਦਾ ਪਹਿਲਾ ਹਿੱਸਾ ਕਾਲਾ ਅਤੇ ਬਾਕੀ ਹਿੱਸਾ ਸੰਤਰੀ-ਪੀਲਾ ਹੁੰਦਾ ਹੈ ਜਿਸ ਦੇ ਵਿਚਕਾਰ ਇਕ ਕਾਲਾ ਧੱਬਾ ਹੁੰਦਾ ਹੈ। ਇਸ ਦਾ ਕੋਆ ਲੰਬੂਤਰਾ ਤੇ ਚਿੱਟੇ ਰੰਗ ਦਾ ਅਤੇ ਤਕਰੀਬਨ ਅੱਧਾ ਸੈਂਟੀਮੀਟਰ ਲੰਬਾ ਹੁੰਦਾ ਹੈ। •



#### ਮਿੱਤਰ ਕੀੜਿਆਂ ਦੀ ਸਾਂਭ-ਸੰਭਾਲ

- ਇਨ੍ਹਾਂ ਮਿੱਤਰ ਕੀੜਿਆਂ ਨੂੰ ਬਚਾਉਣ ਲਈ ਸਾਨੂੰ ਕੀਟਨਾਸ਼ਕਾਂ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ। ਹਾਨੀਕਾਰਕ ਕੀੜਿਆਂ ਅਤੇ ਮਿੱਤਰ ਕੀੜਿਆਂ ਦੀ ਸਹੀ ਪਛਾਣ ਹੋਣੀ ਬੇਹੱਦ ਲਾਜ਼ਮੀ ਹੈ। ਕਈ ਵਾਰ ਕਿਸਾਨ ਫ਼ਸਲ ਉੱਪਰ ਲੇਡੀ ਬਰਡ ਭੂੰਡੀਆਂ, ਗਰੀਨ ਲੇਸ ਵਿੰਗ ਤੇ ਸਿਰਫਿਡ ਮੱਖੀ ਦੀਆਂ ਸੁੰਡੀਆਂ ਨੂੰ ਦੁਸ਼ਮਣ ਕੀੜੇ ਸਮਝ ਕੇ ਕੀਟਨਾਸ਼ਕਾਂ ਦਾ ਛਿੜਕਾਅ ਕਰ ਦਿੰਦੇ ਹਨ। ਜਦਕਿ ਇਹ ਮਿੱਤਰ ਕੀੜੇ ਫ਼ਸਲਾਂ ਨੂੰ ਕੋਈ ਨੁਕਸਾਨ ਨਹੀ ਪਹੁੰਚਾਉਦੇਂ ਤੇ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਨੂੰ ਖਾਂਦੇ ਹਨ।
- ਹਾਨੀਕਾਰਕ ਕੀੜਿਆਂ ਦੀ ਸਿਰਫ਼ ਜ਼ਹਿਰਾਂ ਨਾਲ ਰੋਕਥਾਮ ਦੀ ਥਾਂ ਸਰਵਪੱਖੀ ਢੰਗਾਂ, ਜਿਵੇਂ ਫ਼ਸਲ ਦੀ ਸਮੇਂ ਸਿਰ ਬਿਜਾਈ, ਖਾਦਾਂ ਤੇ ਪਾਣੀ ਦੀ ਸੁਚੱਜੀ ਵਰਤੋਂ), ਜੈਵਿਕ (ਪਰਭਕਸ਼ੀ ਤੇ ਪਰਜੀਵੀ ਕੀੜੇ) ਜਾਂ ਮਕੈਨੀਕਲ (ਆਂਡਿਆਂ ਤੇ ਛੋਟੀਆਂ ਸੁੰਡੀਆਂ ਨੂੰ ਨਸ਼ਟ ਕਰਨਾ) ਆਦਿ ਢੰਗਾਂ ਨਾਲ ਉਨ੍ਹਾਂ ਦਾ ਖ਼ਾਤਮਾ ਕੀਤਾ ਜਾਵੇ।
- ਕੀਟਨਾਸ਼ਕਾਂ ਦੀ ਵਰਤੋਂ ਨੁਕਸਾਨ ਦੇ ਆਰਥਿਕ ਪੱਧਰ ਦੇ ਆਧਾਰ 'ਤੇ ਹੀ ਕਰਨੀ ਚਾਹੀਦੀ ਹੈ। ਜਿਵੇਂ, ਕਣਕ ਦੇ ਚੇਪੇ ਦੀ ਰੋਕਥਾਮ ਲਈ ਕੀਟਨਾਸ਼ਕ ਦੀ ਵਰਤੋਂ ਸਿੱਟੇ ਪੈਣ ਵੇਲੇ ਤਦ ਹੀ ਕਰੋ ਜੇ ਇਕ ਏਕੜ ਖੇਤ ਦੇ ਵੱਖ-ਵੱਖ ਚਾਰ ਹਿੱਸਿਆਂ ਵਿਚੋਂ ਚੁਣੇ ਗਏ 10-10 ਸਿੱਟਿਆਂ ਉੱਪਰ 5 ਚੇਪੇ ਪ੍ਰਤੀ ਸਿੱਟਾ ਹੋਣ। ਇਸੇ ਤਰ੍ਹਾਂ ਸਰ੍ਹੋਂ ਦੇ ਚੇਪੇ ਦੀ ਰੋਕਥਾਮ ਲਈ ਕੀਟਨਾਸ਼ਕ ਉਦੋਂ ਹੀ ਵਰਤੋ ਜੇ ਇਕ ਏਕੜ ਰਕਬੇ 'ਚੋਂ ਚੁਣੇ ਗਏ 12-16 ਬੂਟਿਆਂ ਦੀ ਵਿਚਕਾਰਲੀ ਸ਼ਾਖ ਦੇ ਸਿਰੇ 'ਤੇ ਚੇਪੇ ਦੀ ਗਿਣਤੀ 50-60 ਪ੍ਰਤੀ 10 ਸੈਂਟੀਮੀਟਰ ਹਿੱਸੇ ਤੇ ਹੋਵੇ ਜਾਂ ਜਦੋਂ ਬੂਟੇ ਦੀ ਵਿਚਕਾਰਲੀ ਸ਼ਾਖ ਦਾ ਸਿਰਾ 0.5 ਤੋਂ 1.0 ਸੈਂਟੀਮੀਟਰ ਚੇਪੇ ਨਾਲ ਢਕਿਆ ਹੋਵੇ ਜਾਂ ਜਦੋਂ ਪ੍ਰਤੀ ਏਕੜ 100 ਬੂਟਿਆਂ ਦੀ ਪਰਖ ਦੇ ਆਧਾਰ 'ਤੇ 40-50 ਫ਼ੀਸਦੀ ਬੂਟਿਆਂ ਉੱਪਰ ਚੇਪੇ ਦਾ ਹਮਲਾ ਨਜ਼ਰ ਆਵੇ।
- ਜੇ ਸਪਰੇਅ ਕਰਨੀ ਲਾਜ਼ਮੀ ਹੋਵੇ ਤਾਂ ਹਰੀ ਤਿਕੋਣ ਵਾਲੇ ਕੀਟਨਾਸ਼ਕਾਂ ਨੂੰ ਤਰਜੀਹ ਦਿਓ।
- ਛਿੜਕਾਅ ਕਰਨ ਵੇਲੇ ਕੀਟਨਾਸ਼ਕ ਦੀ ਵਰਤੋਂ ਚੋਣਵੇਂ ਢੰਗ ਨਾਲ ਹੀ ਕਰੋ। ਕੀਟਨਾਸ਼ਕ ਦੀ ਵਰਤੋਂ ਹਮਲੇ ਹੇਠ ਆਏ ਬੂਟਿਆਂ ਜਾਂ ਖੇਤ ਦੇ ਉਨ੍ਹਾਂ ਹਿੱਸਿਆਂ ਵਿਚ ਹੀ ਕਰੋ ਜਿੱਥੇ ਹਾਨੀਕਾਰਕ ਕੀੜਿਆਂ ਨੇ ਨੁਕਸਾਨ ਕੀਤਾ ਹੋਵੇ। ਜਿਵੇਂ, ਕਣਕ ਉੱਪਰ ਚੇਪੇ ਦਾ ਹਮਲਾ ਪਹਿਲਾਂ ਖੇਤ ਦੇ ਬਾਹਰਲੇ ਹਿੱਸਿਆਂ ਉੱਪਰ ਹੁੰਦਾ ਹੈ। ਇਸ ਲਈ ਛਿੜਕਾਅ ਸਿਰਫ਼ ਹਮਲੇ ਵਾਲੇ ਅਜਿਹੇ ਹਿੱਸੇ ਉੱਪਰ ਹੀ ਕਰੋ ਤਾਂ ਜੋ ਸਪਰੇਅ ਨਾਲ ਮਿੱਤਰ ਕੀੜਿਆਂ ਨੂੰ ਨੁਕਸਾਨ ਨਾ ਪੁੱਜੇ।
- ਮਿੱਤਰ ਕੀੜਿਆਂ ਦੀ ਗਿਣਤੀ ਵਧਾਉਣ ਲਈ ਖੇਤਾਂ ਦੇ ਆਸ ਰੁੱਖ ਲਗਾਓ ਕਿਉਂਕਿ ਮਿੱਤਰ ਕੀੜੇ ਆਪਣੇ ਜੀਵਨ ਚੱਕਰ ਦਾ ਕੁਝ ਹਿੱਸਾ ਇਨ੍ਹਾਂ ਬੂਟਿਆਂ ਉੱਤੇ ਪੂਰਾ ਕਰਦੇ ਹਨ।

#### ਸਾਵਧਾਨੀਆਂ

- ਫ਼ਸਲੀ ਰਹਿੰਦ-ਖੂੰਹਦ ਨੂੰ ਨਾ ਸਾੜੋ, ਇਸ ਨਾਲ ਮਿੱਤਰ ਕੀੜੇ ਮਰ ਜਾਂਦੇ ਹਨ।
- ਕੀਟਨਾਸ਼ਕਾਂ ਦੀ ਵਰਤੋਂ ਜ਼ਰੂਰਤ ਅਨੁਸਾਰ ਕਰੋ।
- ਜ਼ਿਆਦਾ ਜ਼ਹਿਰੀਲੇ ਕੀਟਨਾਸ਼ਕਾਂ ਦੀ ਵਰਤੋਂ ਤੋਂ ਗੁਰੇਜ਼ ਕਰੋ। ਇਹ ਮਿੱਤਰ ਕੀੜਿਆਂ ਨੂੰ ਨੁਕਸਾਨ ਪੰਹੁਚਾ ਸਕਦੇ ਹਨ।
- ਗ਼ੈਰ ਸਿਫ਼ਾਰਸ਼ੀ ਤੇ ਮਿਆਦ ਪੁਗਾ ਚੁੱਕੇ ਕੀਟਨਾਸ਼ਕ ਨਾ ਵਰਤੋ।
- ਕੀਟਨਾਸ਼ਕਾਂ ਦੇ ਮਿਸ਼ਰਣ ਬਣਾ ਕੇ ਛਿੜਕਾਅ ਨਾ ਕਰੋ।

---

# ਫਿਰੋਜ਼ਪੁਰ 'ਚ ਵਾਤਾਵਰਣ ਪੱਖੀ ਖੇਤੀ ਦੇ ਪੈਰੋਕਾਰ



## ਕਿਸਾਨਾਂ ਲਈ ਮਿਸਾਲ ਬਣਿਆ ਗੁਰਸਾਹਿਬ ਸਿੰਘ

ਬਲਾਕ ਜੀਰਾ ਦੇ ਪਿੰਡ ਬੂਲੇ ਦਾ ਵਸਨੀਕ ਹੈ ਕਿਸਾਨ ਗੁਰਸਾਹਿਬ ਸਿੰਘ ਸੰਧੂ ਪੁੱਤਰ ਜੱਜ ਸਿੰਘ। ਗੁਰਸਾਹਿਬ ਸਿੰਘ ਸਾਲ 2015 ਵਿਚ ਕ੍ਰਿਸ਼ੀ ਵਿਗਿਆਨ ਕੇਂਦਰ ਫ਼ਿਰੋਜ਼ਪੁਰ ਨਾਲ ਜੁੜਿਆ। ਕੇਵੀਕੇ ਦੇ ਮਾਹਿਰਾਂ ਦੀ ਰਾਏ ਨਾਲ ਉਹ ਬੀਤੇ ਤਿੰਨ ਸਾਲਾਂ ਤੋਂ 'ਹੈਪੀ ਸੀਡਰ' ਨਾਲ ਕਣਕ ਦੀ ਬਿਜਾਈ ਕਰ ਰਹੇ ਹਨ। ਇਸ ਸੀਜ਼ਨ ਦੌਰਾਨ ਵੀ ਉਨ੍ਹਾਂ 15 ਏਕੜ ਕਣਕ ਦੀ ਬਿਜਾਈ ਹੈਪੀ ਸੀਡਰ ਨਾਲ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਦੂਸਰੇ ਕਿਸਾਨਾਂ ਦੀ ਕਰੀਬ 124 ਏਕੜ ਜ਼ਮੀਨ ਵਿਚ ਆਪਣੀ ਹੈਪੀ ਸੀਡਰ ਮਸ਼ੀਨ ਨਾਲ ਕਿਰਾਏ 'ਤੇ ਕਣਕ ਦੀ ਬਿਜਾਈ ਕੀਤੀ ਅਤੇ 1500 ਰੁਪਏ ਪ੍ਰਤੀ ਏਕੜ ਦੇ ਹਿਸਾਬ ਮਿਹਨਤਾਨਾ ਕਮਾਇਆ। ਗੁਰਸਾਹਿਬ ਸਿੰਘ ਨੇ ਖੇਤੀ ਆਧਾਰਿਤ ਵ੍ਹਟਸਐਪ ਗਰੁੱਪ 'ਜੈ ਜਵਾਨ ਜੈ ਕਿਸਾਨ' ਵੀ ਬਣਾਇਆ ਹੈ, ਜਿਸ ਦੇ 257 ਤੋਂ ਵੱਧ ਮੈਂਬਰ ਹਨ। ਇਸ ਗਰੁੱਪ ਵਿਚ ਕਿਸਾਨ ਆਪਣੇ ਅਨੁਭਵ ਇਕ-ਦੂਸਰੇ ਨਾਲ ਸਾਂਝੇ ਕਰਦੇ ਹਨ। ਉਨ੍ਹਾਂ ਦੀ ਇਸ ਪਹਿਲਕਦਮੀ ਨਾਲ ਹੋਰ ਕਿਸਾਨ ਵੀ ਫ਼ਸਲੀ ਰਹਿੰਦ-ਖੂੰਹਦ ਦੀ ਖੇਤੀ ਵਿਚ ਵਰਤੋਂ ਪ੍ਰਤੀ ਉਤਸ਼ਾਹਿਤ ਹੋਏ ਹਨ। ਭਾਵੇਂ ਸ਼ੁਰੂ ਵਿਚ ਇਸ ਮਸ਼ੀਨ ਦੀ ਵਰਤੋਂ ਬਾਰੇ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦੀ ਘਾਟ ਕਾਰਨ ਕੁਝ ਉਲਝਣਾਂ ਦਾ ਸਾਹਮਣਾ ਕਰਨਾ ਪਿਆ ਪਰ ਕੇਵੀਕੇ ਫਿਰੋਜ਼ਪੁਰ ਦੇ ਮਾਹਿਰਾਂ ਦੀ ਅਗਵਾਈ ਨਾਲ ਉਨ੍ਹਾਂ ਨੇ ਚੰਗੇ ਨਤੀਜੇ ਪ੍ਰਾਪਤ ਕਰਨੇ ਸ਼ੁਰੂ ਕਰ ਦਿੱਤੇ। ਹੈਪੀ ਸੀਡਰ ਤਕਨੀਕ ਦੀ ਵਰਤੋਂ ਨਾਲ ਅੱਜ ਫਿਰੋਜ਼ਪੁਰ ਇਲਾਕੇ ਦੇ ਬਹੁਤ ਸਾਰੇ ਕਿਸਾਨ ਵਾਤਾਵਰਨ ਸੰਭਾਲ ਦੇ ਨਾਲ-ਨਾਲ ਪੈਸੇ ਅਤੇ ਪਾਣੀ ਦੀ ਬੱਚਤ ਤੋਂ ਇਲਾਵਾ ਆਪਣੀਆਂ ਜ਼ਮੀਨਾਂ ਨੂੰ ਸਿਹਤਮੰਦ ਤੇ ਉਪਜਾਊ ਬਣਾ ਰਹੇ ਹਨ। ਗੁਰਸਾਹਿਬ ਸਿੰਘ ਸਮੇਤ ਬਹੁਤ ਸਾਰੇ ਕਿਸਾਨਾਂ ਦਾ ਕਹਿਣਾ ਹੈ ਕਿ ਮਿੱਟੀ ਦੀ ਸਿਹਤ ਵਿਚ ਸੁਧਾਰ ਆਉਣ ਨਾਲ ਝਾੜ ਵਿਚ ਵੀ ਵਾਧਾ ਹੋਇਆ ਹੈ। ਗੁਰਸਾਹਿਬ ਸਿੰਘ ਸੰਧੂ ਦੀ ਹਿੰਮਤ, ਕੇਵੀਕੇ ਫਿਰੋਜ਼ਪੁਰ ਦੇ ਉਪਰਾਲਿਆਂ ਤੇ ਇਲਾਕੇ ਦੇ ਕਿਸਾਨਾਂ ਦੇ ਸਹਿਯੋਗ ਨੂੰ ਵੇਖਦਿਆਂ ਕਿਹਾ ਜਾ ਸਕਦਾ ਹੈ ਕਿ 'ਬੇਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ, ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜ ਕੇ ਪੱਥਰਾਂ ਦਾ।'

• ਗੁਰਜੰਟ ਸਿੰਘ ਔਲਖ



## ਪਰਾਲੀ ਦਾ ਖੇਤੀ 'ਚ ਲਾਹਾ ਲੈਣ ਵਾਲਾ ਕਿਸਾਨ ਬੂਟਾ ਸਿੰਘ

ਬਲਾਕ ਅਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਧੀਰਾ ਪੱਤਰਾ ਦਾ ਰਹਿਣ ਵਾਲਾ ਹੈ ਕਿਸਾਨ ਬੂਟਾ ਸਿੰਘ ਪੁੱਤਰ ਪ੍ਰਿਤਪਾਲ ਸਿੰਘ। ਉਹ ਕੇਵੀਕੇ ਫਿਰੋਜ਼ਪੁਰ ਨਾਲ 15 ਸਾਲ ਤੋਂ ਜੁੜੇ ਹੋਏ ਹਨ। ਬੂਟਾ ਸਿੰਘ ਪਰਾਲੀ ਨੂੰ ਸਾੜਨ ਦੀ ਥਾਂ ਬੀਤੇ ਛੇ ਸਾਲ ਤੋਂ ਉਲਟਾਵੇਂ ਹਲਾਂ ਤੇ ਰੋਟਾਵੇਟਰ ਨਾਲ ਉਸ ਨੂੰ ਆਪਣੀ 25 ਏਕੜ ਜ਼ਮੀਨ ਵਿਚ ਹੀ ਖਪਾਉਂਦੇ ਹਨ। ਬੂਟਾ ਸਿੰਘ ਨੇ ਦੱਸਿਆ ਕਿ ਜਦ ਤੋਂ ਉਨ੍ਹਾਂ ਨੇ ਪਰਾਲੀ ਅਤੇ ਨਾੜ ਦੀ ਖੇਤਾਂ ਵਿਚ ਹੀ ਸੰਭਾਲ ਕਰਨੀ ਸ਼ੁਰੂ ਕੀਤੀ ਹੈ, ਉਨ੍ਹਾਂ ਦੀ ਫ਼ਸਲੀ ਪੈਦਾਵਾਰ 'ਚ ਵਾਧਾ ਹੋਇਆ ਹੈ, ਰਸਾਇਣਕ ਖਾਦਾਂ ਤੇ ਦਵਾਈਆਂ ਉੱਪਰ ਹੋਣ ਵਾਲੇ ਖ਼ਰਚਿਆਂ ਦੀ ਬੱਚਤ ਹੋਈ ਹੈ। ਇਨ੍ਹਾਂ ਪ੍ਰਾਪਤੀਆਂ ਦੇ ਨਾਲ-ਨਾਲ ਉਹ ਹਰ ਸਾਲ ਜੈਵਿਕ ਖੇਤੀ ਅਧੀਨ ਰਕਬੇ 'ਚ ਵਾਧਾ ਕਰ ਰਹੇ ਹਨ। ਉਨ੍ਹਾਂ ਤੋਂ ਪ੍ਰੇਰਿਤ ਹੋ ਕੇ ਇਲਾਕੇ ਦੇ ਦੂਸਰੇ ਕਿਸਾਨ ਵੀ ਇਸ ਵਿਧੀ ਨੂੰ ਅਪਣਾ ਰਹੇ ਹਨ। ਉਨ੍ਹਾਂ ਦੁਆਰਾ ਇਲਾਕੇ ਦੇ ਦੂਸਰੇ ਕਿਸਾਨਾਂ ਨਾਲ ਮਿਲ ਕੇ ਬਣਾਏ ਗਏ ਕਿਸਾਨ ਗਰੁੱਪ ਨੇ ਸਬਸਿਡੀ 'ਤੇ ਮਸ਼ੀਨਰੀ ਖ਼ਰੀਦ ਕੇ ਪਿੰਡ ਦੇ ਕੁਝ ਨੌਜਵਾਨਾਂ ਨੂੰ ਮਸ਼ੀਨਰੀ ਰਾਹੀਂ ਰੁਜ਼ਗਾਰ ਮੁਹੱਈਆ ਕਰਵਾਇਆ ਹੈ। ਕਿਸਾਨ ਬੂਟਾ ਸਿੰਘ ਦੇ ਯਤਨਾਂ ਨੂੰ ਵੇਖਦੇ ਹੋਏ ਉਨ੍ਹਾਂ ਦੇ ਪਿੰਡ 'ਚ ਵਸਦੇ ਕਰੀਬ 60 ਫ਼ੀਸਦੀ ਕਿਸਾਨਾਂ ਨੇ ਪਰਾਲੀ ਅਤੇ ਨਾੜ ਨੂੰ ਅੱਗ ਲਗਾਉਣ ਦੀ ਥਾਂ ਖੇਤ ਵਿਚ ਇਸ ਦੀ ਸੁਚੱਜੀ ਵਰਤੋਂ ਦੀ ਵਿਧੀ ਨੂੰ ਅਪਣਾਇਆ ਹੈ। ਬੂਟਾ ਸਿੰਘ ਦੇ ਉਪਰਾਲਿਆਂ ਨੂੰ ਵੇਖਦੇ ਹੋਏ ਕ੍ਰਿਸ਼ੀ ਵਿਗਿਆਨ ਕੇਂਦਰ ਫਿਰੋਜ਼ਪੁਰ ਵੱਲੋਂ ਫ਼ਸਲੀ ਰਹਿੰਦ-ਖੂੰਹਦ ਦੀ ਸੁਚੱਜੀ ਵਰਤੋਂ ਸਬੰਧੀ ਲਗਾਏ ਗਏ ਕਿਸਾਨ ਮੇਲੇ ਦੌਰਾਨ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਭਾਰਤ ਦੇ ਖੇਤੀਬਾੜੀ ਮੰਤਰੀ ਰਾਧਾ ਮੋਹਨ ਵੱਲੋਂ ਵੀ ਉਨ੍ਹਾਂ ਨੂੰ ਜਿੱਥੇ 'ਨੈਸ਼ਨਲ ਗੋਪਾਲ ਰਤਨ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਉੱਥੇ ਕੁਦਰਤੀ ਖੇਤੀ ਵਿਚ ਪਾਏ ਗਏ ਯੋਗਦਾਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਉਨ੍ਹਾਂ ਨੂੰ 'ਆਰਗੈਨਿਕ ਫਾਰਮਰਜ਼ ਕਲੱਬ' ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

• ਵਿੱਕੀ ਸਿੰਘ

---

# ਸਫਲ ਕਿਸਾਨੀ ਦਾ ਆਧਾਰ ਤਕਨੀਕੀ ਜਾਗਰੂਕਤਾ

• ਸੁਰਜੀਤ ਸਿੰਘ ਜੱਸਲ
98146-07737

ਭਾਰਤ ਦੇ ਕਿਸਾਨ ਬੇਹੱਦ ਮਿਹਨਤੀ ਹਨ ਪਰ ਜਾਗਰੂਕਤਾ ਦੀ ਘਾਟ ਹੈ। ਭਾਰਤ ਸਮੇਤ ਦੁਨੀਆ ਦੇ ਬਹੁਤ ਸਾਰੇ ਦੇਸ਼ ਖੇਤੀ-ਧੰਦੇ ਨਾਲ ਜੁੜੇ ਹੋਏ ਹਨ। ਅਮਰੀਕਾ ਤੇ ਕੈਨੇਡਾ ਵਰਗੇ ਦੇਸ਼ਾਂ ਦੇ 80 ਫ਼ੀਸਦੀ ਕਾਰੋਬਾਰੀ ਖੇਤੀ ਆਧਾਰਿਤ ਸਨਅਤਾਂ ਨਾਲ ਜੁੜੇ ਹਨ।

ਪੰਜਾਬ, ਹਰਿਆਣਾ, ਗੁਜਰਾਤ ਆਦਿ ਸੂਬਿਆਂ ਦੇ ਨੌਜਵਾਨ ਵਿਦੇਸ਼ ਵਿਚ ਗੋਰਿਆਂ ਕੋਲ ਖੇਤੀ ਕਰਦੇ ਹਨ। ਇਹ ਉਹੀ ਨੌਜਵਾਨ ਹਨ ਜੋ ਪੰਜਾਬ 'ਚ ਖੇਤੀ ਤੋਂ ਕਿਨਾਰਾ ਕਰ ਕੇ ਵਿਦੇਸ਼ ਗਏ ਹਨ। ਜ਼ਾਹਿਰ ਹੈ ਕਿ ਭਾਰਤ ਦੇ ਕਿਸਾਨਾਂ ਕੋਲ ਵਸੀਲਿਆਂ ਤੇ ਜਾਗਰੂਕਤਾ ਦੀ ਘਾਟ ਹੈ। ਗੋਰੇ ਕਿਸਾਨ ਬੇਹੱਦ ਤਕਨੀਕੀ ਸੂਝ ਰੱਖਦੇ ਹਨ। ਸਾਡੇ ਜ਼ਿਆਦਾਤਰ ਕਿਸਾਨ ਭੇਡ ਚਾਲ 'ਚ ਫਸ ਕੇ ਕਰਜ਼ਾ ਚੁੱਕ ਕੇ ਖੇਤੀ ਮਸ਼ੀਨਰੀ, ਕਾਰਾਂ, ਕੋਠੀਆਂ ਆਦਿ ਲੈਂਦੇ ਹਨ, ਮਹਿੰਗੇ ਵਿਆਹਾਂ ਦੀ ਹੋੜ 'ਚ ਕਰਜ਼ਾਈ ਹੋ ਰਹੇ ਹਨ ਤੇ ਕਈ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।

ਮੋਬਾਈਲ ਤਕਨੀਕ ਨੇ ਅੱਜ ਪੂਰੀ ਦੁਨੀਆ ਨੂੰ ਮੁੱਠੀ 'ਚ ਕਰ ਲਿਆ ਹੈ। ਤਜ਼ਰਬੇਕਾਰ ਤਕਨੀਕੀ ਮਾਹਿਰਾਂ ਵੱਲੋਂ ਦੇਸ਼ ਦੇ ਕਿਸਾਨਾਂ ਲਈ 'ਪਸ਼ੂ ਬੋਲੀ' ਨਾਂ ਦਾ ਐਪ ਤਿਆਰ ਕੀਤਾ ਗਿਆ ਹੈ। ਇਹ ਐਪ ਖੇਤੀ ਨਾਲ ਸਬੰਧਤ ਕੰਮਾਂ-ਕਾਰਾਂ ਨੂੰ ਸੁਖਾਲਾ ਕਰਨ 'ਚ ਮਦਦਗਾਰ ਸਿੱਧ ਹੋਵੇਗਾ ਤੇ ਸਮੱਸਿਆਵਾਂ ਦੇ ਹੱਲ ਵੀ ਦੱਸੇਗਾ। ਇਸ ਦੇ ਲਈ ਇਸ ਐਪ ਨੂੰ ਆਧੁਨਿਕ ਤਕਨੀਕ ਵਾਲੇ ਫੋਨ 'ਚ ਡਾਊਨ ਲੋਡ ਕਰਨ ਦੀ ਲੋੜ ਹੈ। ਫਰਵਰੀ ਮਹੀਨੇ ਵਿਚ ਸ਼ੁਰੂ ਹੋ ਰਿਹਾ 'ਪਸ਼ੂ ਬੋਲੀ' ਨਾਂ ਦਾ ਇਹ ਐਪ ਸਿਰਫ਼ ਪਸ਼ੂ-ਪਾਲਣ ਸਬੰਧੀ ਜਾਣਕਾਰੀ ਤਕ ਸੀਮਤ ਨਹੀਂ ਹੋਵੇਗਾ। ਇਸ ਐਪ ਦਾ ਮਕਸਦ ਕਿਸਾਨਾਂ ਨੂੰ ਆਧੁਨਿਕ ਖੇਤੀ ਤਕਨੀਕਾਂ ਜ਼ਰੀਏ ਕਿਸਾਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁਕਣਾ ਹੈ। ਇਹ ਰਾਹੀਂ ਕਿਰਸਾਨੀ ਨਾਲ ਸਬੰਧਤ ਮਸਲਿਆਂ ਦੇ ਹੱਲ, ਨਵੀਆਂ ਤਕਨੀਕਾਂ ਦੀ ਜਾਣਕਾਰੀ, ਉੱਨਤ ਬੀਜਾਂ, ਖੇਤੀ ਦਵਾਈਆਂ, ਖਾਦਾਂ ਆਦਿ ਬਾਰੇ ਖੇਤੀ ਮਾਹਿਰਾਂ ਪਾਸੋਂ ਜਾਣਕਾਰੀ ਮਿਲੇਗੀ। ਇਸ ਤੋਂ ਇਲਾਵਾ ਪਸ਼ੂ ਪਾਲਣ, ਪਸ਼ੂਆਂ ਦੀ ਖ਼ਰੀਦੋ-ਫਰੋਖ਼ਤ, ਚੰਗੀ ਨਸ਼ਲ ਦੇ ਦੁਧਾਰੂ ਪਸ਼ੂਆਂ ਸਬੰਧੀ ਵੈਟਰਨਰੀ ਡਾਕਟਰਾਂ ਨਾਲ ਰਾਬਤਾ ਕਾਇਮ ਹੋ ਸਕੇਗਾ। ਇਹ ਐਪ ਪੰਜਾਬੀ, ਹਿੰਦੀ, ਅਤੇ ਦੇਸ਼ ਦੀਆਂ ਬਾਕੀ ਭਾਸ਼ਾਵਾਂ ਵਿਚ ਕਿਸਾਨਾਂ ਤਕ ਜਾਣਕਾਰੀ ਪਹੁੰਚਾਏਗੀ। ਇਸ ਤੋਂ ਇਲਾਵਾ ਕਿਸਾਨਾਂ ਨੂੰ ਫ਼ਸਲਾਂ ਦੇ ਮੰਡੀਕਰਨ ਅਤੇ ਉੱਥੇ ਮੌਜੂਦ ਸਹੂਲਤਾਂ ਬਾਰੇ ਵੀ ਜਾਣਕਾਰੀ ਹਾਸਲ ਹੋ ਸਕੇਗੀ।

ਇਹ ਐਪ ਖੇਤੀਬਾੜੀ ਸਬੰਧੀ ਜਾਣਕਾਰੀ ਦੇ ਨਾਲ-ਨਾਲ ਮਨੋਰਜਨ ਤੇ ਗੀਤ-ਸੰਗੀਤ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਏਗੀ। •



---

# ਡੇਅਰੀ ਫਾਰਮਿੰਗ ਦੀ ਸਫਲਤਾ ਦਾ ਰਾਜ਼ ਸੰਤੁਲਿਤ ਪਸ਼ੂ ਖ਼ੁਰਾਕ



ਸੰਤੁਲਿਤ ਪਸ਼ੂ ਖ਼ੁਰਾਕ ਜਿੱਥੇ ਪਸ਼ੂਆਂ ਨੂੰ ਬਿਮਾਰੀਆਂ ਦਾ ਟਾਕਰਾ ਕਰਨ ਦੇ ਸਮਰੱਥ ਬਣਾਉਂਦੀ ਹੈ ਉੱਥੇ ਮਿਆਰੀ ਦੁੱਧ ਦੇ ਉਤਪਾਦਨ 'ਚ ਵੀ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਪਸ਼ੂਆਂ ਦੀ ਖ਼ੁਰਾਕ ਵਿਚ ਉਨ੍ਹਾਂ ਦੀਆਂ ਰੋਜ਼ਾਨਾ ਦੀਆਂ ਲੋੜਾਂ ਅਨੁਸਾਰ ਤੱਤ ਸ਼ਾਮਲ ਹੋਣੇ ਚਾਹੀਦੇ ਹਨ...

• ਡਾ. ਬਲਵਿੰਦਰ ਸਿੰਘ ਢਿੱਲੋਂ,
ਡਾ. ਅਜੀਤਪਾਲ ਸਿੰਘ ਧਾਲੀਵਾਲ
94654-20097

ਡੇਅਰੀ ਫਾਰਮਿੰਗ ਦੇ ਧੰਦੇ 'ਚ ਪਸ਼ੂ ਖ਼ੁਰਾਕ ਦੀ ਬਹੁਤ ਮਹੱਤਤਾ ਹੈ। ਛੋਟੀ ਉਮਰ ਦੇ ਪਸ਼ੂਆਂ ਨੂੰ ਪ੍ਰੋਟੀਨ, ਊਰਜਾ, ਵਿਟਾਮਿਨ ਤੇ ਖਣਿਜ ਪਦਾਰਥਾਂ ਦੀ ਵੱਧ ਲੋੜ ਹੁੰਦੀ ਹੈ। ਸੰਤੁਲਿਤ ਖ਼ੁਰਾਕ ਨਾਲ ਪਸ਼ੂ ਨਿਰੋਗ ਰਹਿੰਦੇ ਹਨ, ਉਨ੍ਹਾਂ ਦੇ ਸਰੀਰ ਦਾ ਤਾਪਮਾਨ ਠੀਕ ਰਹਿੰਦਾ ਹੈ ਤੇ ਮਾਸਪੇਸ਼ੀਆਂ ਸਹੀ ਢੰਗ ਨਾਲ ਕਿਰਿਆਵਾਂ ਕਰਦੀਆਂ ਹਨ। ਦੁੱਧ ਦੇ ਉਤਪਾਦਨ ਵਿਚ ਵੀ ਸੰਤੁਲਿਤ ਪਸ਼ੂ ਖ਼ੁਰਾਕ ਅਹਿਮ ਭੂਮਿਕਾ ਨਿਭਾਉਂਦੀ ਹੈ। ਗਰਭਵਤੀ ਪਸ਼ੂ ਨੂੰ ਇਸ ਅਵਸਥਾ ਦੇ ਪਿਛਲੇ ਦੋ ਮਹੀਨਿਆਂ ਦੌਰਾਨ ਊਰਜਾ ਦੀ ਦੁੱਗਣੀ ਲੋੜ ਡਬਲ ਹੁੰਦੀ ਹੈ।

### ਪਸ਼ੂ ਲਈ ਖ਼ੁਰਾਕ ਦੀ ਮਹੱਤਤਾ

ਦੁਧਾਰੂ ਪਸ਼ੂਆਂ ਵਿਚ ਦੁੱਧ ਦੇ ਮਿਆਰੀ ਉਤਪਾਦਨ ਲਈ ਸੰਤੁਲਿਤ ਖ਼ੁਰਾਕ ਦੇਣੀ ਚਾਹੀਦੀ ਹੈ। ਪਸ਼ੂਆਂ ਨੂੰ ਸਰੀਰਕ ਕਿਰਿਆਵਾਂ ਕਾਇਮ ਰੱਖਣ ਤੇ ਤੰਦਰੁਸਤ ਰੱਖਣ 'ਚ ਵੀ ਸੰਤੁਲਿਤ ਖ਼ੁਰਾਕ ਅਹਿਮ ਭੂਮਿਕਾ ਨਿਭਾਉਂਦੀ ਹੈ। ਆਉਣ ਵਾਲੇ ਸੂਏ ਲਈ ਦੁਧਾਰੂ ਪਸ਼ੂ ਵਿਚ ਨਸਲੀ ਗੁਣਾਂ ਅਨੁਸਾਰ ਵੱਧ ਦੁੱਧ ਦੇਣ ਦੀ ਸਮਰਥਾ ਬਰਕਰਾਰ ਰੱਖਣ ਲਈ ਵੀ ਸੰਤੁਲਿਤ ਖ਼ੁਰਾਕ ਬੇਹੱਦ ਅਹਿਮ ਹੈ। ਕਟੜੂ-ਵਛੜੂ ਦੇ ਸਰੀਰਕ ਵਾਧੇ ਵਿਚ ਵੀ ਸੰਤੁਲਿਤ ਖ਼ੁਰਾਕ ਦੀ ਬੇਹੱਦ ਜ਼ਰੂਰਤ ਹੁੰਦੀ ਹੈ।

### ਖ਼ੁਰਾਕੀ ਤੱਤਾਂ ਦੀ ਅਹਿਮੀਅਤ

ਸੰਤੁਲਿਤ ਖ਼ੁਰਾਕ ਉਹ ਹੁੰਦੀ ਹੈ ਜੋ ਸਰੀਰ ਲਈ 24 ਘੰਟੇ ਦੀ ਲੋੜ ਮੁਤਾਬਿਕ ਅਹਿਮ ਤੱਤਾਂ ਦੀ ਪੂਰਤੀ ਕਰਦੀ ਹੋਵੇ। ਪਸ਼ੂ ਖ਼ੁਰਾਕ ਅਸੰਤੁਲਿਤ ਹੋਵੇ ਤਾਂ ਪਸ਼ੂ ਦਾ ਵਾਧਾ ਘੱਟ ਜਾਂਦਾ ਹੈ, ਪਸ਼ੂ ਸਹੀ ਸਮੇਂ ਤੇ ਗਰਮੀ ਵਿਚ ਨਹੀਂ ਆਉਂਦਾ, ਪੈਦਾ ਹੋਣ ਵਾਲਾ ਕਟੜੂ ਜਾਂ ਵਛੜੂ ਸਿਹਤਮੰਦ ਨਹੀਂ ਹੋਵੇਗਾ। ਪਸ਼ੂ ਦੇ ਸੂਏ ਦਾ ਚੱਕਰ ਵਿਗੜ ਜਾਵੇਗਾ, ਦੁੱਧ ਉਤਪਾਦਨ 'ਚ ਗਿਰਾਵਟ ਆ ਜਾਵੇਗੀ, ਨਤੀਜੇ ਵਜੋਂ ਪ੍ਰਤੀ ਲੀਟਰ ਦੁੱਧ ਉਤਪਾਦਨ ਦਾ ਖ਼ਰਚਾ ਵਧ ਜਾਵੇਗਾ ਤੇ ਡੇਅਰੀ ਦਾ ਕਿੱਤਾ ਘਾਟੇਵੰਦ ਸੌਦਾ ਬਣ ਜਾਵੇਗਾ। ਇਸ ਲਈ ਖ਼ੁਰਾਕ ਵਿਚ ਸਾਰੇ ਅੰਸ਼ ਇਸ ਪ੍ਰਕਾਰ ਸ਼ਾਮਲ ਹੋਣ ਕਿ ਪਸ਼ੂ ਦੀਆਂ ਸਰੀਰਕ ਲੋੜਾਂ ਲਈ ਲੋੜੀਂਦੇ ਤੱਤਾਂ ਦੀ ਪੂਰਤੀ ਹੋ ਸਕੇ।

**ਪ੍ਰੋਟੀਨ** : ਪ੍ਰੋਟੀਨ ਤੋਂ ਸਰੀਰ ਵਿਚ ਪੱਠੇ ਤੇ ਮਾਸ ਬਣਦਾ ਹੈ। ਇਹ ਸ਼ਰੀਰ ਨੂੰ ਕਾਇਮ ਰੱਖਣ ਲਈ ਤਾਕਤ ਦਾ ਅਹਿਮ ਸੋਮਾ ਹੈ। ਗਰਭ ਅਵਸਥਾ ਦੌਰਾਨ ਕਟੜੂ-ਵਛੜੂ ਦੇ ਸਰੀਰਕ ਵਾਧੇ, ਛੋਟੇ ਪਸ਼ੂਆਂ ਦੇ ਵਧਣ-ਫੁੱਲਣ ਤੇ ਦੁਧਾਰੂ ਪਸ਼ੂਆਂ ਵਿਚ ਦੁੱਧ ਦੀ ਪ੍ਰੋਟੀਨ (ਮਿਲਕ ਪ੍ਰੋਟੀਨ) ਦਾ ਨਿਰਮਾਣ ਕਰਨ 'ਚ ਇਹ ਅਹਿਮ ਯੋਗਦਾਨ ਪਾਉਂਦੀ ਹੈ। ਇਸ ਤੱਤ ਦੀ ਪੂਰਤੀ ਪਸ਼ੂ ਖ਼ੁਰਾਕ, ਹਰੇ ਚਾਰੇ ਤੇ ਸੁੱਕੇ ਮਾਦੇ ਤੋਂ ਹੁੰਦੀ ਹੈ।

**ਨਿਸ਼ਾਸਤਾ** : ਇਹ ਗ਼ੈਰ ਫਲੀਦਾਰ ਚਾਰਿਆਂ ਤੇ ਉਨ੍ਹਾਂ ਦੇ ਪੈਦਾ ਹੋਣ ਵਾਲੇ ਅਨਾਜ ਵਿਚ ਹੁੰਦਾ ਹੈ। ਇਹ ਪਸ਼ੂ ਦੇ ਸਰੀਰ ਨੂੰ ਕਾਇਮ ਰੱਖਣ, ਕੰਮ ਕਰਨ ਲਈ ਊਰਜਾ ਪ੍ਰਦਾਨ ਕਰਦਾ ਹੈ। ਇਹ ਪੌਦਿਆਂ ਦੇ ਠੋਸ ਪਦਾਰਥ ਦਾ 34 ਫ਼ੀਸਦੀ ਹਿੱਸਾ ਹੁੰਦਾ ਹੈ ਤੇ ਪਸ਼ੂਆਂ ਨੂੰ ਖ਼ੁਰਾਕ ਤੋਂ ਮਿਲਣ ਵਾਲੀ ਸ਼ਕਤੀ ਦਾ ਲਗਪਗ 70 ਫ਼ੀਸਦੀ ਹੁੰਦਾ ਹੈ।

**ਚਿਕਨਾਈ** : ਇਹ ਪਸ਼ੂ ਦੇ ਸਰੀਰ 'ਚ ਸ਼ਕਤੀ ਪੈਦਾ ਕਰਦੀ ਹੈ। ਇਹ ਹਰੇ ਚਾਰੇ, ਜਿਵੇਂ ਸਰ੍ਹੋਂ, ਤੋਰੀਆ ਤੋਂ ਇਲਾਵਾ ਵੰਡ, ਜਿਵੇਂ ਖਲ਼, ਵੜੇਂਵੇ ਆਦਿ ਆਦਿ ਤੋਂ ਪ੍ਰਾਪਤ ਹੁੰਦੀ ਹੈ। ਇਹ ਵਿਟਾਮਿਨ, ਕੈਲਸ਼ੀਅਮ ਆਦਿ ਤੱਤਾਂ ਨੂੰ ਹਜ਼ਮ ਕਰਨ 'ਚ ਮਦਦ ਕਰਦੀ ਹੈ। ਖ਼ੁਰਾਕ ਰਾਹੀਂ ਦਿੱਤੀ ਗਈ ਵਾਧੂ ਚਿਕਨਾਈ ਪਸ਼ੂ ਦੇ ਸਰੀਰ ਵਿਚ ਜਮ੍ਹਾਂ ਹੁੰਦੀ ਹੈ ਤੇ ਲੋੜ ਪੈਣ 'ਤੇ ਪਸ਼ੂ ਇਸ ਨੂੰ ਵਰਤ ਸਕਦਾ ਹੈ। ਭਾਰ ਦੇ ਪੱਖੋਂ ਚਿਕਨਾਈ ਵਿਚ ਕਾਰਬੋਹਾਈਡਰੇਟਸ ਨਾਲੋਂ ਦੁੱਗਣੀ ਤੋਂ ਵੀ ਜ਼ਿਆਦਾ ਤਾਕਤ ਹੁੰਦੀ ਹੈ।

**ਧਾਤਾਂ** : ਦੁਧਾਰੂ ਪਸ਼ੂਆਂ ਦੇ ਸਰੀਰ 'ਚ ਧਾਤਾਂ ਦੀ ਕਾਫ਼ੀ ਘਾਟ ਪਾਈ ਜਾ ਰਹੀ ਹੈ। ਪਸ਼ੂ ਨੂੰ ਕੁਝ ਹੱਦ ਤਕ ਧਾਤਾਂ ਪੱਠਿਆਂ ਅਤੇ ਵੰਡ ਵਿਚੋਂ ਮਿਲ ਜਾਂਦੀਆਂ ਹਨ। ਦੁੱਧ ਦੇ ਰਹੇ ਪਸ਼ੂ ਤੋਂ ਦੁੱਧ ਰਾਹੀਂ ਬਹੁਤ ਸਾਰੇ ਤੱਤਾਂ ਤੋਂ ਇਲਾਵਾ ਸੋਡੀਅਮ, ਪੋਟਾਸ਼ੀਅਮ, ਕੈਲਸੀਅਮ, ਮੈਗਨੀਸ਼ੀਅਮ ਦੇ ਕਲੋਰਾਈਡਜ, ਸਲਫਰ, ਫਾਸਫੋਰਸ ਜ਼ਿਆਦਾ ਮਾਤਰਾ ਵਿਚ ਤੇ ਕੁਝ ਤੱਤ ਘੱਟ ਮਾਤਰਾ ਵਿਚ, ਜਿਵੇਂ ਲੋਹਾ, ਤਾਂਬਾ ਤੇ ਆਉਡੀਨ ਲੈਂਦੇ ਹਨ। ਇਸ ਤੋਂ ਇਲਾਵਾ ਜ਼ਮੀਨ ਵਿਚ ਵੀ ਕੁਝ ਤੱਤ, ਜਿਵੇਂ ਜਿਸਤ, ਤਾਂਬੇ ਦੀ ਘਾਟ, ਪਸ਼ੂ ਚਾਰਿਆਂ ਵਿਚ ਘਾਟ ਬਣ ਜਾਂਦੀ ਹੈ ਤੇ ਇਹ ਘਾਟ ਪਸ਼ੂ ਦੇ ਸਰੀਰ ਵਿਚ ਆਉਣ ਕਾਰਨ ਪਸ਼ੂਆਂ ਦੀ ਸਿਹਤ, ਦੁੱਧ ਦੀ ਗੁਣਵੱਤਾ ਤੇ ਦੁੱਧ ਦੀ ਪੈਦਾਵਾਰ ਲਈ ਨੁਕਸਾਨਦੇਹ ਸਿੱਧ ਹੁੰਦੀ ਹੈ।

ਧਾਤਾਂ ਦੀ ਘਾਟ ਦਾ ਪਸ਼ੂ ਦੇ ਸਰੀਰਕ ਵਿਕਾਸ 'ਤੇ ਮਾੜਾ ਅਸਰ ਪੈਂਦਾ ਹੈ। ਪਸ਼ੂਆਂ ਦਾ ਸੂਆ ਵੱਡੀ ਉਮਰ ਵਿਚ ਪੈਂਦਾ ਹੈ। ਪਸ਼ੂ ਵਾਰ-ਵਾਰ ਹੇਹੇ ਵਿਚ ਆਉਂਦਾ ਰਹਿੰਦਾ ਹੈ। ਪਿਸ਼ਾਬ 'ਚ ਖ਼ੂਨ ਆਉਣ ਲਗਦਾ ਹੈ। ਖੁਰ ਅਤੇ ਪੂਛ ਝੜਨ ਲਗਦੇ ਹਨ। ਲੋਹੇ ਤੇ ਤਾਂਬੇ ਦੀ ਘਾਟ ਕਾਰਨ ਪਸ਼ੂ ਦੀ ਬਿਮਾਰੀਆਂ ਨਾਲ ਟਾਕਰਾ ਕਰਨ ਦੀ ਸਮਰਥਾ ਘਟ ਜਾਂਦੀ ਹੈ। ਫਾਸਫੋਰਸ ਤੇ ਕੈਲਸੀਅਮ ਦੀ ਘਾਟ ਕਾਰਨ ਕਈ ਵਾਰ ਪਸ਼ੂ ਮਿੱਟੀ, ਰੱਸੇ, ਕੱਪੜੇ ਆਦਿ ਚੱਬਣੇ ਸ਼ੁਰੂ ਕਰ ਦਿੰਦਾ ਹੈ। ਗਰਭ ਗਿਰ ਜਾਣ ਦਾ ਖ਼ਤਰਾ ਰਹਿੰਦਾ ਹੈ। ਵਧ-ਫੁੱਲ ਰਹੇ ਕਟੜੂ-ਵੱਛੜੂ ਵਿਚ ਕੈਲਸ਼ੀਅਮ ਤੇ ਫਾਸਫੋਰਸ ਦੀ ਘਾਟ ਕਾਰਨ ਦੰਦ ਤੇ ਸਰੀਰਕ ਪੱਠੇ ਕਮਜ਼ੋਰ ਹੋ ਜਾਂਦੇ ਹਨ। ਪ੍ਰਤੀ ਕਿੱਲੋ ਦੁੱਧ ਦੀ ਬਣਤਰ ਲਈ 3 ਗ੍ਰਾਮ ਕੈਲਸ਼ੀਅਮ ਤੇ 2 ਗ੍ਰਾਮ ਫਾਸਫੋਰਸ ਦੀ ਲੋੜ ਹੁੰਦੀ ਹੈ ਨਹੀਂ ਤਾਂ ਦੁੱਧ ਦੀ ਪੈਦਾਵਾਰ ਘਟ ਜਾਂਦੀ ਹੈ।

### ਹਰੇ ਚਾਰੇ

ਹਰੇ ਚਾਰੇ ਡੇਅਰੀ ਧੰਦੇ ਦੀ ਰੀੜ੍ਹ ਦੀ ਹੱਡੀ ਹਨ। ਹਰੇ ਚਾਰਿਆਂ ਵਿਚ ਪ੍ਰੋਟੀਨ, ਵਿਟਾਮਿਨ-ਏ, ਵਿਟਾਮਿਨ-ਡੀ, ਖਣਿਜ ਤੇ ਹਜ਼ਮ ਹੋਣ ਵਾਲੇ ਤੱਤ ਕਾਫ਼ੀ ਮਾਤਰਾ 'ਚ ਹੁੰਦੇ ਹਨ। ਇਕ ਪਸ਼ੂ ਨੂੰ ਪ੍ਰਤੀ ਦਿਨ ਕਰੀਬ 31.58 ਕਿੱਲੋ ਚਾਰਾ ਮਿਲਦਾ ਹੈ, ਜੋ ਲੋੜ ਨਾਲੋਂ ਕਾਫ਼ੀ ਘੱਟ ਹੈ। ਚਿੱਟਾ ਇਨਕਲਾਬ ਹਰੇ ਚਾਰਿਆਂ ਦੀ ਪੈਦਾਵਾਰ 'ਤੇ ਨਿਰਭਰ ਕਰਦਾ ਹੈ। ਦੁਧਾਰੂ ਪਸ਼ੂਆਂ ਨੂੰ ਵਧੀਆ ਕਿਸਮ ਦਾ ਹਰਾ ਚਾਰਾ ਸਹੀ ਮਾਤਰਾ ਵਿਚ ਮਿਲਦਾ ਰਹਿਣਾ ਲਾਜ਼ਮੀ ਹੈ। ਹਰੇ ਚਾਰੇ ਤੋਂ ਦੁੱਧ ਦਾ ਉਤਪਾਦਨ ਸਸਤਾ ਪੈਂਦਾ ਹੈ ਹਾੜ੍ਹੀ ਦੇ ਹਰੇ ਚਾਰੇ ਵਿਚ ਬਰਸੀਮ, ਲੂਸਣ, ਸਫਤਲ, ਸੇਂਜੀ, ਸਰ੍ਹੋਂ, ਰਾਈ ਘਾਹ, ਜਵੀ, ਜੌਂ ਆਦਿ।ਅਹਿਮ ਹਨ। ਸਾਉਣੀ ਦੇ ਚਾਰੇ ਵਿਚ ਚਰ੍ਹੀ, ਮੱਕੀ, ਬਾਜਰਾ, ਨੇਪੀਅਰ ਬਾਜਰਾ, ਗਿੰਨੀ ਘਾਹ, ਮੱਕ ਚਰ੍ਹੀ, ਲੋਬੀਆ ਗੁਆਰਾ, ਸੂਡੇਕਸ ਚਰੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਨ੍ਹਾਂ ਚਾਰਿਆਂ ਵਿਚੋਂ ਬਰਸੀਮ, ਲੂਸਣ, ਸੇਂਜੀ, ਸਫਤਲ, ਸਰ੍ਹੋਂ, ਗੁਆਰਾ, ਲੋਬੀਆ ਆਦਿ ਫਲੀਦਾਰ ਅਤੇ ਮੱਕੀ, ਚਰੀ, ਬਾਜਰਾ, ਨੇਪੀਅਰ ਬਾਜਰਾ, ਜਵੀਂ, ਜੌਂ, ਰਾਈ ਘਾਹ, ਗਿੰਨੀ-ਘਾਹ, ਮੱਕ-ਚਰ੍ਹੀ ਤੇ ਸੂਡੇਕਸ ਚਰ੍ਹੀ ਆਦਿ ਗ਼ੈਰ ਫਲੀਦਾਰ ਚਾਰੇ ਹਨ।

### ਸੁੱਕੇ ਚਾਰੇ

ਤੂੜੀ, ਟਾਂਡੇ, ਟਾਂਗਰ, ਕੜਬੀ ਪਰਾਲੀ ਆਦਿ ਸੁੱਕੇ ਚਾਰੇ ਪਸ਼ੂਆਂ ਨੂੰ ਖ਼ੁਰਾਕ ਦੇ ਤੌਰ 'ਤੇ ਪਾਏ ਜਾਂਦੇ ਹਨ। ਸੁੱਕੇ ਚਾਰੇ ਅਨਾਜ ਵਾਲੀਆਂ ਫਸਲਾਂ ਤੋਂ ਝਾੜ ਲੈਣ ਉਪਰੰਤ ਮਿਲਦੇ ਹਨ। ਇਕ ਕੁਇੰਟਲ ਹਰੇ ਚਾਰੇ ਵਿਚ 10 ਕਿੱਲੋ ਹਜ਼ਮ ਹੋਣ ਵਾਲੇ ਤੱਤ ਹੁੰਦੇ ਹਨ ਜਦਕਿ ਤੂੜੀ ਤੇ ਕੈਟਲਫੀਡ ਵਿਚ ਹਜ਼ਮ ਹੋਣ ਵਾਲੇ ਇਹ ਤੱਤ ਕ੍ਰਮਵਾਰ 35 ਅਤੇ 70 ਕਿੱਲੋ ਹੁੰਦੇ ਹਨ।

ਪਸ਼ੂ ਖ਼ੁਰਾਕ ਦੀ ਅਹਿਮੀਅਤ ਨੂੰ ਸਮਝਦੇ ਹੋਏ ਪਸ਼ੂ ਪਾਲਕਾਂ ਨੂੰ ਇਸ ਵਿਚ ਤਿੰਨੇ ਅੰਸ਼ ਫੀਡ, ਹਰਾ ਚਾਰਾ ਤੇ ਸੁੱਕੇ ਮਾਦੇ ਨੂੰ ਸਹੀ ਮਾਤਰਾ ਵਿਚ ਸ਼ਾਮਲ ਕਰਨਾ ਚਾਹੀਦਾ ਹੈ।।ਸੰਤੁਲਿਤ ਖ਼ੁਰਾਕ ਸਸਤਾ ਤੇ ਵਧੀਆ ਦੁੱਧ ਦੀ ਪੈਦਾਵਾਰ ਕਰ ਕੇ ਡੇਅਰੀ ਫਾਰਮਿੰਗ ਦੀ ਸਫਲਤਾ 'ਚ ਅਹਿਮ ਯੋਗਦਾਨ ਪਾਉਂਦੀ ਹੈ। •

#### ਪਸ਼ੂ ਖ਼ੁਰਾਕ 'ਚ ਲੋੜੀਂਦੇ ਤੱਤ



ਗਰਭ ਅਵਸਥਾ ਦੌਰਾਨ ਪਸ਼ੂ ਨੂੰ ਆਮ ਨਾਲੋਂ 30 ਗ੍ਰਾਮ ਵਾਧੂ ਧਾਤਾਂ ਦਾ ਮਿਸ਼ਰਣ ਦੇਵੋ। ਇਹ ਮਿਸ਼ਰਣ ਹਰੇ ਚਾਰੇ ਜਾਂ ਵੰਡ 'ਚ ਮਿਲਾ ਕੇ ਦਿੱਤਾ ਜਾ ਸਕਦਾ ਹੈ...

**ਨਮਕ** : ਨਮਕ (ਸੋਡੀਅਮ ਕਲੋਰਾਈਡ) ਪਸ਼ੂ ਦੇ ਹਾਜਮੇ ਨੂੰ ਸਹੀ ਰੱਖਣ 'ਚ ਸਹਾਈ ਹੁੰਦਾ ਹੈ। ਇਹ ਪਸ਼ੂ ਦੇ ਮਿਹਦੇ 'ਚ ਖਟਾਸ ਤੇ ਕੁਸੈਲੇਪਣ ਦਾ ਸੰਤੁਲਨ ਬਣਾਈ ਰੱਖਦਾ ਹੈ, ਜਿਸ ਨਾਲ ਖ਼ੁਰਾਕ ਛੇਤੀ ਹਜ਼ਮ ਹੁੰਦੀ ਹੈ। ਇਕ ਕੁਇੰਟਲ ਖ਼ੁਰਾਕ ਪਿੱਛੇ ਇਕ ਕਿੱਲੋ ਨਮਕ ਦਿੱਤਾ ਜਾ ਸਕਦਾ ਹੈ।

**ਵਿਟਾਮਿਨ** : ਵਿਟਾਮਿਨ ਪਸ਼ੂਆਂ ਦੇ ਸਰੀਰਕ ਵਾਧੇ ਤੇ ਤਾਕਤ ਲਈ ਬਹੁਤ ਜ਼ਰੂਰੀ ਹਨ। ਦੁਧਾਰੂ ਜਾਨਵਰ ਦੇ ਸ਼ਰੀਰ 'ਚੋਂ ਦੁੱਧ ਰਾਹੀਂ ਵਿਟਾਮਿਨ-ਏ, ਡੀ, ਈ, ਬੀ-1, ਬੀ-2 ਅਤੇ ਵਿਟਾਮਿਨ-ਸੀ ਖਾਰਜ ਹੋ ਜਾਂਦਾ ਹੈ। ਪਸ਼ੂਆਂ ਨੂੰ ਵਿਟਾਮਿਨ-ਏ ਕਰੀਬ 40 ਕਿੱਲੋ ਹਰੇ ਚਾਰੇ 'ਚੋਂ ਲੋੜ ਅਨੁਸਾਰ ਮਿਲ ਜਾਂਦਾ ਹੈ। ਵਿਟਾਮਿਨ-ਡੀ ਧੁੱਪ ਤੋਂ ਅਤੇ ਬਾਕੀ ਵਿਟਾਮਿਨ ਪਸ਼ੂ ਦੇ ਮਿਹਦੇ ਵਿਚ ਤਿਆਰ ਹੋ ਜਾਂਦੇ ਹਨ, ਫਿਰ ਵੀ ਦੁਧਾਰੂ ਪਸ਼ੂਆਂ 'ਚ ਵਿਟਾਮਿਨਾਂ ਦੀ ਕਮੀ ਅਕਸਰ ਰਹਿੰਦੀ ਹੈ। ਇਸ ਲਈ ਪਸ਼ੂਆਂ ਦੀ ਖ਼ੁਰਾਕ ਵਿਚ ਵਿਚ ਵਿਟਾਮਿਨਾਂ ਦਾ ਮਿਸਰਣ 15 ਗ੍ਰਾਮ ਪ੍ਰਤੀ ਕੁਇੰਟਲ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ।

**ਪਾਣੀ** : ਪਸ਼ੂ ਦੇ ਸਰੀਰ ਵਿਚ ਲਗਪਗ 60-70 ਫ਼ੀਸਦੀ ਪਾਣੀ ਹੁੰਦਾ ਹੈ। ਇਸ ਵਿਚ ਕੋਈ ਊਰਜਾ ਨਹੀਂ ਹੁੰਦੀ। ਪਾਣੀ ਪਸ਼ੂ ਦੇ ਖ਼ੂਨ, ਦੁੱਧ ਤੇ ਸ਼ਰੀਰ ਦੇ ਹੋਰ ਤਰਲ ਪਦਾਰਥਾਂ ਦਾ ਮੁੱਖ ਹਿੱਸਾ ਹੈ। ਪਾਣੀ ਦੀ ਘਾਟ ਕਾਰਨ ਪਸ਼ੂ ਖ਼ੁਰਾਕ ਘੱਟ ਖਾਂਦੇ ਹਨ,।ਜੋ ਉਨ੍ਹਾਂ ਲਈ ਨੁਕਸਾਨਦੇਹ ਹੈ। ਪਾਣੀ ਪਿਆਸ ਬੁਝਾਉਣ ਦੇ ਨਾਲ-ਨਾਲ ਖ਼ੁਰਾਕ ਨੂੰ ਹਜ਼ਮ ਕਰਨ 'ਚ ਮਦਦ ਕਰਦਾ ਹੈ। ਪਾਣੀ ਸਰੀਰ ਵਿਚੋਂ ਅਣਚਾਹੇ ਤੇ ਅਣਪਚੇ ਪਦਾਰਥਾਂ, ਗੋਬਰ ਤੇ ਪਿਸ਼ਾਬ ਦੀ ਸ਼ਕਲ ਵਿਚ ਸਰੀਰ 'ਚੋਂ ਖਾਰਜ ਹੁੰਦਾ ਹੈ ਤੇ ਸਰੀਰ ਦੀ ਅੰਦਰੂਨੀ ਸਫ਼ਾਈ ਕਰਦਾ ਹੈ। ਵਧੇਰੇ ਗਰਮੀ ਤੇ ਸਰਦੀ ਵਿਚ ਪਸ਼ੂ ਦੇ ਸਰੀਰਕ ਤਾਪਮਾਨ ਨੂੰ ਠੀਕ ਰੱਖਦਾ ਹੈ ਤੇ ਪਸੀਨੇ ਰਾਹੀਂ ਅਣਲੋੜੀਂਦੇ ਪਦਾਰਥਾਂ ਨੂੰ ਬਾਹਰ ਕੱਢਦਾ ਹੈ। ਦੁਧਾਰੂ ਪਸ਼ੂ ਨੂੰ ੨੪ ਘੰਟੇ ਤਾਜ਼ਾ ਮਿਲਦਾ ਰਹਿਣਾ ਚਾਹੀਦਾ ਹੈ ਤਾਂ ਜੋ ਉਹ ਲੋੜ ਅਨੁਸਾਰ ਪਾਣੀ ਪੀ ਸਕੇ ਕਿਉਂਕਿ ਇਕ ਕਿੱਲੋਂ ਦੁੱਧ ਦੀ ਪੈਦਾਵਾਰ ਲਈ ਪਸ਼ੂ ਨੂੰ ਘੱਟੋਂ-ਘੱਟ 4-5 ਕਿੱਲੋ ਤਾਜ਼ੇ ਪਾਣੀ ਦੇਣਾ ਜ਼ਰੂਰੀ ਹੈ।

# ਪੰਜਾਬ ਵਿਧਾਨ ਸਭਾ 'ਚ ਗੈਸ ਦੀ ਕਿੱਲਤ 'ਤੇ ਹੰਗਾਮਾ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦਾ ਆਖ਼ਰੀ ਦਿਨ ਅੱਜ ਗੈਸ ਸਿਲੰਡਰਾਂ ਦੀ ਕਿੱਲਤ ਦੇ ਮੁੱਦੇ ਨੂੰ ਲੈ ਕੇ ਕਾਫ਼ੀ ਹੰਗਾਮੇ ਭਰਿਆ ਰਿਹਾ। ਸਿਫ਼ਰ ਕਾਲ ਦੌਰਾਨ 'ਆਪ' ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਸੂਬੇ ਵਿੱਚ ਰਸੋਈ ਗੈਸ ਦੀ ਭਾਰੀ ਕਿੱਲਤ ਦਾ ਮੁੱਦਾ ਚੁੱਕਦਿਆਂ ਮੰਗ ਕੀਤੀ ਕਿ ਆਮ ਲੋਕਾਂ ਨੂੰ ਤੁਰੰਤ ਸਿਲੰਡਰ ਮੁਹੱਈਆ ਕਰਵਾਏ ਜਾਣ। ਇਸ ਮੁੱਦੇ 'ਤੇ ਚਰਚਾ ਦੌਰਾਨ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੇਂਦਰ ਦੀ ਮੋਦੀ ਸਰਕਾਰ 'ਤੇ ਤਿੱਖੇ ਨਿਸ਼ਾਨੇ ਸੇਧੇ। ਚੀਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਭ ਤੋਂ ਵੱਧ ਵਿਦੇਸ਼ ਦੌਰੇ ਕੀਤੇ ਹਨ, ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਵਿਦੇਸ਼ ਨੀਤੀ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਉਨ੍ਹਾਂ ਸਵਾਲ ਚੁੱਕਿਆ ਕਿ ਪਤਾ ਨਹੀਂ ਪ੍ਰਧਾਨ ਮੰਤਰੀ ਕਿਹੜੀਆਂ ਫਾਈਲਾਂ ਦੇ ਦਬਾਅ ਹੇਠ ਅਮਰੀਕਾ ਅੱਗੇ ਝੁਕੇ ਹਨ।

ਇਸ ਦੌਰਾਨ ਸਦਨ ਵਿੱਚ ਮਾਹੌਲ ਇੰਨਾ ਗਰਮਾ ਗਿਆ ਕਿ 'ਆਪ' ਵਿਧਾਇਕਾਂ ਨੇ ਸਦਨ ਦੇ ਅੰਦਰ ਹੀ ਕੇਂਦਰ ਸਰਕਾਰ ਵਿਰੁੱਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਧਾਇਕਾਂ ਨੂੰ ਵਾਰ-ਵਾਰ ਸ਼ਾਂਤ ਹੋਣ ਅਤੇ ਆਪਣੀਆਂ ਸੀਟਾਂ 'ਤੇ ਬੈਠਣ ਦੀ ਅਪੀਲ ਕੀਤੀ, ਪਰ ਵਿਧਾਇਕਾਂ ਦਾ ਜੋਸ਼ ਠੰਢਾ ਨਹੀਂ ਹੋਇਆ। ਵਿਧਾਇਕਾਂ ਵੱਲੋਂ ਪ੍ਰਦਰਸ਼ਨ ਜਾਰੀ ਰੱਖਣ ਅਤੇ ਲਗਾਤਾਰ ਹੋ ਰਹੀ ਨਾਅਰੇਬਾਜ਼ੀ ਕਾਰਨ ਸਪੀਕਰ ਨੇ ਸਦਨ ਦੀ ਕਾਰਵਾਈ 20 ਮਿੰਟ ਲਈ ਮੁਲਤਵੀ ਕਰ ਦਿੱਤੀ। ਜ਼ਿਕਰਯੋਗ ਹੈ ਕਿ ਸਦਨ ਦੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਵੀ ਵਿਧਾਇਕਾਂ ਨੇ ਵਿਧਾਨ ਸਭਾ ਦੇ ਬਾਹਰ ਗਲ਼ਾਂ ਵਿੱਚ ਤਖ਼ਤੀਆਂ ਪਾ ਕੇ ਇਸੇ ਮੁੱਦੇ 'ਤੇ ਰੋਸ ਪ੍ਰਗਟਾਇਆ ਸੀ।

ਦੂਜੇ ਪਾਸੇ ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੇ ਆਖ਼ਰੀ ਦਿਨ ਅੱਜ ਪ੍ਰਸ਼ਨ ਕਾਲ ਦੌਰਾਨ ਬੇਅਦਬੀ ਮਾਮਲਿਆਂ ਵਿੱਚ ਸਖ਼ਤ ਸਜ਼ਾਵਾਂ ਵਾਲੇ ਕਾਨੂੰਨ ਨੂੰ ਲੈ ਕੇ ਹੰਗਾਮਾ ਹੋਇਆ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਸ ਮੁੱਦੇ 'ਤੇ ਪੰਜਾਬ ਸਰਕਾਰ ਨੂੰ ਆਪਣਾ ਸਟੈਂਡ ਸਪੱਸ਼ਟ ਕਰਨ ਲਈ ਕਿਹਾ। ਬਾਜਵਾ ਨੇ ਸਦਨ ਦਾ ਧਿਆਨ ਖਿੱਚਦਿਆਂ ਦੱਸਿਆ ਕਿ ਬੇਅਦਬੀ ਦੇ ਦੋਸ਼ੀਆਂ ਲਈ ਸਖ਼ਤ ਸਜ਼ਾਵਾਂ ਦੀ ਮੰਗ ਨੂੰ ਲੈ ਕੇ ਗੁਰਜੀਤ ਸਿੰਘ ਖਾਲਸਾ ਪਿਛਲੇ ਕਰੀਬ ਡੇਢ ਸਾਲ ਤੋਂ 400 ਫੁੱਟ ਉੱਚੇ ਟਾਵਰ 'ਤੇ ਚੜ੍ਹੇ ਹੋਏ ਹਨ, ਪਰ ਸਰਕਾਰ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ।

ਪ੍ਰਤਾਪ ਬਾਜਵਾ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਵੱਲੋਂ ਕਰੀਬ ਅੱਠ ਮਹੀਨੇ ਪਹਿਲਾਂ ਇਹ ਮਾਮਲਾ 'ਸਿਲੈਕਟ ਕਮੇਟੀ' ਨੂੰ ਸੌਂਪਿਆ ਗਿਆ ਸੀ, ਪਰ ਅਫ਼ਸੋਸ ਦੀ ਗੱਲ ਹੈ ਕਿ ਹਾਲੇ ਤੱਕ ਇਸ ਬਾਰੇ ਕੋਈ ਪ੍ਰਗਤੀ ਸਾਹਮਣੇ ਨਹੀਂ ਆਈ। ਉਨ੍ਹਾਂ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਇਸ ਅਹਿਮ ਕਾਨੂੰਨ ਨੂੰ ਲੈ ਕੇ ਮਾਮਲਾ ਅਜੇ ਤੱਕ 'ਤਨ-ਪਤਣ' ਨਹੀਂ ਲੱਗਿਆ। ਬਾਜਵਾ ਨੇ ਪੁਰਜ਼ੋਰ ਮੰਗ ਕੀਤੀ ਕਿ ਅੱਜ ਸੈਸ਼ਨ ਦੀ ਸਮਾਪਤੀ ਤੋਂ ਪਹਿਲਾਂ-ਪਹਿਲਾਂ ਪੰਜਾਬ ਸਰਕਾਰ ਇਸ ਪ੍ਰਸਤਾਵਿਤ ਕਾਨੂੰਨ ਦੀ ਮੌਜੂਦਾ ਸਥਿਤੀ ਬਾਰੇ ਸਦਨ ਵਿੱਚ ਸਥਿਤੀ ਸਪੱਸ਼ਟ ਕਰੇ।

ਪੰਜਾਬ ਵਿਧਾਨ ਸਭਾ ਵੱਲੋਂ ਬਾਬੂ ਕਾਂਸੀ ਰਾਮ ਨੂੰ ਭਾਰਤ ਰਤਨ ਦੇਣ ਦੀ ਮੰਗ ਵਾਲਾ ਮਤਾ ਪਾਸ ਕੀਤਾ ਗਿਆ ਹੈ। ਬਹਿਸ ਦੌਰਾਨ ਪ੍ਰਤਾਪ ਬਾਜਵਾ ਨੇ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਵੀ ਭਾਰਤ ਰਤਨ ਦੇਣ ਦੀ ਸਿਫਾਰਿਸ਼ ਲਈ ਮਤਾ ਪਾਸ ਕਰਨ ਦੀ ਮੰਗ ਕੀਤੀ।

ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਅੱਜ ਹਲਕਾ ਧਰਮਕੋਟ ਤੋਂ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਮੋਗਾ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਖਾਲੀ ਪਈਆਂ ਆਸਾਮੀਆਂ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ। ਪ੍ਰਸ਼ਨ ਕਾਲ ਦੌਰਾਨ ਬੋਲਦਿਆਂ ਵਿਧਾਇਕ ਢੋਸ ਨੇ ਹੈਰਾਨੀਜਨਕ ਅੰਕੜੇ ਪੇਸ਼ ਕਰਦਿਆਂ ਦੱਸਿਆ ਕਿ ਪਾਵਰਕੌਮ ਵਰਗੇ ਅਹਿਮ ਵਿਭਾਗ ਵਿੱਚ ਲਾਈਨਮੈਨਾਂ ਦੀਆਂ 80 ਫੀਸਦੀ, ਸਹਾਇਕ ਲਾਈਨਮੈਨਾਂ ਦੀਆਂ 63 ਫੀਸਦੀ ਅਤੇ ਜੇ.ਈ. (•5) ਦੀਆਂ 65 ਫੀਸਦੀ ਪੋਸਟਾਂ ਖਾਲੀ ਹਨ, ਜਿਸ ਕਾਰਨ ਬਿਜਲੀ ਸਪਲਾਈ ਅਤੇ ਮੁਰੰਮਤ ਦੇ ਕੰਮਾਂ ਵਿੱਚ ਵੱਡੀ ਦਿੱਕਤ ਆ ਰਹੀ ਹੈ। ਮਾਲ ਵਿਭਾਗ ਦੀ ਸਥਿਤੀ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਪਟਵਾਰੀਆਂ ਦੀਆਂ 190 ਆਸਾਮੀਆਂ ਵਿੱਚੋਂ ਸਿਰਫ਼ 78 ਪਟਵਾਰੀ ਹੀ ਕੰਮ ਕਰ ਰਹੇ ਹਨ, ਜਦੋਂਕਿ 112 ਪੋਸਟਾਂ ਖਾਲੀ ਪਈਆਂ ਹਨ। ਉਨ੍ਹਾਂ ਇੱਕ ਅਹਿਮ ਨੁਕਤਾ ਚੁੱਕਿਆ ਕਿ ਮੋਗਾ ਵਿੱਚ ਟਰੇਨਿੰਗ ਲੈਣ ਵਾਲੇ 25 ਨਵੇਂ ਪਟਵਾਰੀਆਂ ਨੂੰ ਹੋਰਨਾਂ ਜ਼ਿਲ੍ਹਿਆਂ ਵਿੱਚ ਤਾਇਨਾਤ ਕਰ ਦਿੱਤਾ ਗਿਆ, ਜੋ ਕਿ ਜ਼ਿਲ੍ਹੇ ਨਾਲ ਬੇਇਨਸਾਫ਼ੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਹਲਕੇ ਵਿੱਚ ਡਾਕਟਰਾਂ ਦੀ ਕਮੀ ਦਾ ਜ਼ਿਕਰ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਲੋਕ ਹਿੱਤਾਂ ਨੂੰ ਮੁੱਖ ਰੱਖਦਿਆਂ ਇਨ੍ਹਾਂ ਖਾਲੀ ਅਹੁਦਿਆਂ ਨੂੰ ਤੁਰੰਤ ਭਰਿਆ ਜਾਵੇ ਤਾਂ ਜੋ ਸਰਕਾਰੀ ਸੇਵਾਵਾਂ ਸੁਚਾਰੂ ਰੂਪ ਵਿੱਚ ਚੱਲ ਸਕਣ।-

# 'ਆਪ' ਸਰਕਾਰ ਦੇ ਚਾਰ ਸਾਲ ਪੂਰੇ: ਮੁਫ਼ਤ ਬਿਜਲੀ, ਰੁਜ਼ਗਾਰ ਅਤੇ ਸਿਹਤ ਸਹੂਲਤਾਂ ਦਾ ਦਿੱਤਾ ਵੇਰਵਾ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਅੱਜ ਚਾਰ ਸਾਲ ਪੂਰੇ ਹੋ ਗਏ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਹਨਾਂ ਚਾਰ ਸਾਲਾਂ ਦੀਆਂ ਪ੍ਰਾਪਤੀਆਂ ਨੂੰ ਗਿਣਵਾਇਆ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦਿਆਂ ਹੀ ਲੋਕਾਂ ਨੂੰ 300 ਯੂਨਿਟ ਹਰ ਮਹੀਨੇ ਮੁਫਤ ਬਿਜਲੀ ਦਿੱਤੀ ਗਈ, ਜਿਸ ਦਾ ਅੱਜ ਸੂਬੇ ਦੇ 90 ਫੀਸਦ ਲੋਕ ਲਾਭ ਲੈ ਰਹੇ ਹਨ। ਇਸ ਦੇ ਨਾਲ ਹੀ ਖੇਤਾਂ ਵਿੱਚ ਅੱਠ ਘੰਟੇ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਈ ਗਈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਝਾਰਖੰਡ ਤੇ ਪਿਛਵਾੜਾ ਵਿੱਚ ਬੰਦ ਪਈ ਕੋਲ ਮਾਈਨ ਨੂੰ ਮੁੜ ਸ਼ੁਰੂ ਕਰਵਾਇਆ ਅਤੇ ਜੀਵੀਕੇ ਥਰਮਲ ਪਲਾਂਟ ਨੂੰ ਖਰੀਦਿਆ ਗਿਆ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਵੀ ਇਤਿਹਾਸਿਕ ਕੰਮ ਕੀਤੇ ਗਏ। ਸੂਬੇ ਵਿੱਚ 881 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਜਿੱਥੇ ਪੰਜ ਕਰੋੜ ਤੋਂ ਵੱਧ ਲੋਕ ਆਪਣਾ ਇਲਾਜ ਕਰਵਾ ਚੁੱਕੇ ਹਨ। ਸੂਬਾ ਸਰਕਾਰ ਵੱਲੋਂ ਜਲਦ ਹੀ 200 ਦੇ ਕਰੀਬ ਹੋਰ ਆਮ ਆਦਮੀ ਕਲੀਨਿਕ ਖੋਲਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਲੋਕਾਂ ਨੂੰ 10 ਲੱਖ ਰੁਪਏ ਤੱਕ ਦਾ ਨਗਦੀ ਰਹਿਤ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਸੂਬੇ ਵਿੱਚ ਸਿੱਖਿਆ ਦੇ ਖੇਤਰ ਨੂੰ ਪ੍ਰਫੁੱਲਿਤ ਕਰਨ ਲਈ ਸਕੂਲ ਆਫ ਐਮੀਨੈਂਸ ਸ਼ੁਰੂ ਕੀਤੇ ਗਏ ਅਤੇ ਸੂਬੇ ਦੇ 65264 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ।

ਉਹਨਾਂ ਕਿਹਾ ਕਿ ਸੂਬੇ ਵਿੱਚ ਖੇਤੀ ਖੇਤਰ ਨੂੰ ਧਰਤੀ ਹੇਠਲੇ ਪਾਣੀ ਤੋਂ ਨਹਿਰੀ ਪਾਣੀ 'ਤੇ ਨਿਰਭਰ ਕਰਨ ਲਈ 5700 ਕਰੋੜ ਰੁਪਏ ਦੀ ਲਾਗਤ ਨਾਲ ਨਹਿਰੀ ਪਾਣੀ ਦੀ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਹੈ। ਇਸ ਨਾਲ ਅੱਜ ਸੂਬੇ ਵਿੱਚ 78 ਫੀਸਦ ਖੇਤੀ ਨਹਿਰੀ ਪਾਣੀ ਨਾਲ ਕੀਤੀ ਜਾ ਰਹੀ ਹੈ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸੂਬੇ ਦੇ 8 ਹਜ਼ਾਰ ਕਰੋੜ ਰੁਪਏ ਦੇ ਆਰਡੀਐੱਫ ਦੇ ਫੰਡ ਰੋਕੇ ਹੋਏ ਹਨ। ਇਨਾ ਫੰਡਾਂ ਕਰਕੇ ਸੂਬੇ ਦੇ ਦਿਹਾਤੀ ਖੇਤਰ ਦਾ ਵਿਕਾਸ ਰੁਕਿਆ ਪਿਆ ਹੈ।

ਉਹਨਾਂ ਕੇਂਦਰ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੂੰ ਸੂਬਿਆਂ ਦਾ ਬਣਦਾ ਹੱਕ ਦਿੱਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਅੰਮ੍ਰਿਤਸਰ ਵਿਖੇ ਕੌਮਾਂਤਰੀ ਪੱਧਰ ਦਾ ਕ੍ਰਿਕਟ ਸਟੇਡੀਅਮ ਬਣਾਇਆ ਜਾਵੇਗਾ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਸ਼ਿਆਂ ਅਤੇ ਗੈਂਗਸਟਰਾਂ ਦਾ ਖਾਤਮਾ ਕਰਨ ਲਈ ਸਖਤੀ ਨਾਲ ਕੰਮ ਕੀਤਾ ਜਾ ਰਿਹਾ ਹੈ ਜਦੋਂ ਕਿ ਵਿਰੋਧੀ ਧਿਰਾਂ ਵੱਲੋਂ ਗੈਂਗਸਟਰ ਨਾਲ ਰਿਸ਼ਤੇਦਾਰੀਆਂ ਨਿਭਾਈ ਜਾਂਦੀਆਂ ਹਨ।

ਉਹਨਾਂ ਬਿਨਾਂ ਨਾਮ ਲਏ ਕਿਹਾ ਕਿ ਕੁਝ ਸਿਆਸੀ ਪਾਰਟੀਆਂ ਵੱਲੋਂ ਗੈਂਗਸਟਰਾਂ ਦੇ ਰਿਸ਼ਤੇਦਾਰਾਂ ਨੂੰ ਟਿਕਟਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਹਲਕਾ ਇੰਚਾਰਜ ਤੱਕ ਲਗਾਏ ਜਾ ਰਹੇ ਹਨ। ਪਰ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਵਿੱਚੋਂ ਗੈਂਗਸਟਰਾਂ ਦਾ ਜੜ ਤੋਂ ਖਾਤਮਾ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਅਮਿਤ ਸ਼ਾਹ ਵੱਲੋਂ ਸੂਬੇ ਵਿੱਚ ਧਰਮ ਪਰਿਵਰਤਨ ਵਿਰੁੱਧ ਕਾਨੂੰਨ ਲਿਆਉਣ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ 'ਤੇ ਧਰਮ ਦੀ ਲੜਾਈ ਸ਼ੁਰੂ ਹੋ ਜਾਵੇਗੀ। ਉਹਨਾਂ ਕਿਹਾ ਕਿ ਭਾਜਪਾ ਨੇ ਜਿਨ੍ਹਾਂ ਸੂਬਿਆਂ ਵਿੱਚ ਸਰਕਾਰ ਬਣਾਈ ਹੈ ਉੱਥੇ ਧਰਮ ਦੇ ਨਾਮ 'ਤੇ ਲੜਾਈ ਸ਼ੁਰੂ ਹੋਈ ਹੈ। ਮੁੱਖ ਮੰਤਰੀ ਨੇ ਅਮਿਤ ਸ਼ਾਹ ਨੂੰ ਅਪੀਲ ਕੀਤੀ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਇੱਥੇ ਧਰਮ ਦੇ ਨਾਮ ਦੀ ਲੜਾਈ ਨਹੀਂ ਚੱਲੇਗੀ।

# ਭੁੱਲਰ ਅਤੇ ਸ਼ਾਰਦਾ ਨੇ ਨੋਟਿਸ ਲੈਣ ਦੇ ਹੁਕਮ ਨੂੰ ਵਾਪਸ ਲੈਣ ਲਈ CBI ਅਦਾਲਤ ਦਾ ਕੀਤਾ ਰੁਖ਼

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਅੱਜ ਹਲਕਾ ਧਰਮਕੋਟ ਤੋਂ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਮੋਗਾ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਖਾਲੀ ਪਈਆਂ ਆਸਾਮੀਆਂ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ। ਪ੍ਰਸ਼ਨ ਕਾਲ ਦੌਰਾਨ ਬੋਲਦਿਆਂ ਵਿਧਾਇਕ ਢੋਸ ਨੇ ਹੈਰਾਨੀਜਨਕ ਅੰਕੜੇ ਪੇਸ਼ ਕਰਦਿਆਂ ਦੱਸਿਆ ਕਿ ਪਾਵਰਕੌਮ ਵਰਗੇ ਅਹਿਮ ਵਿਭਾਗ ਵਿੱਚ ਲਾਈਨਮੈਨਾਂ ਦੀਆਂ 80 ਫੀਸਦੀ, ਸਹਾਇਕ ਲਾਈਨਮੈਨਾਂ ਦੀਆਂ 63 ਫੀਸਦੀ ਅਤੇ ਜੇ.ਈ. ਦੀਆਂ 65 ਫੀਸਦੀ ਪੋਸਟਾਂ ਖਾਲੀ ਹਨ, ਜਿਸ ਕਾਰਨ ਬਿਜਲੀ ਸਪਲਾਈ ਅਤੇ ਮੁਰੰਮਤ ਦੇ ਕੰਮਾਂ ਵਿੱਚ ਵੱਡੀ ਦਿੱਕਤ ਆ ਰਹੀ ਹੈ। ਮਾਲ ਵਿਭਾਗ ਦੀ ਸਥਿਤੀ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਪਟਵਾਰੀਆਂ ਦੀਆਂ 190 ਆਸਾਮੀਆਂ ਵਿੱਚੋਂ ਸਿਰਫ਼ 78 ਪਟਵਾਰੀ ਹੀ ਕੰਮ ਕਰ ਰਹੇ ਹਨ, ਜਦੋਂਕਿ 112 ਪੋਸਟਾਂ ਖਾਲੀ ਪਈਆਂ ਹਨ। ਉਨ੍ਹਾਂ ਇੱਕ ਅਹਿਮ ਨੁਕਤਾ ਚੁੱਕਿਆ ਕਿ ਮੋਗਾ ਵਿੱਚ ਟਰੇਨਿੰਗ ਲੈਣ ਵਾਲੇ 25 ਨਵੇਂ ਪਟਵਾਰੀਆਂ ਨੂੰ ਹੋਰਨਾਂ ਜ਼ਿਲ੍ਹਿਆਂ ਵਿੱਚ ਤਾਇਨਾਤ ਕਰ ਦਿੱਤਾ ਗਿਆ, ਜੋ ਕਿ ਜ਼ਿਲ੍ਹੇ ਨਾਲ ਬੇਇਨਸਾਫ਼ੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਹਲਕੇ ਵਿੱਚ ਡਾਕਟਰਾਂ ਦੀ ਕਮੀ ਦਾ ਜ਼ਿਕਰ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਲੋਕ ਹਿੱਤਾਂ ਨੂੰ ਮੁੱਖ ਰੱਖਦਿਆਂ ਇਨ੍ਹਾਂ ਖਾਲੀ ਅਹੁਦਿਆਂ ਨੂੰ ਤੁਰੰਤ ਭਰਿਆ ਜਾਵੇ ਤਾਂ ਜੋ ਸਰਕਾਰੀ ਸੇਵਾਵਾਂ ਸੁਚਾਰੂ ਰੂਪ ਵਿੱਚ ਚੱਲ ਸਕਣ।

ਪੰਜਾਬ ਪੁਲੀਸ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਅਤੇ ਉਨ੍ਹਾਂ ਦੇ ਨਜ਼ਦੀਕੀ ਸਹਿਯੋਗੀ ਕ੍ਰਿਸ਼ਾਨੂ ਸ਼ਾਰਦਾ ਨੇ ਸੀਬੀਆਈ ਵੱਲੋਂ ਪਿਛਲੇ ਸਾਲ ਦਰਜ ਭ੍ਰਿਸ਼ਟਾਚਾਰ ਮਾਮਲੇ ਵਿੱਚ ਨੋਟਿਸ ਲੈਣ ਦੇ ਹੁਕਮ ਨੂੰ ਵਾਪਸ ਲੈਣ ਲਈ ਸੀਬੀਆਈ ਅਦਾਲਤ ਚੰਡੀਗੜ੍ਹ ਦਾ ਦਰਵਾਜ਼ਾ ਖੜਕਾਇਆ ਹੈ।

# ਮੋਗਾ ਦੇ 3 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ



**ਮੋਗਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਗਾ ਵਿੱਚ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਤਿੰਨ ਸਰਕਾਰੀ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਇਹ ਧਮਕੀ ਭਰੀਆਂ ਈਮੇਲਜ਼ ਪ੍ਰਾਪਤ ਹੋਣ ਤੋਂ ਬਾਅਦ ਵਿਦਿਆਰਥੀਆਂ ਨੂੰ ਸਕੂਲ ਵਿੱਚੋਂ ਤੁਰੰਤ ਬਾਹਰ ਕੱਢਣਾ ਪਿਆ ਅਤੇ ਨਿਰਧਾਰਤ ਪ੍ਰੀਖਿਆ ਰੱਦ ਕਰ ਦਿੱਤੀ ਗਈ। ਧਮਕੀ ਵਾਲੀਆਂ ਈਮੇਲਜ਼ ਸਰਕਾਰੀ ਸਕੂਲ ਗੋਧੇਵਾਲਾ, ਸਰਕਾਰੀ ਸਕੂਲ ਉਗੋਕੇ ਅਤੇ ਸਰਕਾਰੀ ਸਕੂਲ ਝੰਡੀਆਣਾ ਨੂੰ ਭੇਜੀਆਂ ਗਈਆਂ ਸਨ। ਰੋਜ਼ਾਨਾ ਡਿਜੀਟਲ ਜਾਂਚ ਦੌਰਾਨ ਈਮੇਲਜ਼ ਦਾ ਪਤਾ ਲੱਗਣ 'ਤੇ ਸਕੂਲ ਅਧਿਕਾਰੀਆਂ ਨੇ ਤੁਰੰਤ ਪੁਲੀਸ ਅਤੇ ਸਿੱਖਿਆ ਵਿਭਾਗ ਨੂੰ ਸੂਚਿਤ ਕੀਤਾ।

ਅਧਿਆਪਕਾਂ ਨੇ ਸਕੂਲ ਦੀ ਇਮਾਰਤ ਨੂੰ ਸ਼ਾਂਤੀਪੂਰਵਕ ਤਰੀਕੇ ਨਾਲ ਖਾਲੀ ਕਰਵਾ ਕੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਪਹਿਲ ਦਿੱਤੀ। ਨੌਵੀਂ ਜਮਾਤ ਦੀ ਅੱਜ ਲਈ ਨਿਰਧਾਰਤ ਸਾਲਾਨਾ ਪ੍ਰੀਖਿਆ ਨੂੰ ਅਧਿਕਾਰਤ ਤੌਰ 'ਤੇ ਰੱਦ ਕਰ ਦਿੱਤਾ ਗਿਆ।

ਹਾਲਾਂਕਿ ਤਲਾਸ਼ੀ ਮੁਹਿੰਮ ਦੌਰਾਨ ਹੁਣ ਤੱਕ ਕੋਈ ਸ਼ੱਕੀ ਵਸਤੂ ਜਾਂ ਵਿਸਫੋਟਕ ਬਰਾਮਦ ਨਹੀਂ ਹੋਇਆ ਹੈ, ਜਿਸ ਕਰਕੇ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਇਹ ਧਮਕੀ ਇੱਕ ਅਫਵਾਹ (hoax) ਹੋ ਸਕਦੀ ਹੈ।

ਪੁਲੀਸ ਨੇ ਆਈਪੀ (IP) ਐਡਰੈੱਸ ਅਤੇ ਈਮੇਲਾਜ਼ ਦੇ ਸਰੋਤ ਦਾ ਪਤਾ ਲਗਾਉਣ ਲਈ ਤਕਨੀਕੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮੋਗਾ ਦੇ ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਸਥਾਨਕ ਪ੍ਰਸ਼ਾਸਨ ਨੇ ਮਾਪਿਆਂ ਅਤੇ ਜਨਤਾ ਨੂੰ ਸ਼ਾਂਤ ਰਹਿਣ ਅਤੇ ਕਿਸੇ ਵੀ ਤਰ੍ਹਾਂ ਦੀਆਂ ਅਫਵਾਹਾਂ ਫੈਲਾਉਣ ਤੋਂ ਬਚਣ ਦੀ ਅਪੀਲ ਕੀਤੀ ਹੈ।

# ਦਿੱਲੀ ਦੀਆਂ ਪਾਰਟੀਆਂ ਨੇ ਪੰਜਾਬ ਨੂੰ ਕੀਤਾ ਬਰਬਾਦ, ਆਪਣੇ ਹੀ ਵਿਧਾਇਕਾਂ ਨੂੰ ਨਹੀਂ ਮਿਲਦੇ ਮਾਨ: ਸੁਖਬੀਰ ਬਾਦਲ

**ਫਰੀਦਕੋਟ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਦਲ ਵੱਲੋਂ ਫਰੀਦਕੋਟ ਵਿਚ 'ਪੰਜਾਬ ਬਚਾਓ ਰੈਲੀ' ਕੀਤੀ ਗਈ। ਇਸ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਿੱਥੇ ਵਿਰੋਧੀ ਧਿਰਾਂ 'ਤੇ ਤਿੱਖੇ ਨਿਸ਼ਾਨੇ ਸਾਧੇ, ਉਥੇ ਹੀ ਉਨ੍ਹਾਂ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਪੰਜਾਬ ਵਿਚ ਮੋਟਰਸਾਈਕਲਾਂ 'ਤੇ ਕੋਈ ਵੀ ਟੈਕਸ ਨਹੀਂ ਲਗਾਇਆ ਜਾਵੇਗਾ। ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਸ਼ਬਦੀ ਹਮਲੇ ਬੋਲਦੇ ਕਿਹਾ ਕਿ ਦਿੱਲੀ ਦੀਆਂ ਪਾਰਟੀਆਂ ਪੰਜਾਬ ਵਿਚ ਰਾਜ ਕਰਨ ਆਉਂਦੀਆਂ ਹਨ, ਪੰਜਾਬ ਦੀ ਸੇਵਾ ਕਰਨ ਲਈ ਨਹੀਂ ਆਉਂਦੀਆਂ। ਸਿਰਫ਼ ਪੰਜਾਬ ਦੀ ਖੇਤਰੀ ਪਾਰਟੀ ਅਕਾਲੀ ਦਲ ਹੀ ਅਜਿਹੀ ਪਾਰਟੀ, ਜੋ ਗ਼ਰੀਬਾਂ ਦਾ ਦਰਦ ਸਮਝਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਪੰਜਾਬ ਦੀ ਜਨਤਾ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਂਦੀ ਹੈ ਤਾਂ ਉਦੋਂ ਤੋਂ ਹੀ ਪਾਰਟੀ ਜਨਤਾ ਦੇ ਦੁੱਖ-ਤਕਲੀਫ਼ਾਂ ਨੂੰ ਹਲ ਕਰਨ ਵਿਚ ਲੱਗੀ ਰਹਿੰਦੀ ਹੈ।

ਸੁਖਬੀਰ ਬਾਦਲ ਨੇ ਕਿਹਾ ਕਿ ਵੱਡੇ ਬਾਦਲ ਸਾਬ੍ਹ ਮੁੱਖ ਮੰਤਰੀ ਸਨ ਤਾਂ ਹਰ ਪਿੰਡਾਂ ਵਿਚ ਸੰਗਤ ਦਰਸ਼ਨ ਹੁੰਦੇ ਸਨ। ਤੁਸੀਂ ਜੋ ਵੀ ਕਹਿੰਦੇ ਸੀ ਤਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨਾਲ-ਨਾਲ ਫ਼ੈਸਲਾ ਕਰਕੇ ਹਰ ਸਮੱਸਿਆ ਦਾ ਹੱਲ ਕੱਢਦੇ ਸਨ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਸਰਕਾਰ ਦੀਆਂ ਚਲਾਈਆਂ ਸਕੀਮਾਂ ਨੂੰ ਪੰਜਾਬ ਵਿਚ ਬੰਦ ਕਰ ਦਿੱਤਾ ਗਿਆ। ਅਕਾਲੀ ਦਲ ਕੋਈ ਮੇਰੀ ਪਾਰਟੀ ਨਹੀਂ ਸਗੋਂ ਕੌਮ ਦੀ ਪਾਰਟੀ ਹੈ। ਦੇਸ਼ ਦੀ ਸਭ ਤੋਂ ਵੱਡੀ ਆਜ਼ਾਦੀ ਦੀ ਲੜਾਈ ਵਿਚ ਸਭ ਤੋਂ ਵਧ ਕੁਰਬਾਨੀਆਂ ਅਕਾਲੀ ਦਲ ਨੇ ਦਿੱਤੀਆਂ ਹਨ।

ਪੰਜਾਬ ਦੀ ਕਾਨੂੰਨ ਵਿਵਸਥਾ 'ਤੇ ਬੋਲਦੇ ਹੋਏ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਵਿਚ ਕਾਨੂੰਨ ਵਿਵਸਥਾ ਵਿਗੜ ਚੁੱਕੀ ਹੈ। ਧਰਨੇ ਦੇ ਰਹੇ ਕਿਸਾਨਾਂ ਅਤੇ ਮੁਲਾਜ਼ਮਾਂ ਨੂੰ ਡਾਂਗਾਂ ਤੱਕ ਵਰ੍ਹਾਈਆਂ ਜਾ ਰਹੀਆਂ ਹਨ। ਭਗਵੰਤ ਮਾਨ ਤਾਂ ਆਪਣੇ ਵਿਧਾਇਕਾਂ ਨੂੰ ਨਹੀਂ ਮਿਲਦਾ। ਸਹੀ ਮਾਇਨੇ ਵਿਚ ਮੁੱਖ ਮੰਤਰੀ ਭਗਵੰਤ ਮਾਨ ਹੈ ਹੀ ਨਹੀਂ, ਸਾਰੇ ਫ਼ੈਸਲੇ ਦਿੱਲੀ ਵਾਲੇ ਅਰਵਿੰਦ ਕੇਜਰੀਵਾਲ ਕਰ ਰਹੇ ਹਨ। ਦਿੱਲੀ ਵਾਲੀਆਂ ਪਾਰਟੀਆਂ ਨੇ ਤਾਂ ਪੰਜਾਬ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਪੰਜਾਬ ਦੀ ਜਨਤਾ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਪੰਜਾਬ ਨੂੰ ਬਚਾ ਲਿਆ ਜਾਵੇ। ਦਿੱਲੀ ਦੀਆਂ ਪਾਰਟੀਆਂ ਦਾ ਇਕੋ-ਇਕ ਮਕਸਦ ਹੈ ਕਿ ਪੰਜਾਬ ਦੀ ਖੇਤਰੀ ਪਾਰਟੀ ਅਕਾਲੀ ਦਲ ਨੂੰ ਕਮਜ਼ੋਰ ਕਰਨਾ। ਉਨ੍ਹਾਂ ਕਿਹਾ ਕਿ ਜਿੰਨੀਆਂ ਮਰਜ਼ੀ ਦਿੱਲੀ ਦੀਆਂ ਪਾਰਟੀਆਂ ਜ਼ੋਰ ਲਗਾ ਲੈਣ, ਇਸ ਵਾਰ ਪੰਜਾਬ ਵਿਚ ਝੰਡਾ ਪੰਜਾਬ ਦੀ ਖੇਤਰੀ ਪਾਰਟੀ ਦਾ ਝੂਲੇਗਾ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੇਕਰ ਅਕਾਲੀ ਦਲ ਨਾ ਹੁੰਦਾ ਤਾਂ ਪੰਜਾਬ ਦਾ ਰਾਜਸਥਾਨ ਵਰਗਾ ਹਾਲ ਹੋ ਜਾਣਾ ਸੀ। ਪੰਜਾਬ ਵਿਚ 600 ਫੁੱਟ ਪਾਣੀ, 2000 ਫੁੱਟ ਹੇਠਾਂ ਚਲਾ ਜਾਣਾ ਸੀ। ਅਕਾਲੀ ਦਲ ਹੀ ਪੰਜਾਬ ਦਾ ਦਰਦ ਜਾਣਦਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਪਾਣੀ ਦੀ ਇਕ ਵੀ ਬੂੰਦ ਰਾਜਸਥਾਨ ਨੂੰ ਨਹੀਂ ਜਾਣ ਦਿੱਤੀ ਜਾਵੇਗੀ। ਰਾਜਸਥਾਨ ਕਨਾਲ ਵਿਚੋਂ ਨਹਿਰਾਂ ਕੱਢ ਕੇ ਪੰਜਾਬ ਵਿਚ ਸਾਰਾ ਪਾਣੀ ਲਿਆਂਦਾ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਜਿਨ੍ਹਾਂ ਕੋਲ ਕੋਈ ਵੀ ਟਿਊਬਵੈੱਲ ਕੁਨੈਕਸ਼ਨ ਨਹੀਂ ਹੈ, ਉਨ੍ਹਾਂ ਨੂੰ ਅਕਾਲੀ ਦਲ ਦੀ ਸਰਕਾਰ ਬਣਨ ਮਗਰੋਂ ਇਕ-ਦੋ ਮਹੀਨਿਆਂ ਵਿਚ ਹੀ ਟਿਊਬਵੈੱਲ ਕੁਨੈਕਸ਼ਨ ਦਿੱਤੇ ਜਾਣਗੇ।

ਇਸ ਦੇ ਇਲਾਵਾ ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਆਉਣ 'ਤੇ ਪੰਜਾਬ ਵਿਚ ਕਿਸੇ ਵੀ ਗ਼ਰੀਬ ਕੋਲ ਵੀ ਕੱਚਾ ਘਰ ਨਹੀਂ ਹੋਵੇਗਾ। ਪੰਜਾਬ ਦੇ ਸਾਰੇ 13 ਹਜ਼ਾਰ ਪਿੰਡਾਂ ਵਿਚ ਸੀਮੇਂਟ ਦੀਆਂ ਗਲੀਆਂ ਨਾਲੀਆਂ ਬਣਾਈਆਂ ਜਾਣਗੀਆਂ। ਸੁਖਬੀਰ ਸਿੰਘ ਬਾਦਲ ਨੇ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਜੇਕਰ 2027 ਵਿਚ ਸਾਡੀ ਸਰਕਾਰ ਆਈ ਤਾਂ ਪੰਜਾਬ ਦੇ ਦਰਿਆਵਾਂ ਵਿਚ ਇਕ ਵੀ ਕਿਸੇ ਫੈਕਟਰੀ, ਸੀਵਰੇਜ ਦਾ ਪਾਣੀ ਨਹੀਂ ਜਾਣ ਦਿੱਤਾ ਜਾਵੇਗਾ। ਇਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਸਾਡੀ ਸਰਕਾਰ ਆਉਣ 'ਤੇ ਫਿਰ ਤੋਂ ਕਬੱਡੀ ਵਰਲਡ ਕੱਪ ਸ਼ੁਰੂ ਕੀਤਾ ਜਾਵੇਗਾ। ਸਾਡੀ ਸਰਕਾਰ ਆਉਣ 'ਤੇ ਵੱਡੇ ਬਾਦਲ ਦੇ ਨਾਂ 'ਤੇ ਇਕ 10 ਲੱਖ ਰੁਪਏ ਦੀ ਸਕੀਮ ਲਿਆਂਦੀ ਜਾਵੇਗੀ, ਜਿਸ ਵਿਚ ਨੌਜਵਾਨਾਂ ਨੂੰ ਪੰਜਾਬ ਸਰਕਾਰ ਵੱਲੋਂ 10 ਲੱਖ ਰੁਪਏ ਲੋਨ ਦਿੱਤਾ ਜਾਵੇਗਾ, ਜਿਸ ਦਾ ਕੋਈ ਵੀ ਵਿਆਜ ਨਹੀਂ ਮੋੜਨਾ ਪਵੇਗਾ। ਜਿਸ ਕਿਸੇ ਨੇ ਵੀ ਕੋਈ ਕੰਮ ਆਪਣਾ ਖੋਲ੍ਹਣਾ ਹੋਵੇਗਾ, ਉਸ ਨੂੰ ਪੰਜਾਬ ਸਰਕਾਰ ਬਿਨ੍ਹਾਂ ਵਿਆਜ ਦੇ 10 ਲੱਖ ਰੁਪਏ ਦੇਵੇਗੀ ਅਤੇ ਇਸ ਦਾ ਕੋਈ ਕਰਜ਼ਾ ਨਹੀਂ ਦੇਣਾ ਪਵੇਗਾ। ਲੋਨ ਲੈਣ ਵਾਲਾ ਵਿਅਕਤੀ ਬਿਨ੍ਹਾਂ ਵਿਆਜ਼ ਦੇ 10 ਸਾਲਾਂ ਵਿਚ ਵਾਪਸ ਕਰ ਸਕੇਗਾ।

# ਆਂਗਣਵਾੜੀ ਸੈਂਟਰਾਂ ਵਿੱਚ ਸਵੱਛਤਾ ਅਤੇ ਸਫਾਈ ਸੁਵਿਧਾਵਾਂ ਮਜ਼ਬੂਤ ਕਰਨ ਵੱਲ ਪੰਜਾਬ ਸਰਕਾਰ ਦਾ ਵੱਡਾ ਕਦਮ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਰਾਜ ਦੇ ਆਂਗਣਵਾੜੀ ਸੈਂਟਰਾਂ ਵਿੱਚ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ। ਇਸ ਦੇ ਨਾਲ ਹੀ ਬੱਚਿਆਂ ਲਈ ਸਵੱਛਤਾ ਸੁਵਿਧਾਵਾਂ ਵਿੱਚ ਸੁਧਾਰ ਕਰਕੇ ਉਨ੍ਹਾਂ ਲਈ ਸਾਫ਼-ਸੁਥਰਾ, ਸੁਰੱਖਿਅਤ ਅਤੇ ਸਿਹਤਮੰਦ ਮਾਹੌਲ ਯਕੀਨੀ ਬਣਾਉਣ ਵੱਲ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੇਂਡੂ ਖੇਤਰਾਂ ਦੇ 2162 ਆਂਗਣਵਾੜੀ ਸੈਂਟਰਾਂ ਵਿੱਚ ਬੱਚਿਆਂ ਲਈ ਨਵੇਂ ਟਾਇਲਟ ਬਣਾਏ ਜਾਣਗੇ, ਜਿਨ੍ਹਾਂ 'ਤੇ ਲਗਭਗ 7.78 ਕਰੋੜ ਰੁਪਏ ਦੀ ਲਾਗਤ ਆਵੇਗੀ। ਉਨ੍ਹਾਂ ਕਿਹਾ ਕਿ ਹਰ ਟਾਇਲਟ ਦੇ ਨਿਰਮਾਣ 'ਤੇ ਕਰੀਬ 36 ਹਜ਼ਾਰ ਰੁਪਏ ਖਰਚੇ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਆਂਗਣਵਾੜੀ ਸੈਂਟਰਾਂ ਵਿੱਚ ਬਣਾਏ ਜਾਣ ਵਾਲੇ ਟਾਇਲਟਾਂ ਲਈ ਜਲਦ ਹੀ ਜ਼ਿਲ੍ਹਿਆਂ ਨੂੰ ਫੰਡ ਜਾਰੀ ਕਰ ਦਿੱਤੇ ਜਾਣਗੇ, ਤਾਂ ਜੋ ਨਿਰਮਾਣ ਕਾਰਜ ਸਮੇਂ ਸਿਰ ਸ਼ੁਰੂ ਕੀਤਾ ਜਾ ਸਕੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਟਾਇਲਟ ਬੱਚਿਆਂ ਦੀ ਸਿਹਤ, ਸੁਰੱਖਿਆ ਅਤੇ ਸਫ਼ਾਈ ਨੂੰ ਧਿਆਨ ਵਿੱਚ ਰੱਖਦਿਆਂ ਬਣਾਏ ਜਾਣਗੇ, ਜਿਸ ਨਾਲ ਆਂਗਣਵਾੜੀ ਸੈਂਟਰਾਂ ਵਿੱਚ ਆਉਣ ਵਾਲੇ ਨੰਨੇ ਮੁੰਨੇ ਬੱਚਿਆਂ ਨੂੰ ਬਿਹਤਰ ਸੁਵਿਧਾਵਾਂ ਮਿਲਣਗੀਆਂ ਅਤੇ ਉਨ੍ਹਾਂ ਲਈ ਸਾਫ਼-ਸੁਥਰਾ ਮਾਹੌਲ ਤਿਆਰ ਹੋਵੇਗਾ। ਡਾ. ਬਲਜੀਤ ਕੌਰ ਨੇ ਕਿਹਾ ਕਿ ਆਂਗਣਵਾੜੀ ਸੈਂਟਰ ਨੰਨੇ ਮੁੰਨੇ ਬੱਚਿਆਂ ਦੀ ਦੇਖਭਾਲ ਅਤੇ ਸ਼ੁਰੂਆਤੀ ਸਿੱਖਿਆ ਦਾ ਪਹਿਲਾ ਪੜਾਅ ਹੁੰਦੇ ਹਨ। ਬੱਚਿਆਂ ਨੂੰ ਸੁਰੱਖਿਅਤ, ਸਾਫ਼-ਸੁਥਰਾ ਅਤੇ ਸਿਹਤਮੰਦ ਮਾਹੌਲ ਮੁਹੱਈਆ ਕਰਵਾਉਣਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਟਾਇਲਟਾਂ ਦੀਆਂ ਬਿਹਤਰ ਸੁਵਿਧਾਵਾਂ ਨਾਲ ਨਾ ਸਿਰਫ਼ ਬੱਚਿਆਂ ਦੀ ਸਿਹਤ ਦੀ ਰੱਖਿਆ ਹੋਵੇਗੀ, ਸਗੋਂ ਮਾਪਿਆਂ ਦਾ ਭਰੋਸਾ ਵੀ ਆਂਗਣਵਾੜੀ ਸੈਂਟਰਾਂ 'ਤੇ ਹੋਰ ਮਜ਼ਬੂਤ ਹੋਵੇਗਾ। ਉਨ੍ਹਾਂ ਹੋਰ ਦੱਸਿਆ ਕਿ ਪੇਂਡੂ ਖੇਤਰਾਂ ਵਿੱਚ ਇਨ੍ਹਾਂ ਟਾਇਲਟਾਂ ਦਾ ਨਿਰਮਾਣ ਕਾਰਜ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਰਾਹੀਂ ਕਰਵਾਇਆ ਜਾਵੇਗਾ ਅਤੇ ਇਸ ਕੰਮ ਨੂੰ ਤਰਜੀਹ ਦੇ ਆਧਾਰ 'ਤੇ ਜਲਦੀ ਪੂਰਾ ਕੀਤਾ ਜਾਵੇਗਾ।

# ਪੰਜਾਬ ਬਜਟ 2026-27 ਵਿੱਚ 2,000 ਕਰੋੜ ਰੁਪਏ ਦਾ ਉਪਬੰਧ ਇਸਨੂੰ ਹੋਰ ਮਜ਼ਬੂਤੀ ਦੇਵੇਗਾ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵੰਤ ਮਾਨ ਸਰਕਾਰ ਨੇ ਪੰਜਾਬ ਬਜਟ 2026-27 ਵਿੱਚ @ਮੁੱਖ ਮੰਤਰੀ ਸਿਹਤ ਯੋਜਨਾ@ ਲਈ 2,000 ਕਰੋੜ ਰੁਪਏ ਅਲਾਟ ਕਰਕੇ ਸਰਵਵਿਆਪੀ ਸਿਹਤ ਸੰਭਾਲ ਪਹੁੰਚ ਪ੍ਰਤੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕੀਤਾ ਹੈ। ਇਹ ਅਲਾਟਮੈਂਟ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੀ ਸਭ ਤੋਂ ਵੱਡੀ ਸਿਹਤ ਸੰਭਾਲ ਸੁਰੱਖਿਆ ਪਹਿਲਕਦਮੀ ਨੂੰ ਹੋਰ ਮਜ਼ਬੂਤ ਕਰਦੀ ਹੈ, ਜਿਸਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕਿਸੇ ਵੀ ਵਰਗ ਨਾਲ ਸਬੰਧਤ ਪਰਿਵਾਰ ਵਿੱਤੀ ਤੰਗੀਆਂ-ਤੁਰਸ਼ੀਆਂ ਕਰਕੇ ਮਿਆਰੀ ਇਲਾਜ ਤੋਂ ਵਾਂਝਾ ਨਾ ਰਹੇ।

ਮੈਡੀਕਲ ਐਮਰਜੈਂਸੀ ਨੂੰ ਲੈ ਕੇ ਜ਼ਿਆਦਾਤਰ ਪਰਿਵਾਰਾਂ ਲਈ ਅਕਸਰ ਦੋ ਵੱਡੇ ਸਵਾਲ ਹੁੰਦੇ ਹੈ ਕਿ ਇਲਾਜ ਕਿੰਨੀ ਜਲਦ ਸ਼ੁਰੂ ਹੋ ਸਕਦਾ ਹੈ ਅਤੇ ਖ਼ਰਚੇ ਦਾ ਪ੍ਰਬੰਧ ਕਿਵੇਂ ਹੋਵੇਗਾ। ਪਿਛਲੇ ਮਹੀਨਿਆਂ ਵਿੱਚ ਪੰਜਾਬ ਭਰ ਦੇ ਪਰਿਵਾਰਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ, ਸਿਹਤ ਸੁਰੱਖਿਆ ਪ੍ਰੋਗਰਾਮ ਜਿਸ ਦੀ ਪਹੁੰਚ ਨੂੰ ਸੂਬੇ ਭਰ ਵਿੱਚ ਲਗਾਤਾਰ ਵਧਾਇਆ ਜਾ ਰਿਹਾ ਹੈ, ਰਾਹੀਂ ਇਨ੍ਹਾਂ ਸਵਾਲਾਂ ਦੇ ਜਵਾਬ ਮਿਲਣੇ ਸ਼ੁਰੂ ਹੋ ਗਏ ਹਨ।

ਇਸ ਯੋਜਨਾ ਲਈ ਪੰਜਾਬ ਸਰਕਾਰ ਨੇ 2026-27 ਦੇ ਬਜਟ ਵਿੱਚ 2,000 ਕਰੋੜ ਰੁਪਏ ਅਲਾਟ ਕੀਤੇ ਹਨ ਤਾਂ ਜੋ ਇਸਦਾ ਹੋਰ ਵਿਸਥਾਰ ਕੀਤਾ ਜਾ ਸਕੇ ਅਤੇ ਪੰਜਾਬ ਭਰ ਦੇ ਪਰਿਵਾਰਾਂ ਨੂੰ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਡਾਕਟਰੀ ਇਲਾਜ ਮਿਲਣਾ ਯਕੀਨੀ ਬਣਾਇਆ ਜਾ ਸਕੇ।

ਇਹ ਪ੍ਰੋਗਰਾਮ ਹੁਣ ਪੰਜਾਬ ਭਰ ਵਿੱਚ ਲਗਭਗ 65 ਲੱਖ ਪਰਿਵਾਰਾਂ ਨੂੰ ਕਵਰ ਕਰਦਾ ਹੈ, ਜਿਸ ਦਾ ਲਗਭਗ 3 ਕਰੋੜ ਨਿਵਾਸੀਆਂ ਨੂੰ ਲਾਭ ਪਹੁੰਚ ਰਿਹਾ ਹੈ ਅਤੇ ਗੰਭੀਰ ਬਿਮਾਰੀ ਕਾਰਨ ਪੈਣ ਵਾਲੇ ਵਿੱਤੀ ਬੋਝ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ।

ਇਸ ਪ੍ਰੋਗਰਾਮ ਦੀ ਵਧਦੀ ਪਹੁੰਚ ਪੰਜਾਬ ਭਰ ਵਿੱਚ ਨਾਮਾਂਕਣ ਅਤੇ ਸਿਹਤ ਸੰਭਾਲ ਭਾਈਵਾਲੀ ਦੇ ਤੇਜ਼ੀ ਨਾਲ ਵਿਸਥਾਰ ਤੋਂ ਸਾਫ਼ ਝਲਕਦੀ ਹੈ।

ਇਸ ਯੋਜਨਾ ਤਹਿਤ 9 ਲੱਖ ਤੋਂ ਵੱਧ ਸਿਹਤ ਕਾਰਡ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ, ਜਿਸ ਨਾਲ ਲਾਭਪਾਤਰੀਆਂ ਨੂੰ 820 ਤੋਂ ਵੱਧ ਸੂਚੀਬੱਧ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਦੀ ਸਹੂਲਤ ਮਿਲ ਰਹੀ ਹੈ। ਮੌਜੂਦਾ ਸਮੇਂ ਇਹ ਸਕੀਮ 2,300 ਤੋਂ ਵੱਧ ਇਲਾਜ ਪੈਕੇਜ ਪੇਸ਼ ਕਰਦੀ ਹੈ ਜੋ ਡਾਕਟਰੀ ਪ੍ਰਕਿਰਿਆਵਾਂ ਦੀ ਇੱਕ ਵਿਆਪਕ ਸ਼੍ਰੇਣੀ ਨੂੰ ਕਵਰ ਕਰਦੀ ਹੈ।

ਇਸ ਯੋਜਨਾ ਲਈ ਬਜਟ ਵਿੱਚ ਵਧਾਈ ਗਈ ਵੰਡ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਿਮਾਰੀ ਦੇ ਔਖੇ ਵੇਲੇ ਪਰਿਵਾਰਾਂ ਨੂੰ ਇਲਾਜ ਕਰਵਾਉਣ ਲਈ ਪੈਸੇ ਬਾਰੇ ਸੋਚਣ ਦੀ ਲੋੜ ਨਹੀਂ। ਉਨ੍ਹਾਂ ਅੱਗੇ ਕਿਹਾ ਕਿ ਸਾਡਾ ਉਦੇਸ਼ ਬਿਲਕੁਲ ਸਪਸ਼ਟ ਹੈ ਕਿ ਲੋੜ ਪੈਣ 'ਤੇ ਪੰਜਾਬ ਦੇ ਹਰ ਪਰਿਵਾਰ ਲਈ ਮਿਆਰੀ ਸਿਹਤ ਸੰਭਾਲ ਉਪਲਬਧ ਹੋਵੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਰਾਹੀਂ ਡਾਕਟਰੀ ਖਰਚਿਆਂ ਦੇ ਵਿੱਤੀ ਬੋਝ ਦੀ ਮਾਰ ਝੱਲ ਰਹੇ ਸੂਬੇ ਦੇ ਹਜ਼ਾਰਾਂ ਪਰਿਵਾਰ ਹੁਣ ਇਲਾਜ ਤੱਕ ਪਹੁੰਚ ਦੇ ਯੋਗ ਹੋ ਜਾਣਗੇ।

ਇਸ ਯੋਜਨਾ ਤਹਿਤ ਲਾਭਪਾਤਰੀ ਦਿਲ ਦੀ ਬਿਮਾਰੀ, ਕੈਂਸਰ, ਗੁਰਦੇ ਦੀਆਂ ਬਿਮਾਰੀਆਂ, ਆਰਥੋਪੀਡਿਕ ਪ੍ਰਕਿਰਿਆਵਾਂ ਅਤੇ ਦੁਰਘਟਨਾ ਵੇਲੇ ਲੱਗੀਆਂ ਸੱਟਾਂ ਸਮੇਤ ਕਈ ਤਰ੍ਹਾਂ ਦੀਆਂ ਗੰਭੀਰ ਡਾਕਟਰੀ ਸਥਿਤੀਆਂ ਦਾ ਇਲਾਜ ਬਿਨਾਂ ਕਿਸੇ ਖਰਚੇ ਦੇ ਪ੍ਰਾਪਤ ਕਰ ਸਕਦੇ ਹਨ।

# ਯੂਨੀਵਰਸਿਟੀ ਦੇ ਨਾਮ ਵਿਚੋਂ ਰਾਜੀਵ ਗਾਂਧੀ ਦਾ ਨਾਂ ਹਟਾਉਣ ਲਈ ਮਿਸਲ ਸਤਲੁਜ ਦਾ ਵਿਧਾਨ ਸਭਾ ਬਾਹਰ ਪ੍ਰਦਰਸ਼ਨ




**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਇੱਥੇ ਮਿਸਲ ਸਤਲੁਜ ਜਥੇਬੰਦੀ ਵੱਲੋਂ ਯੂਥ ਵਿੰਗ ਦੇ ਪ੍ਰਧਾਨ ਯਾਦਵਿੰਦਰ_ ਸਿੰਘ ਯਾਦੂ ਅਲਾਲ ਦੀ ਅਗਵਾਈ ਹੇਠ ਪੰਜਾਬ ਵਿਧਾਨ ਸਭਾ ਦੇ ਬਾਹਰ ਵਿਧਾਨ ਸਭਾ ਚੌਕ ਵਿੱਚ ਪ੍ਰਦਰਸ਼ਨ ਕੀਤਾ ਗਿਆ। ਇਹ ਪ੍ਰਦਰਸ਼ਨ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ, ਪਟਿਆਲਾ ਦੇ ਨਾਮ ਵਿੱਚੋਂ ਰਾਜੀਵ ਗਾਂਧੀ ਦਾ ਨਾਮ ਹਟਾਉਣ ਦੀ ਮੰਗ ਨੂੰ ਲੈ ਕੇ ਕੀਤਾ ਗਿਆ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਿਸਲ ਸਤਲੁਜ ਦੇ ਯੂਥ ਪ੍ਰਧਾਨ ਯਾਦਵਿੰਦਰ ਸਿੰਘ ਯਾਦੂ ਅਲਾਲ ਨੇ ਕਿਹਾ ਕਿ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ ਵੱਲੋਂ ਉਹਨਾਂ ਦੁਆਰਾ ਕੀਤੇ 2 ਨਵੰਬਰ ਦੇ ਪ੍ਰਦਰਸ਼ਨ ਤੋਂ ਬਾਅਦ ਸੰਸਥਾ ਦੇ ਸਿਰਲੇਖ ਵਿੱਚੋਂ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਨਾਮ ਹਟਾ ਅਗਲੇਰੀ ਕਾਰਵਾਈ ਲਈ ਪ੍ਰਸਤਾਵ ਪੰਜਾਬ ਸਰਕਾਰ ਨੂੰ ਭੇਜਿਆ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਮਸਲਾ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਲਿਆ ਕੇ ਮਨਜ਼ੂਰ ਕਰਵਾਇਆ ਜਾਣਾ ਸੀ, ਪਰ 10 ਦਿਨ ਚੱਲੀ ਵਿਧਾਨ ਸਭਾ ਦੀ ਕਾਰਵਾਈ ਦੌਰਾਨ ਇਸ ਮਾਮਲੇ 'ਤੇ ਕੋਈ ਵਿਚਾਰ ਨਹੀਂ ਕੀਤਾ ਗਿਆ। ਸਾਰਾ ਵਿਧਾਨ ਸਭਾ ਦਾ ਸ਼ੈਸਨ ਆਪਸੀ ਦੂਸਣਬਾਜੀ ਵਿੱਚ ਲੰਘਾ ਦਿੱਤਾ ਗਿਆ।

ਯਾਦੂ ਅਲਾਲ ਨੇ ਕਿਹਾ ਕਿ ਨਵੰਬਰ 1984 ਵਿੱਚ ਹਜ਼ਾਰਾਂ ਬੇਗੁਨਾਹ ਸਿੱਖਾਂ ਦੀ ਨਸਲਕੁਸ਼ੀ ਨੂੰ ਜਾਇਜ਼ ਠਹਿਰਾਉਣ ਵਾਲੇ ਬਿਆਨਾਂ ਨਾਲ ਜੁੜੇ ਵਿਅਕਤੀ ਦੇ ਨਾਮ 'ਤੇ ਇੱਕ ਸਿੱਖਿਆ ਸੰਸਥਾ ਦਾ ਨਾਮ ਰੱਖਣਾ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ। ਉਨ੍ਹਾਂ ਕਿਹਾ ਕਿ ਉਸ ਸਮੇਂ ਦਿੱਤਾ ਗਿਆ ਬਿਆਨ — ਜਦੋਂ ਵੱਡਾ ਦਰਖ਼ਤ ਡਿੱਗਦਾ ਹੈ, ਧਰਤੀ ਹਿਲਦੀ ਹੈ — ਸਿੱਖ ਨਸਲਕੁਸ਼ੀ ਨੂੰ ਜਾਇਜ਼ ਠਹਿਰਾਉਣ ਵਾਲਾ ਮੰਨਿਆ ਜਾਂਦਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਸਿਰਫ਼ ਦਿੱਲੀ ਵਿੱਚ ਲਗਭਗ 2,800 ਸਿੱਖ ਮਾਰੇ ਗਏ, ਜਦਕਿ ਸੁਤੰਤਰ ਸਰੋਤਾਂ ਮੁਤਾਬਕ ਪੂਰੇ ਦੇਸ਼ ਵਿੱਚ 10,000 ਤੋਂ ਵੱਧ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਇਸ ਦੌਰਾਨ ਹਜ਼ਾਰਾਂ ਘਰ ਤਬਾਹ ਹੋਏ ਅਤੇ ਲਗਭਗ 50,000 ਤੋਂ 80,000 ਸਿੱਖ ਬੇਘਰ ਹੋਏ।

ਹਰਜੀਤ ਸਿੰਘ ਖਿਜ਼ਰਾਬਾਦ ਨੇ ਕਿਹਾ ਕਿ ਕਾਨੂੰਨ ਦੀਆਂ ਧੱਜੀਆਂ ਉਡਾਉਣ ਵਾਲੇ ਵਿਵਾਦਾਂ ਨਾਲ ਜੁੜੇ ਵਿਅਕਤੀ ਦੇ ਨਾਮ 'ਤੇ ਕਾਨੂੰਨ ਦੀ ਯੂਨੀਵਰਸਿਟੀ ਦਾ ਨਾਮ ਰੱਖਣਾ ਨਿਆਂ ਪ੍ਰਣਾਲੀ ਨਾਲ ਤਮਾਸ਼ੇ ਦੇ ਬਰਾਬਰ ਹੈ।

# ਕਟਕ ਦੇ SCB ਹਸਪਤਾਲ 'ਚ ਅੱਗ ਦਾ ਕਹਿਰ: ICU 'ਚ 10 ਮਰੀਜ਼ਾਂ ਦੀ ਮੌਤ

**ਸ਼ਾਰਟ-ਸਰਕਟ ਕਾਰਨ ਵਾਪਰਿਆ ਭਿਆਨਕ ਹਾਦਸਾ; 11 ਹਸਪਤਾਲ ਕਰਮਚਾਰੀ ਵੀ ਝੁਲਸੇ**

**ਭੁਵਨੇਸ਼ਵਰ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਉੜੀਸਾ ਦੇ ਕਟਕ ਸਥਿਤ ਸਰਕਾਰੀ ਐੱਸ.ਸੀ.ਬੀ. ਮੈਡੀਕਲ ਕਾਲਜ ਅਤੇ ਹਸਪਤਾਲ ਦੇ ਟਰਾਮਾ ਕੇਅਰ ਆਈ.ਸੀ.ਯੂ. (93") ਵਿੱਚ ਸੋਮਵਾਰ ਤੜਕੇ ਭਿਆਨਕ ਅੱਗ ਲੱਗਣ ਕਾਰਨ 10 ਮਰੀਜ਼ਾਂ ਦੀ ਦਰਦਨਾਕ ਮੌਤ ਹੋ ਗਈ। ਇਹ ਹਾਦਸਾ ਸਵੇਰੇ ਤੜਕਸਾਰ 2:30 ਤੋਂ 3:00 ਵਜੇ ਦੇ ਦਰਮਿਆਨ ਵਾਪਰਿਆ, ਜਿਸ ਸਮੇਂ ਜ਼ਿਆਦਾਤਰ ਮਰੀਜ਼ ਗਹਿਰੀ ਨੀਂਦ ਵਿੱਚ ਸਨ। ਅੱਗ ਇੰਨੀ ਤੇਜ਼ੀ ਨਾਲ ਫੈਲੀ ਕਿ ਮਰੀਜ਼ਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਹਸਪਤਾਲ ਦੇ 11 ਮੁਲਾਜ਼ਮ ਵੀ ਬੁਰੀ ਤਰ੍ਹਾਂ ਝੁਲਸ ਗਏ।

ਫਾਇਰ ਬ੍ਰਿਗੇਡ ਦੀਆਂ ਟੀਮਾਂ ਨੇ ਮੌਕੇ 'ਤੇ ਪਹੁੰਚ ਕੇ ਸਥਾਨਕ ਪੁਲੀਸ ਅਤੇ ਮਰੀਜ਼ਾਂ ਦੇ ਪਰਿਵਾਰਕ ਮੈਂਬਰਾਂ ਦੀ ਮਦਦ ਨਾਲ ਬਚਾਅ ਕਾਰਜ ਸ਼ੁਰੂ ਕੀਤੇ, ਜਿਸ ਦੌਰਾਨ 23 ਮਰੀਜ਼ਾਂ ਨੂੰ ਸੁਰੱਖਿਅਤ ਦੂਜੇ ਵਾਰਡਾਂ ਵਿੱਚ ਤਬਦੀਲ ਕੀਤਾ ਗਿਆ। ਮੁੱਖ ਮੰਤਰੀ ਮੋਹਨ ਚਰਨ ਮਾਝੀ ਨੇ ਸਿਹਤ ਮੰਤਰੀ ਮੁਕੇਸ਼ ਮਹਾਲਿੰਗ ਦੇ ਨਾਲ ਹਸਪਤਾਲ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਪੀੜਤਾਂ ਦਾ ਹਾਲ-ਚਾਲ ਜਾਣਿਆ। ਮੁੱਖ ਮੰਤਰੀ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਵਿੱਚ ਅੱਗ ਲੱਗਣ ਦਾ ਕਾਰਨ ਸ਼ਾਰਟ-ਸਰਕਟ ਮੰਨਿਆ ਜਾ ਰਿਹਾ ਹੈ। ਉਨ੍ਹਾਂ ਅਫ਼ਸੋਸ ਜਤਾਉਂਦਿਆਂ ਕਿਹਾ ਕਿ ਸੱਤ ਗੰਭੀਰ ਮਰੀਜ਼ਾਂ ਦੀ ਮੌਤ ਦੂਜੇ ਆਈ.ਸੀ.ਯੂ. ਵਿੱਚ ਸ਼ਿਫਟ ਕਰਨ ਦੌਰਾਨ ਹੋਈ, ਜਦੋਂਕਿ ਤਿੰਨ ਹੋਰਾਂ ਨੇ ਬਾਅਦ ਵਿੱਚ ਦਮ ਤੋੜ ਦਿੱਤਾ। ਸੂਬਾ ਸਰਕਾਰ ਨੇ ਇਸ ਮੰਦਭਾਗੀ ਘਟਨਾ ਵਿੱਚ ਜਾਨ ਗੁਆਉਣ ਵਾਲੇ ਮਰੀਜ਼ਾਂ ਦੇ ਵਾਰਸਾਂ ਲਈ 25-25 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ ਅਤੇ ਸਬੰਧਤ ਅਧਿਕਾਰੀਆਂ ਨੂੰ ਜ਼ਖਮੀਆਂ ਦੇ ਮੁਫ਼ਤ ਤੇ ਬਿਹਤਰ ਇਲਾਜ ਦੇ ਸਖ਼ਤ ਨਿਰਦੇਸ਼ ਦਿੱਤੇ ਹਨ।

# 19 ਮਾਰਚ ਤੋਂ ਸ਼ੁਰੂ ਹੋਣ ਵਾਲੇ ਨਵਰਾਤਰੇ ਤੇ ਦੁਰਗਾ ਅਸ਼ਟਮੀ ਮਨਾਉਣ ਸੰਬੰਧੀ ਡਿਪਟੀ ਕਮਿਸ਼ਨਰ ਤੇ ਐਡਵਾਈਜਰੀ ਮੈਨੇਜਿੰਗ ਕਮੇਟੀ ਵੱਲੋਂ ਸ੍ਰੀ ਕਾਲੀ ਦੇਵੀ ਮੰਦਰ ਵਿਖੇ ਤਿਆਰੀਆਂ ਦਾ ਜਾਇਜ਼ਾ

**ਪਟਿਆਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਇਤਿਹਾਸਕ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਵਿਖੇ 19 ਮਾਰਚ ਤੋਂ ਸ਼ੁਰੂ ਹੋ ਰਹੇ ਨਵਰਾਤਰੇ ਤੇ ਦੁਰਗਾ ਅਸ਼ਟਮੀ ਮਨਾਉਣ ਸੰਬੰਧੀ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਅਤੇ ਐਡਵਾਈਜਰੀ ਮੈਨੇਜਿੰਗ ਕਮੇਟੀ ਦੇ ਮੈਂਬਰਾਂ ਨੇ ਮੰਦਰ ਵਿਖੇ ਇੱਕ ਬੈਠਕ ਕੀਤੀ। ਇਸ ਮੌਕੇ ਕਮੇਟੀ ਮੈਂਬਰ ਸੀ.ਏ. ਅਜੇ ਅਲੀਪੁਰੀਆ, ਸੰਜੇ ਸਿੰਗਲਾ ਤੇ ਡਾ. ਰਾਜ ਕੁਮਾਰ ਸਮੇਤ ਏ.ਡੀ.ਸੀ (ਜ) ਸਿਮਰਪ੍ਰੀਤ ਕੌਰ, ਸੰਯੁਕਤ ਕਮਿਸਨਰ ਮਨਰੀਤ ਰਾਣਾ, ਡੀ.ਐਸ.ਪੀ. ਸਤਨਾਮ ਸਿੰਘ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸੁਮਿਤ ਸਿੰਘ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਅਤੇ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਮੰਦਰ ਵਿਖੇ ਮਨਾਏ ਜਾਣ ਵਾਲੇ ਨਵਰਾਤਰਿਆਂ ਦੇ ਪ੍ਰਬੰਧਾਂ ਦੀਆਂ ਤਿਆਰੀਆਂ ਪੂਰੀ ਸ਼ਰਧਾ ਭਾਵਨਾ ਨਾਲ ਕੀਤੀਆਂ ਜਾ ਰਹੀਆਂ ਹਨ ਅਤੇ ਇੱਥੇ ਦੇਸ਼-ਵਿਦੇਸ਼ 'ਚੋਂ ਆਉਣ ਵਾਲੇ ਵੱਡੀ ਗਿਣਤੀ ਸ਼ਰਧਾਲੂਆਂ ਦੀ ਸਹੂਲਤ ਲਈ ਪੁਖ਼ਤਾ ਇੰਤਜਾਮ ਕੀਤੇ ਜਾਣਗੇ। ਐਡਵਾਈਜਰੀ ਮੈਨੇਜਿੰਗ ਕਮੇਟੀ ਮੈਂਬਰਾਂ ਸੀ.ਏ. ਅਜੇ ਅਲੀਪੁਰੀਆ, ਸੰਜੇ ਸਿੰਗਲਾ ਤੇ ਡਾ. ਰਾਜ ਗੁਪਤਾ ਨੇ ਕਿਹਾ ਕਿ ਮਾਤਾ ਸ੍ਰੀ ਕਾਲੀ ਦੇਵੀ ਮੰਦਿਰ ਵਿਖੇ 19 ਮਾਰਚ ਤੋਂ ਸ਼ੁਰੂ ਹੋਣ ਵਾਲੇ ਨਵਰਾਤਰੇ 27 ਮਾਰਚ ਤੱਕ ਚੱਲਣਗੇ, ਇਨ੍ਹਾਂ ਦੀ ਸ਼ੁਭ-ਆਰੰਭਤਾ ਮੌਕੇ ਵੱਡੀ ਗਿਣਤੀ ਸ਼ਰਧਾਲੂਆਂ ਦੀ ਆਮਦ ਨੂੰ ਲੈਕੇ ਪੁਖ਼ਤਾ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਮੰਦਿਰ ਦੀ ਸਜਾਵਟ ਤੇ ਹੋਰ ਪ੍ਰਬੰਧਾਂ ਸਮੇਤ ਸੁਰੱਖਿਆ, ਸਾਫ਼-ਸਫ਼ਾਈ, ਲੰਗਰ ਤੇ ਹੋਰ ਵਿਆਪਕ ਪ੍ਰਬੰਧਾਂ 'ਤੇ ਚਰਚਾ ਕਰਨ ਸਮੇਤ ਸਾਰੇ ਪ੍ਰਬੰਧ ਸਮੇਂ ਸਿਰ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਪਵਿੱਤਰ, ਪੁਰਾਤਨ ਤੇ ਇਤਿਹਾਸਕ ਸ੍ਰੀ ਕਾਲੀ ਦੇਵੀ ਮੰਦਿਰ ਦੀ ਪੂਰੀ ਦੁਨੀਆ 'ਚ ਮਹਾਨਤਾ ਅਤੇ ਮਾਨਤਾ ਹੈ, ਨਵਰਾਤਰਿਆਂ ਦੇ ਦਿਨਾਂ ਦੌਰਾਨ ਦੂਰੋਂ-ਦੂਰੋਂ ਸ਼ਰਧਾਲੂ ਇੱਥੇ ਨਤਮਸਤਕ ਹੋਣ ਲਈ ਆਉਂਦੇ ਹਨ, ਇਸ ਲਈ ਪਵਿੱਤਰ ਮੰਦਿਰ ਅਤੇ ਇਸਦੇ ਆਲੇ-ਦੁਆਲੇ ਦੀ ਸਾਫ਼-ਸਫ਼ਾਈ ਅਤੇ ਸ਼ਰਧਾਲੂਆਂ ਦੀ ਸੁਖਾਵੀਂ ਆਵਾਜਾਈ ਲਈ ਪੁਖ਼ਤਾ ਪ੍ਰਬੰਧਾਂ ਬਾਰੇ ਵੀ ਕਿਹਾ ਗਿਆ। ਸ਼ਰਧਾਲੂਆਂ ਦੀ ਵੱਡੀ ਗਿਣਤੀ ਵਿੱਚ ਆਮਦ ਨੂੰ ਲੈਕੇ ਪੁਲਿਸ ਵੱਲੋਂ ਸੁਰੱਖਿਆ ਦੇ ਵਿਆਪਕ ਪ੍ਰਬੰਧਾਂ ਤੋਂ ਇਲਾਵਾ ਵਾਹਨਾਂ ਦੀ ਪਾਰਕਿੰਗ ਸਮੇਤ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਟਰੈਫ਼ਿਕ ਪਲਾਨ ਵੀ ਬਣਾਇਆ ਜਾ ਰਿਹਾ ਹੈ।

ਸੀ.ਏ. ਅਜੇ ਅਲੀਪੁਰੀਆ ਨੇ ਕਿਹਾ ਕਿ ਮੰਦਰ ਵਿਖੇ ਸ਼ਰਧਾਲੂਆਂ ਤੇ ਆਮ ਲੋਕਾਂ ਲਈ ਆਮ ਆਦਮੀ ਕਲੀਨਿਕ ਚੱਲ ਰਿਹਾ ਹੈ, ਜਿੱਥੇ ਸ਼ਰਧਾਲੂ ਕਿਸੇ ਬਿਮਾਰੀ ਦੀ ਸੂਰਤ 'ਚ ਮੁਫ਼ਤ 'ਚ ਦਵਾਈ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਨੇ ਇਸ ਕਲੀਨਿਕ ਦਾ ਸਮਾਂ ਸਵੇਰੇ ਤੋਂ ਦੁਪਹਿਰ ਤੇ ਦੁਪਹਿਰ ਤੋਂ ਰਾਤ 9 ਵਜੇ ਤੱਕ ਕੀਤਾ ਗਿਆ ਹੈ। ਇਸ ਤੋਂ ਬਿਨ੍ਹਾਂ ਸ਼ਰਧਾਲੂਆਂ ਦੀ ਸਹੂਲਤ ਲਈ ਲੰਗਰ ਭੰਡਾਰਾ ਤੇ ਪੀਣ ਵਾਲੇ ਪਾਣੀ ਦੇ ਵੀ ਵਧੀਆ ਪ੍ਰਬੰਧ ਕੀਤੇ ਗਏ ਹਨ।

# ਉਦਯੋਗ ਅਤੇ ਕੌਸ਼ਲ ’ਤੇ ਵਿਸ਼ੇਸ਼ ਧਿਆਨ ਦੇ ਰਹੀ ਹਰਿਆਣਾ ਸਰਕਾਰ-ਮੁੱਖ ਮੰਤਰੀ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ 2047 ਦੇ ਵਿਕਸਿਤ ਭਾਰਤ ਵਿੱਚ ਹਰਿਆਣਾ ਦੀ ਮੋਹਰੀ ਭੂਮਿਕਾ ਰਹੇਗੀ। ਇਸ ਦੇ ਲਈ ਹਰਿਆਣਾ ਲਗਾਤਾਰ ਯਤਨ ਕਰ ਰਿਹਾ ਹੈ। ਉਨ੍ਹਾਂ ਨੇ ਵਿਕਸਿਤ ਭਾਤਰ ਦਾ ਟੀਚੇ ਦੇਣ ’ਤੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦਾ ਧੰਨਵਾਦ ਕੀਤਾ। ਮੁੱਖ ਮੰਤਰੀ ਵੀਰਵਾਰ ਨੂੰ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿੱਚ ਆਯੋਜਿਤ ਇੱਕ ਸਮਿਟ ਵਿੱਚ ਬੋਲ ਰਹੇ ਸਨ।




ਇਸ ਦੌਰਾਨ ਸੰਬੋਧਿਤ ਕਰਦੇ ਹੋਏ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਕਿਸਾਨ, ਮਹਿਲਾ ਸ਼ਸ਼ਕਤੀਕਰਨ, ਨੌਜੁਆਨਾਂ ਨੂੰ ਰੁਜਗਾਰ ਅਤੇ ਗਰੀਬ ਉਤਥਾਨ ਦੇ ਚਾਰ ਥੰਭਾਂ ’ਤੇ ਕੰਮ ਕਰਨ ਦੀ ਅਪੀਲ ਕੀਤੀ ਹੈ। ਹਰਿਆਣਾ ਸਰਕਾਰ ਇਨ੍ਹਾਂ ਸਾਰਿਆਂ ’ਤੇ ਤੇਜੀ ਨਾਲ ਕੰਮ ਕਰ ਰਹੀ ਹੈ। ਅੱਜ ਹਰਿਆਣਾ ਦਾ ਕਿਸਾਨ ਪਾਰੰਪਰਿਕ ਖੇਤੀ ਦੇ ਨਾਲ ਨਾਲ ਕੁਦਰਤੀ ਖੇਤੀ, ਬਾਗਵਾਨੀ ਵਿੱਚ ਬੇਹਤਰ ਕੰਮ ਕਰ ਰਹੀ ਹੈ। ਹਰਿਆਣਾ ਸਰਕਾਰ ਵੱਲੋਂ ਮਹਿਲਾ ਸਸ਼ਕਤੀਕਰਨ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਖ ਵੱਖ ਯੋਜਨਾਵਾਂ ਦਾ ਲਾਗੂਕਰਨ ਕੀਤਾ ਜਾ ਰਿਹਾ ਹੈ। ਅੱਜ ਮਹਿਲਾਵਾਂ ਖੇਤੀਬਾੜੀ, ਹੈਲਥ, ਸਿੱਖਿਆ ਅਤੇ ਹੋਰ ਖੇਤਰਾਂ ਵਿੱਚ ਭਰਪੂਰ ਯੋਗਦਾਨ ਦੇ ਰਹੀ ਹੈ। ਸੂਬਾ ਸਰਕਾਰ ਨੇ ਨੌਜੁਆਨਾਂ ਲਈ ਸਟਾਰਟਅਪ ਨੀਤੀ ਬਣਾਈ ਹੈ। ਗਰੀਬ ਉਥਾਨ ਲਈ ਮਜਬੂਤੀ ਨਾਲ ਕੰਮ ਕੀਤਾ ਜਾ ਰਿਹਾ ਹੈ। ਆਯੁਸ਼ਮਾਨ ਭਾਰਤ, ਪੀਐਮ ਆਵਾਸ ਯੋਜਨਾ, ਪੀਐਮ ਜਨਧਨ ਖਾਤਾ ਯੋਜਨਾ, ਕਿਸਾਨ ਸਨਮਾਨ ਨਿਧੀ ਜਿਹੀ ਯੋਜਨਾਵਾਂ ਦਾ ਲਾਗੂਕਰਨ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਹਰਿਆਣਾ ਸਰਕਾਰ ਨੇ ਫਿਊਚਰ ਡਿਪਾਰਟਮੈਂਟ ਬਣਾਇਆ ਹੈ। ਇਸ ਦਾ ਮਕਸਦ ਹੈ ਕਿ ਆਉਣ ਵਾਲੇ ਸਮੇ ਵਿੱਚ ਲੰਬੇ ਸਮੇ ਨੂੰ ਧਿਆਨ ਵਿੱਚ ਰੱਖ ਕੇ ਯੋਜਨਾਵਾਂ ਬਣਾਈ ਜਾਵੇ ਤਾਂ ਜੋ ਲੋਕਾਂ ਨੂੰ ਕੋਈ ਪਰੇਸ਼ਾਨੀ ਨਾ ਆਵੇ। ਇਸੇ ਸੋਚ ਨਾਲ ਹਰਿਆਣਾ ਸਰਕਾਰ ਯੂਨਿਵਰਸਿਟੀਆਂ ਵਿੱਚ ਪਢਨ ਵਾਲੇ ਨੌਜੁਆਨਾਂ ਨੂੰ ਸ਼ੋਧ ਲਈ ਪ੍ਰੋਤਸਾਹਿਤ ਕਰ ਰਹੀ ਹੈ ਤਾਂ ਜੋ ਯੂਨਿਵਰਸਿਟੀਆਂ ਦੇ ਵਿਦਿਆਰਥੀ ਵੱਖ ਵੱਖ ਖੇਤਰਾਂ ਵਿੱਚ ਸ਼ੋਧ ਕਰ ਸਕਣ ਅਤੇ ਇਹ ਪਛਾਣ ਸਕਣ ਕਿ ਕਿਨ੍ਹਾਂ ਖੇਤਰਾਂ ਵਿੱਚ ਕੀ-ਕੀ ਸਮੱਸਿਆਵਾਂ ਹਨ। ਇਸ ਦੇ ਨਾਲ ਨਾਲ ਇਨ੍ਹਾਂ ਦਾ ਹੱਲ ਵੀ ਕੱਡ ਸਕਣ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਕੁਸ਼ਲ ਮਾਰਗਦਰਸ਼ਨ ਵਿੱਚ ਭਾਰਤ ਏਆਈ, ਰਿਸਰਚ ਅਤੇ ਵਿਕਾਸ ਨੂੰ ਅਪਣਾ ਰਿਹਾ ਹੈ। ਪ੍ਰਧਾਨ ਮੰਤਰੀ ਜੀ ਲਗਾਤਾਰ ਇਸ ਗੱਲ ’ਤੇ ਜੋਰ ਦਿੰਦੇ ਰਹੇ ਹਨ ਕਿ ਨਵੀਂ ਤਕਨੀਕਾਂ ਦਾ ਵੱਧ ਤੋਂ ਵੱਧ ਉਪਯੋਗ ਆਮ ਜਨਤਾ ਦੀ ਭਲਾਈ ਲਈ ਕੀਤਾ ਜਾਣਾ ਚਾਹੀਦਾ ਹੈ। ਹਾਲ ਹੀ ਵਿੱਚ ਆਯੋਜਿਤ ਏਆਈ ਸਮਿਟ ਵਿੱਚ ਵੀ ਦੁਨਿਆਭਰ ਤੋਂ ਮਾਹਿਰ ਅਤੇ ਪ੍ਰਤੀਨਿਧੀ ਭਾਰਤ ਅਏ ਅਤੇ ਉਨ੍ਹਾਂ ਨੇ ਤਕਨੀਕ ਦੇ ਭਵਿੱਖ ਨੂੰ ਲੈ ਕੇ ਆਪਣੇ ਵਿਚਾਰ ਸਾਂਝਾ ਕੀਤੇ। ਇਸੇ ਦਿਸ਼ਾ ਵਿੱਚ ਹਰਿਆਣਾ ਸਰਕਾਰ ਵੀ ਅੱਗੇ ਵੱਧ ਰਹੀ ਹੈ। ਪਿਛਲੇ ਬਜਟ ਵਿੱਚ ਇਹ ਐਲਾਨ ਕੀਤਾ ਸੀ ਕਿ ਪੰਚਕੂਲਾ ਅਤੇ ਗੁਰੂਗ੍ਰਾਮ ਵਿੱਚ ਦੋ ਸਥਾਨਾਂ ’ਤੇ ਏਆਈ ਹਬ ਸਥਾਪਿਤ ਕੀਤੇ ਜਾਣਗੇ। ਇਸ ਦਿਸ਼ਾ ਵਿੱਚ ਕੰਮ ਤੇਜੀ ਨਾਲ ਅੱਗੇ ਵੱਧ ਰਹੀ ਹੈ। ਹਾਲ ਹੀ ਵਿੱਚ ਚੰਡੀਗੜ੍ਹ ਵਿੱਚ ਵੀ ਇੱਕ ਏਆਈ ਸਮਿਟ ਆਯੋਜਿਤ ਕੀਤੀ ਗਈ, ਜਿਸ ਵਿੱਚ ਇਸ ਖੇਤਰ ਨਾਲ ਜੁੜੇ ਮਾਹਿਰਾਂ ਅਤੇ ਪ੍ਰਤੀਭਾਗੀਆਂ ਨੇ ਹਿੱਸਾ ਲਿਆ। ਏਆਈ ਹਬ ਲਈ ਕਈ ਕੰਪਨਿਆਂ ਨੇ ਰੁਚੀ ਵਿਖਾਉਂਦੇ ਹੋਏ ਪ੍ਰਸਤਾਵ ਵੀ ਦਿੱਤੇ ਹਨ। ਸਰਕਾਰ ਦਾ ਉਦੇਸ਼ ਨੌਜੁਆਨਾਂ ਨੂੰ ਨਵੀਂ ਤਕਨੀਕਾਂ ਨਾਲ ਜੋੜਨਾ ਅਤੇ ਉਨ੍ਹਾਂ ਨੂੰ ਇਸ ਖੇਤਰ ਵਿੱਚ ਕੁਸ਼ਲ ਬਨਾਉਣਾ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਦੀ ਸਭ ਤੋਂ ਵੱਡੀ ਤਾਕਤ ਉਸ ਦੀ ਮਜਬੂਤ ਕਨੇਕਟਿਵਿਟੀ ਹੈ। ਰਾਜ ਵਿੱਚ ਫੋਰ-ਲੇਨ ਸੜਕਾਂ, ਐਕਸਪ੍ਰੇਸਵੇ, ਗ੍ਰੀਨਫੀਲਡ ਐਕਸਪ੍ਰੇਸਵੇ, ਰੇਲਵੇ ਅਤੇ ਹਵਾਈ ਕਨੇਕਟਿਵਿਟੀ ਤੇਜੀ ਨਾਲ ਵਿਕਸਿਤ ਹੋ ਰਹੀ ਹੈ। ਇਸ ਦੇ ਨਾਲ ਹੀ ਰਾਸ਼ਟਰੀ ਰਾਜਧਾਨੀ ਖੇਤਰ (ਐਨਸੀਆਰ) ਦਾ ਹਿੱਸਾ ਹੋਣ ਕਾਰਨ ਹਰਿਆਣਾ ਨੂੰ ਵਾਧੂ ਲਾਭ ਮਿਲਦਾ ਹੈ। ਪਿਛਲੇ ਬਜਟ ਵਿੱਚ ਸਰਕਾਰ ਨੇ 10 ਇੰਡਸਟ੍ਰਿਅਲ ਮਾਡਲ ਟਾਉਨਸ਼ਿਪ (ਆਈਐਮਟੀ) ਸਥਾਪਿਤ ਕਰਨ ਦਾ ਐਲਾਨ ਕੀਤਾ ਸੀ। ਇਨ੍ਹਾਂ ਵਿੱਚੋਂ ਲਗਭਗ ਛੇ ’ਤੇ ਤੇਜੀ ਨਾਲ ਕੰਮ ਸ਼ੁਰੂ ਹੋ ਚੁੱਕਾ ਹੈ, ਜਦੋਂ ਕਿ ਬਾਕੀ ਤੇ ਬਹੁਤ ਜਲਦ ਕੰਮ ਸ਼ੁਰੂ ਕੀਤਾ ਜਾਵੇਗਾ। ਇਨ੍ਹਾਂ ਟਾਉਨਸ਼ਿਪ ਦਾ ਉਦੇਸ਼ ਉਦਯੋਗਾਂ ਲਈ ਬੇਹਤਰ ਬੁਨਿਆਦੀ ਢਾਂਚਾ ਤਿਆਰ ਕਰਨਾ ਹੈ ਤਾਂ ਜੋ ਵੱਧ ਤੋਂ ਵੱਧ ਕੰਪਨਿਆਂ ਹਰਿਆਣਾ ਵਿੱਚ ਨਿਵੇਸ਼ ਕਰ ਸਕਣ। ਸਰਕਾਰ ਨੇ ਉਦਯੋਗਾਂ ਨੂੰ ਪ੍ਰੋਤਸਾਹਨ ਦੇਣ ਲਈ ਆਪਣੀ ਉਦਯੋਗਿਕਿ ਨੀਤੀਆਂ ਨੂੰ ਵੀ ਮਜਬੂਤ ਕੀਤਾ ਹੈ। ਨਵੀਂ ਇੰਡਸਟ੍ਰਿਅਲ ਪਾਲਿਸੀ ਅਤੇ ਸੇਮੀਕੰਡਕਟਰ ਨੀਤੀ ’ਤੇ ਵੀ ਕੰਮ ਕੀਤਾ ਜਾ ਰਿਹਾ ਹੈ ਤਾਂ ਜੋ ਹਾਈ ਟੇਕ ਉਦਯੋਗਾਂ ਨੂੰ ਹਰਿਆਣਾ ਵਿੱਚ ਸਥਾਪਿਤ ਹੋਣ ਲਈ ਬੇਹਤਰ ਮੌਕੇ ਮਿਲ ਸਕਣ। ਰੁਜਗਾਰ ਦੇ ਵਿਸ਼ਾਂ ’ਤੇ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਰੁਜ਼ਗਾਰ ਸ੍ਰਿਜਨ ਨੂੰ ਲੈ ਕੇ ਲਗਾਤਾਰ ਕੰਮ ਕਰ ਰਹੀ ਹੈ। ਹਰਿਆਣਾ ਵਿੱਚ ਰੁਜ਼ਗਾਰ ਦਾ ਸੱਭ ਤੋਂ ਵੱਡਾ ਸਰੋਤ ਖੇਤੀਬਾੜੀ ਖੇਤਰ ਹੈ, ਇਸ ਲਈ ਖੇਤੀਬਾੜੀ ਦੇ ਵੱਖ-ਵੱਖ ਖੇਤਰਾਂ ਵਿੱਚ ਨਵੇਂ ਮੌਕੇ ਪੈਦਾ ਕਰਨ ’ਤੇ ਜੋਰ ਦਿੱਤਾ ਜਾ ਰਿਹਾ ਹੈ। ਰਾਜ ਵਿੱਚ ਲੀਚੀ, ਅਮਰੂਦ, ਕਿਨੂੰ ਅਤੇ ਸਟ੍ਰਾਬੇਰੀ ਲਈ ਚਾਰ ਸੈਂਟਰ ਆਫ ਐਕਸੀਲੈਂਸ ਸਥਾਪਿਤ ਕੀਤੇ ਜਾ ਰਹੇ ਹਨ, ਜਿਨ੍ਹਾਂ ਦੇ ਰਾਹੀਂ ਆਧੁਨਿਕ ਖੇਤੀਬਾੜੀ ਤਕਨੀਕ ਨੂੰ ਪ੍ਰੋਤਸਾਹਨ ਦਿੱਤਾ ਜਾਵੇਵਾ ਅਤੇ ਕਿਸਾਨਾਂ ਅਤੇ ਨੌਜੁਆਨਾ ਦੇ ਲਈ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮਹਿਲਾਵਾਂ ਦੇ ਸਸ਼ਕਤੀਕਰਣ ’ਤੇ ਵੀ ਸਰਕਾਰ ਵਿਸ਼ੇਸ਼ ਧਿਆਨ ਦੇ ਰਹੀ ਹੈ। ਸਵੈ ਸਹਾਇਤਾ ਸਮੂਹਾਂ ਰਾਹੀਂ ਵੱਡੀ ਗਿਣਤੀ ਵਿੱਚ ਮਹਿਲਾਵਾਂ ਛੋਟੇ-ਛੋਟੇ ਕਾਰੋਬਾਰ ਸ਼ੁਰੂ ਕਰ ਰਹੀਆਂ ਹਨ ਅਤੇ ਆਰਥਕ ਰੂਪ ਤੋਂ ਆਤਮਨਿਰਭਰ ਬਣ ਰਹੀਆਂ ਹਨ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲੋਂ ਸ਼ੁਰੂ ਕੀਤੇ ਗਏ ਲੱਖਪਤੀ ਦੀਦੀ ਮੁਹਿਮ ਤਹਿਤ ਹਰਿਆਣਾ ਵਿੱਚ ਲਗਭਗ ਡੇਢ ਲੱਖ ਮਹਿਲਾਵਾਂ ਇਸ ਨਾਲ ਜੁੜ ਚੁੱਕੀਆਂ ਹਨ ਅਤੇ ਸਰਕਾਰ ਦਾ ਟੀਚਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਲਗਭਗ ਤਿੰਨ ਲੱਖ ਮਹਿਲਾਵਾਂ ਨੂੰ ਇਸ ਨਾਲ ਜੋੜਿਆ ਜਾਵੇਗਾ। ਇਸ ਤੋਂ ਇਲਾਵਾ, ਮਹਿਲਾ ਉਦਮੀਆਂ ਨੂੰ ਉਦਯੋਗ ਅਤੇ ਕਾਰੋਬਾਰ ਦੇ ਖੇਤਰ ਵਿੱਚ ਅੱਗੇ ਵਧਾਉਣ ਲਈ ਸਰਕਾਰ ਵਿਸ਼ੇਸ਼ ਪ੍ਰੋਤਸਾਹਨ ਵੀ ਦੇ ਰਹੀ ਹੈ। ਮੇਕ ਇਨ ਇੰਡੀਆ ਮੁਹਿੰਮ ਨੂੰ ਅੱਗੇ ਵਧਾਉਂਦੇ ਹੋਏ ਹਰਿਆਣਾ ਸਰਕਾਰ ਵੀ ਉਦਯੋਗ ਅਤੇ ਸਕਿਲ ਵਿਕਾਸ ’ਤੇ ਵਿਸ਼ੇਸ਼ ਧਿਆਨ ਦੇ ਰਹੀ ਹੈ। ਇਸੀ ਦਿਸ਼ਾ ਵਿੱਚ ਪਲਵਲ ਵਿੱਚ ਸ੍ਰੀ ਵਿਸ਼ਵਕਰਮਾ ਸਕਿਲ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ ਹੈ, ਜਿੱਥੇ ਨੌਜੁਆਨਾ ਨੂੰ ਆਧੁਨਿਕ ਸਕਿਲ ਪ੍ਰਦਾਨ ਕੀਤਾ ਜਾ ਰਿਹਾ ਹੈ। ਸਰਕਾਰ ਦਾ ਟੀਚਾ ਹੈ ਕਿ ਸਿਖਿਆ, ਸਕਿਲ ਵਿਕਾਸ, ਉਦਯੋਗ ਅਤੇ ਸਵੈਰੁਜਗਾਰ ਨੂੰ ਪ੍ਰੋਤਸਾਹਨ ਦੇ ਕੇ ਵੱਧ ਤੋਂ ਵੱਧ ਨੌਜੁਆਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਜਾਣ ਅਤੇ ਹਰਿਆਣਾ ਨੂੰ ਵਿਕਾਸ ਦੇ ਨਵੇਂ ਮੁਕਾਮਾਂ ਤੱਕ ਪਹੁੰਚਾਇਆ ਜਾਵੇ।

# ਘਰੇਲੂ ਗੈਸ ਦੀ ਕੋਈ ਕਿਲੱਤ ਨਹੀਂ, ਅਫਵਾਹ ਫੈਲਾ ਕੇ ਕਾਲਾਬਾਜਾਰੀ ਕਰਨ ਵਾਲਿਆਂ ਖਿਲਾਫ ਹੋਵੇਗੀ ਸਖਤ ਕਾਰਵਾਈ : ਰਾਜੇਸ਼ ਨਾਗਰ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੁਰਾਕ ਅਤੇ ਸਿਵਲ ਸਪਲਾਈ ਰਾਜ ਮੰਤਰੀ ਸ੍ਰੀ ਰਾਜੇਸ਼ ਨਾਗਰ ਨੇ ਕਿਹਾ ਕਿ ਸੂਬੇ ਵਿੱਚ ਪੈਟਰੋਲ, ਡੀਜ਼ਲ ਅਤੇ ਘਰੇਲ ਐਲਪੀਜੀ ਗੈਸ ਦੀ ਸਪਲਾਈ ਪੂਰੀ ਤਰ੍ਹਾ ਨਾਲ ਆਮ ਹੈ। ਮਿਡਲ ਇਸਟ ਵਿੱਚ ਉਤਪਨ ਯੁੱਧ ਵਰਗੇ ਹਾਲਾਤਾਂ ਵਿੱਚ ਵੀ ਜੋ ਸ਼ਰਾਰਤੀ ਅਤੇ ਸਾਜਿਸ਼ਕਰਨ ਵਾਲੇ ਅਫਵਾਹ ਫੈਲਾ ਰਹੇ ਹਨ, ਸਰਕਾਰ ਉਨ੍ਹਾਂ ਦੇ ਖਿਲਾਫ ਸਖਤ ਕਾਰਵਾਈ ਕਰੇਗੀ।



ਰਾਜ ਮੰਤਰੀ ਸ੍ਰੀ ਨਾਗਰ ਨੇ ਕਿਹਾ ਕਿ ਆਮਜਨਤਾ ਅਫਵਾਹਾਂ ’ਤੇ ਧਿਆਨ ਨਾ ਦਵੇ। ਭਾਰਤ ਸਰਕਾਰ ਦੇ ਪੈਟਰੋਲਿਅਮ ਅਤੇ ਕੁਦਰਤੀ ਗੇਸ ਮੰਤਰਾਲੇ, ਨਵੀਂ ਦਿੱਲੀ ਵੱਲੋਂ 9 ਮਾਰਚ, 2026 ਨੂੰ ਜਾਰੀ ਇੱਕ ਮਹਤੱਵਪੂਰਣ ਪੱਤਰ ਵਿੱਚ ਪ੍ਰਾਥਮਿਕ ਖੇਤਰਾਂ ਲਈ ਘਰੇਲੂ ਐਲਪੀਜੀ ਗੈਸ ਦੀ ਸਪਲਾਈ, ਉਸ ਦੇ ਸਮੂਚੇ ਅਤੇ ਸਮਾਨ ਵੰਡ ਅਤੇ ਉਪਲਬਧਤਾ ਯਕੀਨੀ ਕਰਨ ਦੇ ਸਬੰਧ ਵਿੱਚ ਜਰੂਰੀ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ। ਇੰਨ੍ਹਾਂ ਦਿਸ਼ਾ-ਨਿਰਦੇਸ਼ਾਂ ਦੇ ਪਾਲਣ ਵਿੱਚ ਹਰਿਆਣਾ ਸਰਕਾਰ ਨੇ ਤੁਰੰਤ ਪ੍ਰਭਾਵ ਨਾਲ ਸਾਰੇ ਜਰੂਰੀ ਕਦਮ ਚੁੱਕੇ ਹਨ।

ਮੌਜੂਦਾ ਵਿੱਚ ਹਰਿਆਣਾ ਰਾਜ ਵਿੱਚ ਪੈਟਰੋਲ, ਡੀਜ਼ਲ ਅਤੇ ਘਰੇਲੂ ਐਲਪੀਜੀ ਦੀ ਸਪਲਾਈ ਪੂਰੀ ਤਰ੍ਹਾ ਸੁਚਾਰੂ ਰੂਪ ਨਾਲ ਚੱਲ ਰਹੀ ਹੈ। ਪ੍ਰਮੁੱਖ ਤੇਲ ਕੰਪਨੀਆਂ-ਇੰਡੀਅਨ ਆਇਲ ਕਾਰਪੋਰੇਸ਼ਨ ਲਿਮੀਟੇਡ (ਆਈਓਸੀਐਲ), ਭਾਰਤ ਪੈਟਰੋਲਿਅਮ ਕਾਰਪੋਰੇਸ਼ਨ ਲਿਮੀਟੇਡ (ਬੀਪੀਸੀਐਲ) ਅਤੇ ਹਿੰਦੂਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮੀਟੇਡ (ਐਚਪੀਸੀਐਲ) ਦੇ ਕੋਲ ਕਾਫੀ ਸਟਾਕ ਉਪਲਬਧ ਹੈ।

ਇਸ ਦੇ ਤੋਂ ਇਲਾਵਾ ਗੈਸ ਦੀ ਸਪਲਾਈ ਲਗਾਤਾਰ ਰੂਪ ਤੋਂ ਪ੍ਰਾਪਤ ਹੋ ਰਹੀ ਹੈ, ਜਿਸ ਨਾਲ ਖਪਤਕਾਰਾਂ ਨੂੰ ਕਿਸੇ ਤਰ੍ਹਾ ਦੀ ਕਮੀ ਦਾ ਸਾਹਮਣਾ ਨਾ ਕਰਨਾ ਪਵੇ।

ਸ੍ਰੀ ਨਾਗਰ ਨੇ ਕਿਹਾ ਕਿ ਵਿਭਾਗ ਪੂਰੀ ਸਜਗਤਾ ਦੇ ਨਾਲ ਕੇਂਦਰ ਸਰਕਾਰ ਦੀ ਬਿਨ੍ਹਾ ਰੁਕਾਵਟ ਸਪਲਾਈ ਚੇਨ ਨੂੰ ਮਜਬੂਤ ਕਰਨ ਅਤੇ ਖਪਤਕਾਰਾਂ ਦੀ ਜਰੂਰਤਾਂ ਨੂੰ ਪੂਰਾ ਕਰਨ ਲਈ ਕੰਮ ਕਰ ਰਹੀ ਹੈ। ਵਿਭਾਗ ਦੇ ਅਧਿਕਾਰੀ 24 ਘੰਟੇ ਨਿਗਰਾਨੀ ਕਰ ਰਹੇ ਹਨ, ਤਾਂ ਜੋ ਮੰਗ ਅਤੇ ਸਪਲਾਹੀ ਦੇ ਵਿੱਚ ਪੂਰਾ ਤਾਲਮੇਲ ਬਣਿਆ ਰਹੇ।

ਉਨ੍ਹਾਂ ਨੇ ਭਰੋਸਾ ਦਿੱਤਾ ਕਿ ਰਾਜ ਵਿੱਚ ਰਸੋਈ ਗੈਸ ਜਾਂ ਪੈਟਰੋਲ-ਡੀਜ਼ਲ ਦੀ ਸਪਲਾਈ ਵਿੱਚ ਕਿਸੇ ਵੀ ਤਰ੍ਹਾ ਦੀ ਕਮੀ ਨਹੀਂ ਹੋਣ ਦਿੱਤੀ ਜਾਵੇਗੀ। ਸਿਰਫ ਕਮਰਸ਼ਿਅਲ ਸਿਲੇਂਡਰਾਂ ਦੀ ਸਪਲਾਈ ਵਿੱਚ ਅਸਥਾਈ ਰੂਪ ਨਾਲ ਕੁੱਝ ਰੁਕਾਵਟ ਉਤਪਨ ਹੋਈ ਹੈ, ਉਸ ਤੋਂ ਵੀ ਜਲਦੀ ਹੀ ਨਿਜਾਤ ਪਾ ਲਈ ਜਾਵੇਗੀ। ਇਹ ਅਸਥਾਈ ਰੁਕਾਵਟ ਵਿਸ਼ਵ ਹਾਲਾਤਾਂ ਤੋਂ ਪ੍ਰਭਾਵਿਤ ਹਨ ਫਿਰ ਵੀ, ਆਇਲ ਕੰਪਨੀਆਂ ਇਸ ਅਸਥਾਈ ਰੁਕਾਵਟ ਨੂੰ ਵੀ ਦੂਰ ਕਰਨ ਤਹਿਤ ਲਗਾਤਾਰ ਯਤਨਸ਼ੀਲ ਹਨ।

ਪ੍ਰਾਥਮਿਕਤਾ ਆਧਾਰ ’ਤੇ ਕਮਰਸ਼ਿਅਲ ਸਿਲੇਂਡਰਾਂ ਦੀ ਸਪਲਾਈ ਵਿਦਿਅਕ ਅਦਾਰਿਆਂ, ਹਸਪਤਾਲਾਂ ਅਤੇ ਹੋਰ ਜਰੂਰੀ ਸੇਵਾਵਾਂ ਨਾਲ ਜੁੜੇ ਪ੍ਰਤਿਸ਼ਠਾਨਾਂ ਨੂੰ ਯਕੀਨੀ ਕੀਤੀ ਜਾ ਰਹੀ ਹੈ। ਬਾਕੀ ਵੰਡ ਨੂੰ ਆਮ ਕਰਨ ਲਈ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਹੈ, ਅਤੇ ਜਲਦੀ ਹੀ ਸਥਿਤੀ ਪੂਰੀ ਤਰ੍ਹਾ ਕੰਟਰੋਲ ਹੋ ਜਾਵੇਗੀ।

ਰਾਜਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਦਾ ਪ੍ਰਾਥਮਿਕ ਉਦੇਸ਼ ਹਰ ਘਰ ਵਿੱਚ ਰਸੋਈ ਗੈਸ ਕਾਫੀ ਗਿਣਤੀ ਵਿੱਚ ਉਪਲਬਧ ਕਰਵਾਉਣਾ ਅਤੇ ਯਕੀਨੀ ਕਰਨਾ ਹੈ ਕਿ ਵਾਹਨਾਂ ਦੇ ਇੰਜਨ ਸੁਚਾਰੂ ਰੂਪ ਨਾਲ ਚਲਦੇ ਰਹਿਣ। ਕੇਂਦਰ ਸਰਕਾਰ ਦੇ ਸਹਿਯੋਗ ਨਾਲ ਅਸੀਂ ਰਾਜ ਪੱਧਰ ’ਤੇ ਮਜਬੂਤ ਵੰਡ ਨੈਟਵਰਕ ਵਿਕਸਿਤ ਕੀਤਾ ਹੈ, ਜਿਸ ਵਿੱਚ 5,000 ਤੋਂ ਵੱਧ ਵਿਤਰਕ ਸ਼ਾਮਿਲ ਹਨ। ਇੰਨ੍ਹਾਂ ਦੇ ਰਾਹੀਂ ਰੋਜਾਨਾ ਲੱਖਾਂ ਸਿਲੇਂਡਰ ਵੰਡੇ ਜਾ ਰਹੇ ਹਨ।

ਸ੍ਰੀ ਨਾਗਰ ਨੇ ਚੋਰੀ, ਕਾਲਾਬਾਜਾਰੀ ਜਾਂ ਅਣਅਥੋਰਾਇਜਡ ਵੰਡ ’ਤੇ ਪ੍ਰਭਾਵੀ ਰੋਕ ਲਗਾਉਣ ਦੇ ਉਦੇਸ਼ ਨਾਲ ਰਾਜ ਦੇ ਸਾਰੇ ਡਿਪਟੀ ਕਮਿਸ਼ਨਰਾਂ, ਪੁਲਿਸ ਸੁਪਰਡੈਂਟਾਂ ਅਤੇ ਜਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰਾਂ ਨੂੰ ਸਖਤ ਨਿਰਦੇਸ਼ ਦਿੱਤੇ ਹਨ। ਇੰਨ੍ਹਾਂ ਨਿਰਦੇਸ਼ਾਂ ਵਿੱਚ ਵਿਸ਼ੇਸ਼ ਮੁਹਿੰਮ ਚਲਾਉਣ, ਸਟਾਕ ਦੀ ਰੋਜਾਨਾ ਰਿਪੋਟਿੰਗ ਅਤੇ ਖਪਤਕਾਰ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਦਾ ਪ੍ਰਾਵਧਾਨ ਹੈ। ਵਿਭਾਗ ਨੇ ਹੈਲਪਲਾਇਨ ਨੰਬਰ 1967 ਨੂੰ ਸਰਗਰਮ ਰੱਖਿਆ ਹੈ, ਜਿੱਥੇ ਖਪਤਕਾਰ ਆਪਣੀ ਸ਼ਿਕਾਇਤਾਂ ਦਰਜ ਕਰ੍ਹਾ ਸਕਦੇ ਹਨ।

ਮੰਤਰੀ ਸ੍ਰੀ ਨਾਗਰ ਨੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਐਲਪੀਜੀ ਗੈਸ ਜਾਂ ਪੈਟਰੋਲਿਅਮ ਉਤਪਾਦਾਂ ਦੀ ਸਪਲਾਈ ਨੂੰ ਲੈ ਕੇ ਸੋਸ਼ਲ ਮੀਡੀਆ ਜਾਂ ਹੋਰ ਸਰੋਤਾਂ ਤੋਂ ਫੈਲ ਰਹੀ ਅਫਵਾਹਾਂ ’ਤੇ ਧਿਟਾਨ ਨਾ ਦੇਣ। ਉਨ੍ਹਾਂ ਨੇ ਕਿਹਾ ਕਿ ਨਾਗਰਿਕ ਗੈਰ-ਜਰੂਰੀ ਘਬਰਾਹਟ ਅਤੇ ਸਟੋਰੇਜ ਤੋਂ ਬੱਚਣ, ਕਿਉਂਕਿ ਇਸ ਤੋਂ ਬਾਜਾਰ ਵਿੱਚ ਬਨਾਵਟੀ ਕਮੀ ਪੈਦਾ ਹੋ ਸਕਦੀ ਹੈ।

# ਸਵੱਛਤਾ ਸਰਕਾਰ ਦੀ ਜਿਮੇਵਾਰੀ ਦੇ ਨਾਲ-ਨਾਲ ਸਮਾਜ ਦੇ ਹਰ ਨਾਗਰਿਕ ਦਾ ਵੀ ਹੈ ਨੈਤਿਕ ਜਿਮੇਵਾਰੀ : ਗੌਰਵ ਗੌਤਮ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਵੱਛਤਾ ਮੁਹਿੰਮ ਨੂੰ ਜਨ ਅੰਦੋਲਨ ਬਨਾਉਣ ਦੀ ਦਿਸ਼ਾ ਵਿੱਚ ਇੱਕ ਮਹਤੱਵਪੂਰਣ ਪਹਿਲ ਕਰਦੇ ਹੋਏ ਸੂਬੇ ਦੇ ਖੇਡ ਰਾਜ ਮੰਤਰੀ ਸ੍ਰੀ ਗੌਰਵ ਗੌਤਮ ਨੇ ਅੱਜ ਪਲਵਲ ਸਥਿਤ ਅਨਾਜ ਮੰਡੀ ਵਿੱਚ ਆਯੋਜਿਤ ਸਵੱਛਤਾ ਮੁਹਿੰਮ ਤਹਿਤ ਕੂੜਾਦਾਨ ਵੰਡ ਪ੍ਰੋਗਰਾਮ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਮੌਕੇ ’ਤੇ ਲਗਭਗ 250 ਕੂੜਦਾਨ ਵੰਡੇ ਗਏ। ਪ੍ਰੋਗਰਾਮ ਦਾ ਉਦੇਸ਼ ਬਾਜਾਰ ਖੇਤਰ ਨੂੰ ਸਾਫ, ਵਿਵਸਥਿਤ ਅਤੇ ਵਾਤਾਵਰਣ ਅਨੁਕੂਲ ਬਨਾਉਣਾ ਹੈ।



ਖੇਡ ਰਾਜ ਮੰਤਰੀ ਸ੍ਰੀ ਗੌਰਵ ਗੌਤਮ ਨੇ ਅਨਾਜ ਮੰਡੀ ਦੇ ਦੁਕਾਨਦਾਰਾਂ ਅਤੇ ਆੜਤੀਆਂ ਨੂੰ ਕੂੜਦਾਨ ਵੰਡ ਕਰਦੇ ਹੋਏ ਉਨ੍ਹਾਂ ਨੂੰ ਸਵੱਛਤਾ ਪ੍ਰਤੀ ਜਾਗਰੁਕਤ ਰਹਿਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਕਿਹਾ ਕਿ ਸਵੱਛਤਾ ਸਰਕਾਰ ਦੀ ਜਿਮੇਵਾਰੀ ਦੇ ਨਾਲ-ਨਾਲ ਸਮਾਜ ਦੇ ਹਰ ਨਾਗਰਿਕ ਦੀ ਵੀ ਨੈਤਿਕ ਜਿਮੇਵਾਰੀ ਹੈ। ਜੇਕਰ ਸਾਰੇ ਲੋਕ ਮਿਲ ਕੇ ਆਪਣੇ ਨੇੜੇ ਸਫਾਈ ਬਣਾਏ ਰੱਖਣ ਦਾ ਸੰਕਲਪ ਲੈਣ, ਤਾਂ ਸ਼ਹਿਰਾਂ ਅਤੇ ਬਾਜਾਰਾਂ ਨੂੰ ਸਾਫ ਅਤੇ ਸੁੰਦਰ ਬਣਾਇਆ ਜਾ ਸਕਦਾ ਹੈ।

ਉਨ੍ਹਾਂ ਨੇ ਕਿਹਾ ਕਿ ਅਨਾਜ ਮੰਡੀ ਅਤੇ ਸਬਜੀ ਮੰਡੀ ਕਿਸੇ ਵੀ ਸ਼ਹਿਰ ਦੀ ਆਰਥਕ ਗਤੀਵਿਧੀਆਂ ਦਾ ਮਹਤੱਵਪੂਰਣ ਕੇਂਦਰ ਹੁੰਦੀ ਹੈ। ਇੱਥੇ ਰੋਜਾਨਾ ਹਜਾਰਾਂ ਲੋਕ ਖਰੀਦਾਰੀ ਲਈ ਆਉਂਦੇ ਹਨ, ਇਸ ਲਈ ਇੰਨ੍ਹਾਂ ਥਾਵਾਂ ’ਤੇ ਸਵੱਛਤਾ ਬਣਾਏ ਰੱਖਣਾ ਬੇਹੱਦ ਜਰੂਰੀ ਹੈ। ਉਨ੍ਹਾਂ ਨੇ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਕੂੜਾ ਇੱਧਰ-ਉੱਧਰ ਸੁੱਟਣ ਦੀ ਥਾਂ ਕੂੜੇਦਾਨ ਵਿੱਚ ਪਾਉਣ ਅਤੇ ਆਪਣੇ ਗ੍ਰਾਹਕਾਂ ਨੂੰ ਵੀ ਸਵੱਛਤਾ ਪ੍ਰਤੀ ਪ੍ਰੇਰਿਤ ਕਰਨ।

ਖੇਡ ਰਾਜ ਮੰਤਰੀ ਨੇ ਕਿਹਾ ਕਿ ਕੇਂਦਰ ਅਤੇ ਹਰਿਆਣਾ ਸਰਕਾਰ ਸੂਬੇ ਵਿੱਚ ਸਵੱਛਤਾ ਨੂੰ ਪ੍ਰੋਤਸਾਹਨ ਦੇਣ ਲਈ ਲਗਾਤਾਰ ਯਤਨ ਕਰ ਰਹੀ ਹੈ। ਨਗਰ ਨਿਗਮਾਂ ਰਾਹੀਂ ਬਾਜਾਰਾਂ, ਪਬਲਿਕ ਥਾਵਾਂ ਅਤੇ ਰਿਹਾਇਸ਼ੀ ਖੇਰਤਾਂ ਵਿੱਚ ਸਫਾਈ ਵਿਵਸਥਾ ਨੂੰ ਮਜਬੂਤ ਕੀਤਾ ਜਾ ਰਿਹਾ ਹੈ। ਸਵੱਛਤਾ ਮੁਹਿੰਮ ਦੇ ਤਹਿਤ ਲੋਕਾਂ ਨੂੰ ਜਾਗਰੁਕ ਕਰਨ ਲਈ ਸਮੇਂ-ਸਮੇਂ ’ਤੇ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ। ਸਵੱਛ ਵਾਤਾਵਰਣ ਨਾ ਸਿਰਫ ਸਿਹਤ ਲਈ ਲਾਭਦਾਇਕ ਹੁੰਦਾ ਹੈ, ਸਗੋ ਇਸ ਤੋਂ ਸ਼ਹਿਰੀ ਦੀ ਛਵੀ ਵੀ ਬਿਹਤਰ ਬਣਦੀ ਹੈ। ਸਵੱਛ ਅਤੇ ਵਿਵਸਥਿਤ ਬਾਜਾਰਾਂ ਵਿੱਚ ਲੋਕਾਂ ਦਾ ਭਰੋਸਾ ਵੱਧਦਾ ਹੈ ਅਤੇ ਵਪਾਰ ਨੂੰ ਵੀ ਪ੍ਰੋਤਸਾਹਨ ਮਿਲਦਾ ਹੈ।

ਉਨ੍ਹਾਂ ਨੇ ਕਿਹਾ ਕਿ ਜੇਕਰ ਮੰਡੀ ਦੇ ਸਾਰੇ ਵਪਾਰੀ ਅਤੇ ਕਰਮਚਾਰੀ ਮਿਲ ਕੇ ਸਫਾਈ ਦਾ ਧਿਆਨ ਰੱਖਣ, ਤਾਂ ਇਹ ਥਾਂ ਪੂਰੇ ਜਿਲ੍ਹਾ ਲਈ ਇੱਕ ਆਦਰਸ਼ ਉਦਾਹਰਣ ਬਣ ਸਕਦਾ ਹੈ।

ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰ, ਬਾਜਾਰ ਅਤੇ ਪਬਲਿਕ ਥਾਂਵਾਂ ਨੂੰ ਸਾਫ ਰੱਖਣ ਵਿੱਚ ਸਰਗਰਮ ਭੂਮਿਕਾ ਨਿਭਾਉਣ, ਤਾਂ ਜੋ ਪਲਵਲ ਨੂੰ ਸਾਫ ਅਤੇ ਸੁੰਦਰ ਸ਼ਹਿਰ ਬਣਾਇਆ ਜਾ ਸਕੇ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪ੍ਰਗਟ ਕੀਤੀ ਸੋਗ ਸੰਵੇਦਨਾਵਾਂ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀਰਵਾਰ ਨੂੰ ਕੈਥਲ ਪਹੁੰਚ ਕੇ ਸੋਗ ਸੰਵੇਦਨਾਵਾਂ ਪ੍ਰਗਟ ਕੀਤੀਆਂ। ਸੱਭ ਤੋਂ ਪਹਿਲਾਂ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਹੈਫੇਡ ਦੇ ਸਾਬਕਾ ਚੇਅਰਮੈਨ ਕੈਲਾਸ਼ ਭਗਤ ਦੇ ਪਿਤਾ ਸੁਰਗਵਾਸੀ ਅਮਰਨਾਥ ਭਗਤ ਦੇ ਦੇਹਾਂਤ ’ਤੇ ਸੋਗ ਪ੍ਰਗਟ ਕਰਨ ਉਨ੍ਹਾਂ ਦੇ ਨਿਵਾਸ ’ਤੇ ਪਹੁੰਚੇ। ਜਿੱਥੇ ਉਨ੍ਹਾਂ ਨੇ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਆਪਣੀ ਸੰਵੇਦਨਾਵਾਂ ਪ੍ਰਗਟ ਕੀਤੀਆਂ। ਇਹ ਜਿਕਰਯੋਗ ਹੈ ਕਿ ਅਮਰਨਾਥ ਭਗਤ ਸੀਨੀਅਰ ਭਾਜਪਾ ਨੇਤਾ ਸਨ ਜਿਨ੍ਹਾਂ ਦਾ ਅੱਠ ਮਾਰਚ ਨੂੰ ਦੇਹਾਂਤ ਹੋ ਗਿਆ ਸੀ।

ਇਸ ਦੇ ਬਾਅਦ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਸਾਬਕਾ ਮੰਤਰੀ ਕਮਲੇਸ਼ ਢਾਂਡਾ ਦੇ ਆਵਾਸ ’ਤੇ ਪਹੁੰਚੇ। ਜਿੱਥੇ ਉਨ੍ਹਾਂ ਦੇ ਪਿਤਾ ਸੁਰਗਵਾਸੀ ਜਗਤ ਸਿੰਘ ਮਲਿਕ ਦੇ ਨਿਧਨ ’ਤੇ ਸੋਗ ਜਤਾਇਆ।

ਇਸ ਦੇ ਬਾਅਦ ਮੁੱਖ ਮੰਤਰੀ ਸ੍ਰੀ ਨਾਹਿਬ ਸਿੰਘ ਸੈਣੀ ਕੁਰੂਕਸ਼ੇਤਰ ਵਿਕਾਸ ਬੋਰਡ ਦੇ ਮੈਂਬਰ ਸੰਜੈ ਚੌਧਰੀ ਦੇ ਘਰ ਪਹੁੰਚੇ। ਜਿੱਥੇ ਉਨ੍ਹਾਂ ਦੀ ਮਾਤਾ ਸੁਰਗਵਾਸੀ ਸ਼ਕੁੰਤਲਾ ਦੇਵੀ ਦੇ ਨਿਧਨ ’ਤੇ ਸੋਗ ਜਤਾਇਆ ਅਤੇ ਸੰਵੇਦਨਾਵਾਂ ਪ੍ਰਗਟ ਕੀਤੀਆਂ। ਇਸ ਮੌਕੇ ’ਤੇ ਉਨ੍ਹਾਂ ਦੇ ਨਾਲ ਹਰਿਆਣਾ ਦੇ ਪੰਚਾਇਤ ਅਤੇ ਵਿਕਾਸ ਮੰਤਰੀ ਸ੍ਰੀ ਕ੍ਰਿਸ਼ਣ ਲਾਲ ਪੰਵਾਰ ਸਮੇਤ ਹੋਰ ਮਾਣਯੋਗ ਵਿਅਕਤੀ ਮੌਜੂਦ ਰਹੇ।

# ਸੂਬੇ ਵਿੱਚ 100 ਸਿਹਤ ਸੰਸਾਨ ਬਣੇ ਫਰਸਟ ਰੇਫਰਲ ਯੂਨਿਟ: ਆਰਤੀ ਸਿੰਘ ਰਾਓ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਰਾਜ ਸਰਕਾਰ ਨੇ ਨੇਸ਼ਨਲ ਹੈਲਥ ਮਿਸ਼ਨ ਤਹਿਤ ਸੂਬੇ ਵਿੱਚ ਦੂਜੀ ਸਿਹਤ ਸੇਵਾਵਾਂ ਨੂੰ ਮਜਬੂਤ ਕਰਨ ਦੇ ਉਦੇਸ਼ ਨਾਲ 100 ਸਿਹਤ ਸੰਸਥਾਨਾਂ ਨੂੰ ਫਰਸਟ ਰੇਫਰਲ ਯੂਨਿਟ ਵੱਜੋਂ ਨਾਮਜਦ ਕੀਤਾ ਹੈ। ਇਸ ਪਹਿਲ ਦਾ ਉਦੇਸ਼ ਵਿਸ਼ੇਸ਼ ਰੂਪ ਨਾਲ ਗ੍ਰਾਮੀਣ ਅਤੇ ਦੂਰਦਰਾਜ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਸਮੇ ਸਿਰ ਬੇਹਤਰ ਮੈਡੀਕਲ ਸਹੂਲਤਾਂ ਉਪਲਬਧ ਕਰਾਉਣਾ ਹੈ ਤਾਂ ਜੋ ਗੰਭੀਰ ਮਾਮਲਿਆਂ ਵਿੱਚ ਮਰੀਜਾਂ ਨੂੰ ਤੁਰੰਤ ਇਲਾਜ ਮਿਲ ਸਕੇ।

ਉਨ੍ਹਾਂ ਨੇ ਦੱਸਿਆ ਕਿ ਇਨ੍ਹਾਂ ਐਫਆਰਯੂ ਨੂੰ 24 ਘੰਟੇ ਅਮਰਜੰਸੀ ਸੇਵਾਵਾਂ ਪ੍ਰਦਾਨ ਕਰਨ ਲਈ ਵਿਕਸਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਕੇਂਦਰਾਂ ’ਤੇ ਪ੍ਰਸੂਤੀ ਸੇਵਾਵਾਂ, ਨਵਜਾਤ ਬੱਚੇ ਦੀ ਦੇਖਭਾਲ ਅਤੇ ਖੂਨ ਭੰਡਾਰਨ ਜਿਹੀ ਮਹਤੱਵਪੂਰਨ ਸਹੂਲਤਾਂ ਉਪਲਬਧ ਕਰਾਈ ਜਾਣਗੀਆਂ, ਇਸ ਨਾਲ ਮਾਵਾਂ ਅਤੇ ਨਵਜਾਤ ਬੱਚਿਆਂ ਨਾਲ ਜੁੜੀ ਅਮਰਜੰਸੀ ਹਾਲਾਤਾਂ ਵਿੱਚ ਤੁਰੰਤ ਅਤੇ ਪ੍ਰਭਾਵੀ ਮੈਡੀਕਲ ਮਦਦ ਮਿਲ ਸਕੇਗੀ।

ਸਿਹਤ ਮੰਤਰੀ ਨੇ ਕਿਹਾ ਕਿ ਇਹ ਫਰਸਟ ਰੇਫਰਲ ਯੂਨਿਟ ਪ੍ਰਾਥਮਿਕ ਸਿਹਤ ਕੇਂਦਰਾਂ ਅਤੇ ਤੀਜੀ ਹਸਤਪਤਾਲਾਂ ਵਿੱਚਕਾਰ ਇੱਕ ਮਹਤੱਵਪੂਰਨ ਕੜੀ ਦਾ ਕੰਮ ਕਰੇਗੀ। ਸਰਕਾਰ ਵੱਲੋਂ ਇਨ੍ਹਾਂ ਕੇਂਦਰਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ, ਮਾਹਿਰ ਮੈਡੀਕਲ ਸਟਾਫ ਦੀ ਤੈਨਾਤੀ ਕਰਨ ਅਤੇ ਰੇਫਰਲ ਵਿਵਸਥਾ ਨੂੰ ਤੇਜ ਅਤੇ ਪ੍ਰਭਾਵੀ ਬਨਾਉਣ ’ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਇਸ ਪਹਿਲ ਰਾਹੀਂ ਰਾਜ ਸਰਕਾਰ ਦਾ ਟੀਚਾ ਹਰਿਆਣਾ ਵਿੱਚ ਮਾਵਾਂ ਅਤੇ ਨਵਜਾਤਾਂ ਦੀ ਮਰਨ ਦਰ ਵਿੱਚ ਵਰਣਯੋਗ ਘਾਟ ਲਿਆਉਣੀ ਹੈ। ਇਨ੍ਹਾਂ ਐਫਆਰਯੂ ਦੇ ਮਜਬੂਤ ਹੋਣ ਨਾਲ ਗਰਭਵਤੀ ਮਹਿਲਾਵਾਂ ਅਤੇ ਨਵਜਾਤ ਬੱਚਿਆਂ ਨੂੰ ਸਮੇ ਸਿਰ ਗੁਣਵੱਤਾਪੂਰਨ ਇਲਾਜ ਉਪਲਬਧ ਹੋਵੇਗਾ ਜਿਸ ਨਾਲ ਪੂਰੇ ਰਾਜ ਵਿੱਚ ਸਿਹਤ ਸੇਵਾਵਾਂ ਦੀ ਪਹੁੰਚ ਅਤੇ ਗੁਣਵੱਤਾ ਵਿੱਚ ਸੁਧਾਰ ਹੋਵੇਗਾ।

ਸੂਬੇ ਵਿੱਚ ਜਿਨ੍ਹਾਂ 100 ਸਿਹਤ ਸੰਸਥਾਨਾਂ ਨੂੰ ਫਰਸਟ ਰੇਫਰਲ ਯੂਨਿਟ ਵੱਜੋਂ ਨਾਮਜਦ ਕੀਤਾ ਹੈ ਉਨ੍ਹਾਂ ਵਿੱਚ ਅੰਬਾਲਾ ਜ਼ਿਲ੍ਹੇ ਦੇ 5 ਸੰਸਥਾਨ ਹਨ। ਇਨ੍ਹਾਂ ਦੇ ਇਲਾਵਾ, ਭਿਵਾਨੀ ਦੇ 4, ਚਰਖੀ ਦਾਦਰੀ ਦੇ 2, ਫਰੀਦਾਬਾਦ ਦੇ 5, ਫਤੇਹਾਬਾਦ ਦੇ ਵੀ 5, ਮਹਿੰਦਰਗੜ੍ਹ ਦੇ 4, ਨੂੰਹ ਦੇ 5, ਪਲਵਲ ਦੇ 4, ਪੰਜਕੂਲਾ ਦੇ 4, ਪਾਣੀਪਤ ਦੇ 4, ਰੇਵਾੜੀ ਦੇ 4, ਰੋਹਤਕ ਦੇ 4, ਸਿਰਸਾ ਦੇ 5, ਸੋਨੀਪਤ ਦੇ 5 ਅਤੇ ਯਮੁਨਾਨਗਰ ਜ਼ਿਲ੍ਹੇ ਦੇ 4 ਸਰਕਾਰੀ ਸਿਹਤ ਸੰਸਥਾਨਾਂ ਨੂੰ ਐਫਆਰਯੂ ਦੇ ਤੌਰ ’ਤੇ ਨਾਮਜਦ ਕੀਤਾ ਗਿਆ ਹੈ। ਬੁਨਿਆਣੀ ਢਾਂਚੇ ਨੂੰ ਮਜਬੂਤ ਕਰਨ, ਮਾਹਿਰ ਮੈਡੀਕਲ ਸਟਾਫ ਦੀ ਤੈਨਾਤੀ ਕਰਨ ਅਤੇ ਰੇਫਰਲ ਵਿਵਸਥਾ ਨੂੰ ਤੇਜ ਅਤੇ ਪ੍ਰਭਾਵੀ ਬਨਾਉਣ ’ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

# ਨਾਬਾਰਡ ਵੱਲੋਂ ਗ੍ਰਾਮੀਣ ਭਾਰਤ ਮਹੋਤਸਵ - ਪ੍ਰਦਰਸ਼ਨੀ ਅਤੇ ਵਿਕਰੀ ਦਾ ਆਯੋਜਨ ਸ਼ੁਰੂ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਬਾਰਡ (ਰਾਸ਼ਟਰੀ ਖੇਤੀਬਾੜੀ ਅਤੇ ਗ੍ਰਾਮੀਣ ਵਿਕਾਸ ਬੈਂਕ) ਦੇ ਹਰਿਆਣਾ ਖੇਤਰੀ ਦਫਤਰ ਵੱਲੋਂ ਗ੍ਰਾਮੀਣ ਭਾਰਤ ਮਹੋਤਸਵ - ਪ੍ਰਦਰਸ਼ਨੀ ਅਤੇ ਵਿਕਰੀ ਦਾ ਆਯੋਜਨ 13 ਤੋਂ 22 ਮਾਰਚ, 2026 ਤੱਕ ਚੰਡੀਗੜ੍ਹ ਦੇ ਸੈਕਟਰ-34 ਸਥਿਤ ਏਗਜ਼ੀਬਿਸ਼ਨ ਗਰਾਉਂਡ ਵਿੱਚ ਕੀਤਾ ਜਾਵੇਗਾ।

10 ਦਿਨ ਦੀ ਪ੍ਰਦਰਸ਼ਨੀ ਅਤੇ ਵਿਕਰੀ ਮਹੋਤਸਵ ਵਿੱਚ ਭਾਰਤ ਦੀ ਖੁਸ਼ਹਾਲ ਗ੍ਰਾਮੀਣ ਵਿਰਾਸਤ, ਰਿਵਾਇਤੀ ਸ਼ਿਲਪ ਅਤੇ ਹੈਂਡਲੂਮਸ ਉਤਪਾਦਾਂ ਨੂੰ ਪ੍ਰੋਤਸਾਹਿਤ ਕਰਨ ਦੇ ਉਦੇਸ਼ ਨਾਲ ਆਯੋਜਿਤ ਕੀਤਾ ਜਾ ਰਿਹਾ ਹੈ। ਪ੍ਰਦਰਸ਼ਨੀ ਸਵੇਰੇ 10:00 ਵਜੇ ਤੋਂ ਰਾਤ 8:00 ਵਜੇ ਤੱਕ ਲਗਾਈ ਜਾਵੇਗੀ।

ਇਸ ਮਹੋਤਸਵ ਵਿੱਚ ਦੇਸ਼ ਦੇ 20 ਸੂਬਿਆਂ ਤੋਂ ਆਏ ਕਾਰੀਗਰਾਂ, ਬੁਨਕਰਾਂ, ਸਵੈ ਸਹਾਇਤਾ ਸਮੂਹ ਦੀ ਮਹਿਲਾਵਾਂ ਅਤੇ ਕਿਸਾਨਾਂ ਵੱਲੋਂ ਲਗਭਗ 40 ਸਟਾ ਲ ਲਗਾਏ ਜਾਣਗੇ। ਇੰਨ੍ਹਾਂ ਸਟਾਲਾਂ ’ਤੇ ਉਤਪਾਦ ਵਿਕਰੀ ਦੇ ਲਈ ਵੀ ਉਪਲਬਧ ਰਹਿਣਗੇ।

ਇਸ ਪ੍ਰਦਰਸ਼ਨੀ ਵਿੱਚ ਨਾਗਰਿਕਾਂ ਨੂੰ ਵੱਖ-ਵੱਖ ਤਰ੍ਹਾ ਦੇ ਗ੍ਰਾਮੀਣ ਉਤਪਾਦ ਦੇਖਣ ਅਤੇ ਖਰੀਦਣ ਦਾ ਮੌਕਾ ਮਿਲੇਗਾ।

ਇੰਨ੍ਹਾਂ ਵਿੱਚ ਮਧੂਬਨੀ ਅਤੇ ਗੋਂਡ ਪੇਂਟਿੰਗਸ, ਡੋਕਰਾ ਕਲਾ, ਬਾਸ ਅਤੇ ਬੇਂਤ ਦੇ ਉਤਪਾਦ, ਫੁੱਲਕਾਰੀ, ਪਸ਼ਮੀਨਾ, ਹੋਮ ਫਨਿਸ਼ਿੰਗ ਅਤੇ ਸਿਲਕ ਕਪੜੇ ਵਰਗੇ ਰਿਵਾਇਤੀ ਸ਼ਿਲਪ ਵਿਸ਼ੇਸ਼ ਖਿੱਚ ਦਾ ਕੇਂਦਰ ਰਹਿਣਗੇ।

ਇਸ ਤੋਂ ਇਲਾਵਾ ਜੈਵਿਕ ਮਸਾਲੇ, ਅਚਾਰ ਅਤੇ ਡਰਾਈ ਫਰੂਟਸ ਵਰਗੇ ਉਤਪਾਦ ਵੀ ਉਪਲਬਧ ਹੋਣਗੇ। ਵੱਖ-ਵੱਖ ਸੂਬਿਆਂ ਦੇ ਪਕਵਾਨਾਂ ਦੀ ਸਟਾਲ ਵੀ ਲਗਾਈ ਜਾਵੇਗੀ।

ਨਾਬਾਰਡ ਦੇ ਬੁਲਾਰੇ ਨੇ ਦਸਿਆ ਕਿ ਇਸ ਮਹੋਤਸਵ ਵਿੱਚ ਵੱਡੀ ਗਿਣਤੀ ਵਿੱਚ ਨਾਗਰਿਕ ਪਹੁੰਚ ਕੇ ਗ੍ਰਾਮੀਣ ਕਾਰੀਗਰਾਂ, ਬੁਨਕਰਾਂ ਅਤੇ ਮਹਿਲਾ ਉਦਮੀਆਂ ਨੂੰ ਨਾ ਸਿਰਫ ਪ੍ਰੋਤਸਾਹਿਤ ਕਰਨ ਸਗੋ ਹੱਥ ਨਾਲ ਬਣੇ ਉਤਪਾਦਾਂ ਨੂੰ ਖਰੀਦ ਕੇ ਗ੍ਰਾਮੀਣ ਅਰਥਵਿਵਸਥਾ ਨੂੰ ਮਜਬੂਤ ਕਰਨ ਵਿੱਚ ਆਪਣਾ ਯੋਗਦਾਨ ਦੇਣ।

# ਐਚਸੀਐਸ ਅਧਿਕਾਰਿਆਂ ਦੀ ਏਪੀਆਰ ਹੁਣ ਆਨਲਾਇਨ ਦਰਜ ਹੋਵੇਗੀ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਸਾਰੇ ਵਿਭਾਗਾਂ ਨੂੰ ਹਰਿਆਣਾ ਸਿਵਲ ਸੇਵਾ ( ਕਾਰਜਕਾਰੀ ਬ੍ਰਾਂਚ) ਦੇ ਅਧਿਕਾਰਿਆਂ ਦੀ ਸਾਲ 2025-26 ਦੀ ਸਾਲਾਨਾਂ ਪ੍ਰਦਰਸ਼ਨ ਮੁਲਾਂਕਨ ਰਿਪੋਰਟ ( ਪੀਏਆਰ) ਰਾਜ ਦੇ ਇੰਟ੍ਰਾਨੇਟ ਪੋਰਟਲ ਰਾਹੀਂ ਆਨਲਾਇਨ ਦਰਜ ਕਰਨ ਦੇ ਨਿਰਦੇਸ਼ ਦਿੱਤੇ ਹਨ।

ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਵੱਲੋਂ ਇਸ ਸਬੰਧ ਵਿੱਚ ਜਾਰੀ ਇੱਕ ਪੱਤਰ ਅਨੁਸਾਰ ਐਚਸੀਐਸ ਅਧਿਕਾਰਿਆਂ ਦੀ ਪੀਏਆਰ ਵੇਬਸਾਇਟ http://intrahry.gov.in 0ਤੇ ਆਨਲਾਇਨ ਦਰਜ ਕੀਤੀ ਜਾਵੇਗੀ ਅਤੇ ਇਸ ਨੂੰ 31 ਦਸੰਬਰ, 2026 ਤੱਕ ਅੰਤਮ ਰੂਪ ਦੇਣਾ ਜਰੂਰੀ ਹੋਵੇਗਾ।

# ਹੈਲਥ ਸੁਸਾਇਟੀ ਵੱਲੋਂ ਖੂਨਦਾਨ ਕੈਂਪ ਦਾ ਆਯੋਜਨ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਿੰਸੀਪਲ ਪ੍ਰੋ. ਡਾ. ਬੀਨੂ ਡੋਗਰਾ ਦੀ ਯੋਗ ਅਗਵਾਈ ਵਿੱਚ, ਪੋਸਟ ਗ੍ਰੈਜੂਏਟ ਗਵਰਨਮੈਂਟ ਕਾਲਜ ਫਾਰ ਗਰਲਜ਼, ਸੈਕਟਰ-42, ਚੰਡੀਗੜ੍ਹ ਦੇ ਹੈਲਥ ਸੋਸਾਇਟੀ, ਅਰਥਸ਼ਾਸਤਰ ਵਿਭਾਗ, ਅਤੇ ਸਰੀਰਕ ਸਿੱਖਿਆ ਵਿਭਾਗ ਨੇ ਸਰਕਾਰੀ ਮਲਟੀ-ਸਪੈਸ਼ਲਿਟੀ ਹਸਪਤਾਲ, ਸੈਕਟਰ-16, ਚੰਡੀਗੜ੍ਹ ਅਤੇ ਸ਼ਿਵ ਕੰਵਰ ਮਹਾਸੰਘ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਕਾਲਜ ਪਰਿਸਰ ਵਿੱਚ ਇੱਕ ਖੂਨਦਾਨ ਕੈਂਪ ਦਾ ਆਯੋਜਨ ਕੀਤਾ।

ਭਾਜਪਾ ਚੰਡੀਗੜ੍ਹ ਮਹਿਲਾ ਮੋਰਚਾ ਦੀ ਪ੍ਰਧਾਨ ਸੁਸ਼੍ਰੀ ਹੀਰਾ ਨੇਗੀ ਨੇ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡੀਨ ਸੁਸ਼੍ਰੀ ਅੰਜੂ ਤ੍ਰਿਖਾ ਅਤੇ ਹੈਲਥ ਸੋਸਾਇਟੀ ਕਨਵੀਨਰ ਸ਼੍ਰੀਮਤੀ ਪ੍ਰੀਤਕਮਲ ਦੀ ਮੌਜੂਦਗੀ ਵਿੱਚ ਪ੍ਰਿੰਸੀਪਲ ਨੇ ਫੁੱਲਾਂ ਨਾਲ ਉਨ੍ਹਾਂ ਦਾ ਸੁਆਗਤ ਕੀਤਾ।

ਮੁੱਖ ਮਹਿਮਾਨ ਨੇ ਕੈਂਪ ਦੇ ਆਯੋਜਨ ਲਈ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀ ਵਲੰਟੀਅਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਖੂਨਦਾਨ ਲਈ ਅੱਗੇ ਆਉਣ ਲਈ ਉਤਸ਼ਾਹਿਤ ਕੀਤਾ, ਇਸ ਨੇਕ ਕਾਰਜ ਨਾਲ ਜੁੜੇ ਸੰਭਾਵੀ ਸਿਹਤ ਅਤੇ ਭਾਵਨਾਤਮਕ ਲਾਭਾਂ ਦੇ ਨਾਲ-ਨਾਲ ਜਾਨਾਂ ਬਚਾਉਣ ਵਿੱਚ ਇਸ ਦੇ ਮਹੱਤਵ ਨੂੰ ਉਜਾਗਰ ਕੀਤਾ।ਕੈਂਪ ਨੂੰ ਸਫ਼ਲਤਾਪੂਰਵਕ ਚਲਾਉਣ ਲਈ ਡਾ. ਸਿਮਰ ਦੀ ਅਗਵਾਈ ਵਿੱਚ ਇੱਕ ਸਮਰਪਿਤ ਮੈਡੀਕਲ ਟੀਮ, ਸਰਕਾਰੀ ਮਲਟੀ-ਸਪੈਸ਼ਲਿਟੀ ਹਸਪਤਾਲ, ਸੈਕਟਰ-16, ਚੰਡੀਗੜ੍ਹ ਦੇ ਡਾਕਟਰਾਂ ਅਤੇ ਨਰਸਾਂ ਦੇ ਨਾਲ, ਮੌਜੂਦ ਸੀ।

# ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਦੀ ਇੱਕ ਪਹਿਲ ਬਾਲ ਵਿਵਾਹ ਮੁਕਤ ਭਾਰਤ ਤੇ 100-ਦਿਨਾਂ ਦੀ ਤੀਬਰ ਥੀਮੈਟਿਕ ਮੁਹਿੰਮ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜ ਭਲਾਈ, ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਦੇ ਤਹਿਤ, ਕੇਂਦਰ ਸ਼ਾਸਿਤ ਪ੍ਰਦੇਸ਼ ਬਾਲ ਸੁਰੱਖਿਆ ਸੋਸਾਇਟੀ (ਯੂਟੀਸੀਪੀਐੱਸ), ਚੰਡੀਗੜ੍ਹ ਨੇ ਭਾਰਤ ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਦੀ ਇੱਕ ਪਹਿਲ ਬਾਲ ਵਿਵਾਹ ਮੁਕਤ ਭਾਰਤ ਤੇ 100-ਦਿਨਾਂ ਦੀ ਤੀਬਰ ਥੀਮੈਟਿਕ ਮੁਹਿੰਮ ਦੇ ਹਿੱਸੇ ਵਜੋਂ ਸ਼ਹਿਰ ਭਰ ਵਿੱਚ ਵਿਆਪਕ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਗਤੀਵਿਧੀਆਂ ਕੀਤੀਆਂ।

ਬਾਲ ਵਿਵਾਹ ਮੁਕਤ ਚੰਡੀਗੜ੍ਹ ਥੀਮ ਵਾਲੀ ਇਸ ਮੁਹਿੰਮ ਦਾ ਉਦੇਸ਼ ਜਨਤਾ ਨੂੰ ਬਾਲ ਵਿਵਾਹ ਦੇ ਨੁਕਸਾਨਦੇਹ ਸਮਾਜਿਕ, ਵਿੱਦਿਅਕ, ਸਿਹਤ ਅਤੇ ਕਾਨੂੰਨੀ ਨਤੀਜਿਆਂ, ਵਿਵਾਹ ਦੀ ਕਾਨੂੰਨੀ ਉਮਰ (ਲੜਕੀਆਂ ਲਈ 18 ਸਾਲ ਅਤੇ ਲੜਕਿਆਂ ਲਈ 21 ਸਾਲ) ਅਤੇ ਬਾਲ ਵਿਵਾਹ ਰੋਕੂ ਐਕਟ ਦੇ ਤਹਿਤ ਪ੍ਰਾਵਧਾਨਾਂ ਬਾਰੇ ਜਾਗਰੂਕ ਕਰਨਾ ਸੀ, ਜਿਸ ਵਿੱਚ ਦੋ ਸਾਲ ਤੱਕ ਦੀ ਕੈਦ ਅਤੇ ?1 ਲੱਖ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਨਾਗਰਿਕਾਂ ਨੂੰ ਚਾਇਲਡ ਹੈਲਪਲਾਇਨ 1098 (ਦਿਨ ਅਤੇ ਰਾਤ) ਅਤੇ ਪੁਲਿਸ ਹੈਲਪਲਾਇਨ 112 ਰਾਹੀਂ ਮਾਮਲਿਆਂ ਦੀ ਰਿਪੋਰਟ ਕਰਨ ਲਈ ਵੀ ਉਤਸ਼ਾਹਿਤ ਕੀਤਾ ਗਿਆ।

ਮੁਹਿੰਮ ਦੇ ਦੌਰਾਨ ਚੰਡੀਗੜ੍ਹ ਭਰ ਵਿੱਚ ਕੁੱਲ 130 ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਗਤੀਵਿਧੀਆਂ ਕੀਤੀਆਂ ਗਈਆਂ ਜਿਸ ਵਿੱਚ ਸਮੁਦਾਇ ਅਤੇ ਵਿਭਿੰਨ ਵਿਭਾਗਾਂ ਦੇ 45,113 ਵਿਅਕਤੀਆਂ ਨੇ ਹਿੱਸਾ ਲਿਆ। ਇਨ੍ਹਾਂ ਗਤੀਵਿਧੀਆਂ ਵਿੱਚ ਹੱਲੋਮਾਜਰਾ, ਰਾਮਦਰਬਾਰ, ਬੁੜੈਲ ਅਤੇ ਮੌਲੀ ਜੱਗਰਾਂ ਜਿਹੇ ਸਥਾਨਾਂ ’ਤੇ ਨੁੱਕੜ ਨਾਟਕ; ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਆਂਗਣਵਾੜੀ ਕੇਂਦਰਾਂ ਅਤੇ ਬਾਲ ਸੰਭਾਲ਼ ਸੰਸਥਾਵਾਂ ਵਿੱਚ ਜਾਗਰੂਕਤਾ ਪ੍ਰੋਗਰਾਮ; ਸਹੁੰ ਚੁੱਕਣ ਸਮਾਰੋਹ, ਪੋਸਟਰ ਅਤੇ ਸਲੋਗਨ ਮੁਕਾਬਲੇ, ਭਾਸ਼ਣ, ਕਹਾਣੀ ਸੁਣਾਉਣ ਦੇ ਸੈਸ਼ਨ ਅਤੇ ਦਸਤਾਵੇਜ਼ੀ ਸਕ੍ਰੀਨਿੰਗ; ਅਤੇ ਮੰਦਿਰਾਂ, ਮਸਜਿਦਾਂ, ਮਦਰੱਸਿਆਂ, ਬਜ਼ਾਰਾਂ, ਹਸਪਤਾਲਾਂ ਅਤੇ ਟ੍ਰਾਂਸਪੋਰਟ ਹੱਬਾਂ ਵਿੱਚ ਮੀਟਿੰਗਾਂ ਅਤੇ ਜਾਗਰੂਕਤਾ ਪ੍ਰੋਗਰਾਮਾਂ ਦੇ ਜ਼ਰੀਏ ਸਮੁਦਾਇਕ ਪਹੁੰਚ ਸ਼ਾਮਲ ਸੀ। ਸਮੁਦਾਇਕ ਸੰਵੇਦਨਸ਼ੀਲਤਾ ਲਈ ਜਨਤਕ ਸਥਾਨਾਂ ਅਤੇ ਧਾਰਮਿਕ ਸੰਸਥਾਵਾਂ ਵਿੱਚ ਪੈਂਫਲੇਟ, ਬੈਨਰ ਅਤੇ ਜਨਤਕ ਅਪੀਲ ਪੋਸਟਰ ਜਿਹੀਆਂ ਆਈਈਸੀ (953) ਸਮੱਗਰੀਆਂ ਵਿਆਪਕ ਤੌਰ ’ਤੇ ਵੰਡੀਆਂ ਗਈਆਂ ਅਤੇ ਪ੍ਰਦਰਸ਼ਿਤ ਕੀਤੀਆਂ ਗਈਆਂ। ਅਧਿਕਾਰਿਤ ਪਲੈਟਫਾਰਮਾਂ ’ਤੇ ਰੇਡੀਓ ਜਿੰਗਲਜ਼ ਅਤੇ ਡਿਜੀਟਲ ਸੰਦੇਸ਼ਾਂ ਦੇ ਜ਼ਰੀਏ ਜਾਗਰੂਕਤਾ ਨੂੰ ਹੋਰ ਮਜ਼ਬੂਤ ??ਕੀਤਾ ਗਿਆ, ਜਦਕਿ ਧਾਰਮਿਕ ਸੰਸਥਾਵਾਂ, ਮੈਰਿਜ ਹਾਲਾਂ, ਬੈਂਡ ਪਾਰਟੀਆਂ, ਕੇਟਰਰ, ਡੀਜੇ, ਦਰਜੀਆਂ, ਫੋਟੋਗ੍ਰਾਫ਼ਰਾਂ, ਸਜਾਵਟ ਕਰਨ ਵਾਲਿਆਂ ਅਤੇ ਟੈਂਟ ਹਾਊਸ ਮਾਲਕਾਂ ਤੋਂ ਬਾਲ ਵਿਵਾਹ ਦਾ ਸਮਰਥਨ ਜਾਂ ਸੁਵਿਧਾ ਨਾ ਦੇਣ ਦੀ ਆਪਣੀ ਪ੍ਰਤੀਬੱਧਤਾ ਦੀ ਪੁਸ਼ਟੀ ਕਰਦੇ ਹੋਏ ਲਿਖਤੀ ਭਰੋਸਾ ਲਿਆ ਗਿਆ।

ਇਹ ਮੁਹਿੰਮ ਚੰਡੀਗੜ੍ਹ ਬਾਲ ਅਤੇ ਮਹਿਲਾ ਵਿਕਾਸ ਨਿਗਮ ਲਿਮਿਟਿਡ (ਸੀਸੀਡਬਲਿਊਡੀਸੀ/33➟43), ਆਂਗਣਵਾੜੀ ਸੇਵਾਵਾਂ, ਸਿੱਖਿਆ ਵਿਭਾਗ, ਜ਼ਿਲ੍ਹਾ ਬਾਲ ਸੁਰੱਖਿਆ ਇਕਾਈਆਂ (ਡੀਸੀਪੀਯੂ/43♦”), ਬਾਲ ਹੈਲਪਲਾਇਨ-1098, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ (ਡੀਐੱਲਐੱਸਏ), ਬਾਲ ਸਾਰਥੀ ਕਲੱਬਾਂ, ਬਾਲ ਦੇਖਭਾਲ਼ ਸੰਸਥਾਵਾਂ (ਸੀਸੀਆਈ/339) ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਵਿਭਿੰਨ ਵਿਭਾਗਾਂ/ਬੋਰਡਾਂ/ਇਕਾਈਆਂ ਦੇ ਸਹਿਯੋਗ ਨਾਲ ਲਾਗੂ ਕੀਤੀ ਗਈ ਸੀ, ਜਿਸ ਵਿੱਚ ਬਾਲ ਵਿਵਾਹ ਦੀ ਰੋਕਥਾਮ ’ਤੇ ਯੂਟੀ-ਵਿਆਪੀ ਸਹੁੰ-ਚੁੱਕਣ ਦੀਆਂ ਗਤੀਵਿਧੀਆਂ ਵਿੱਚ ਵਿਆਪਕ ਭਾਗੀਦਾਰੀ ਰਹੀ।

# ਹਰਿਆਣਾ ਦੇ ਸ਼ਰਧਾਲੂਆਂ ਨੂੰ ਟ੍ਰੇਨ ਰਾਹੀਂ ਕਰਵਾਏ ਜਾਣਗੇ ਤੀਰਥ ਸਥਲਾਂ ਦੇ ਮੁਫ਼ਤ ਦਰਸ਼ਨ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸੂਬੇ ਦੇ ਯੋਗ ਬਜੁਰਗ ਸ਼ਰਧਾਲੂਆਂ ਨੂੰ ਹੁਣ ਟ੍ਰੇਨ ਰਾਹੀਂ ਵੱਖ ਵੱਖ ਤੀਰਥ ਸਥਲਾਂ ਦੇ ਦਰਸ਼ਨ ਕਰਾਵੇਗੀ।

ਇਸ ਦੇ ਲਈ ਹਰਿਆਣਾ ਸਰਕਾਰ ਅਤੇ ਆਈ.ਆਰ.ਸੀ.ਟੀ.ਸੀ. ਵਿੱਚਕਾਰ ਸਮਝੌਤਾ ਮੈਮੋ ’ਤੇ ਹਸਤਾਖਰ ਕੀਤੇ ਗਏ ਹਨ। ਸਰਕਾਰ ਵੱਲੋਂ ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਕੇ. ਮਕਰੰਦ ਪਾਂਡੁਰੰਗ ਅਤੇ ਆਈਆਰਸੀਟੀਸੀ ਵੱਲੋਂ ਸਰਕਲ ਰਿਜਨਲ ਮੈਨੇਜਰ ਸ੍ਰੀ ਹਰਜੋਤ ਸਿੰਘ ਸੰਧੂ ਨੇ ਐਮਓਯੂ ’ਤੇ ਹਸਤਾਖਰ ਕੀਤੇ।

ਡਾਇਰੈਕਟਰ ਜਨਰਲ ਸ੍ਰੀ ਕੇ. ਮਕਰੰਦ ਪਾਂਡੁਰੰਗ ਨੇ ਦੱਸਿਆ ਕਿ ਹਰਿਆਣਾ ਸਰਕਾਰ ਵੱਲੋਂ ਸੂਬੇ ਦੇ ਯੋਗ ਬਜੁਰਗ ਸ਼ਰਧਾਲੂਆਂ ਨੂੰ ਵੱਖ ਵੱਖ ਤੀਰਥ ਸਥਲਾਂ ਦੀ ਮੁਫਤ ਯਾਤਰਾ ਕਰਵਾਉਣ ਲਈ ਹਰਿਆਣਾ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਸ਼ੁਰੂ ਕੀਤੀ ਹੈ।

ਇਸ ਦੇ ਤਹਿਤ ਹੁਣ ਤੱਕ ਵੱਖ ਵੱਖ ਜ਼ਿਲ੍ਹਿਆਂ ਤੋਂ ਹਰਿਆਣਾ ਟ੍ਰਾਂਸਪੋਰਟ ਵਿਭਾਗ ਦੀ ਵੋਲਵੋ ਬੱਸਾਂ ਰਾਹੀਂ ਹਜ਼ਾਰਾਂ ਯੋਗ ਬਜੁਰਗਾਂ ਨੂੰ ਅਯੋਧਿਆ ਸਮੇਤ ਵੱਖ ਵੱਖ ਤੀਰਥ ਸਥਲਾਂ ਦੇ ਮੁਫਤ ਦਰਸ਼ਨ ਕਰਵਾਏ ਜਾ ਚੁੱਕੇ ਹਨ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਆਦੇਸ਼ ’ਤੇ ਸ਼ਰਧਾਲੂਆਂ ਲਈ ਟ੍ਰੇਨ ਰਾਹੀਂ ਵੀ ਤੀਰਥ ਸਥਲਾਂ ਦੇ ਦਰਸ਼ਨ ਕਰਵਾਉਣ ਦੀ ਯੋਜਨਾ ਬਣਾਈ ਗਈ ਹੈ।

ਇਸ ਦੇ ਤਹਿਤ ਹਰਿਆਣਾ ਸਰਕਾਰ ਅਤੇ ਆਈਆਰਸੀਟੀਸੀ ਵਿੱਚਕਾਰ ਸਮਝੌਤਾ ਮੈਮੋ ਸਾਇਨ ਕੀਤਾ ਗਿਆ ਹੈ। ਇਸ ਮੌਕੇ ’ਤੇ ਰੇਲਵੇ ਤੋਂ ਸ੍ਰੀ ਹਰਸ਼ ਦੀਪ ਅਤੇ ਸ੍ਰੀ ਨਿਤਿਨ ਸ਼ਰਮਾ ਅਤੇ ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਦੇ ਵਧੀਕ ਨਿਦੇਸ਼ਕ ਸ੍ਰੀ ਰਣਬੀਰ ਸਿੰਘ ਸਾਂਗਵਾਨ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

ਸੂਚਨਾ, ਜਨਸੰਪਰਕ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਕੇ. ਮਕਰੰਦ ਪਾਂਡੁਰੰਗ ਨੇ ਦੱਸਿਆ ਕਿ ਆਈਆਰਸੀਟੀਸੀ ਨਾਲ ਹੋਏ ਸਮਝੌਤੇ ਤਹਿਤ ਹਰਿਆਣਾ ਤੋਂ ਅਯੋਧਿਆ, ਵਾਰਾਣਸੀ, ਪਟਨਾ ਸਾਹਿਬ, ਨਾਂਦੇੜ ਸਾਹਿਬ, ਪੁਸ਼ਕਰ ਜੀ, ਵੈਸ਼ਣੋ ਦੇਵੀ ਅਤੇ ਸ਼ਿਰਡੀ ਅਤੇ ਸ਼ਨੀ ਸ਼ਿੰਗਣਾਪੁਰ ਤੀਰਥ ਸਥਲਾਂ ਦੀ ਯਾਤਰਾ ਕਰਵਾਉਣ ਬਾਰੇ ਸਮਝੌਤਾ ਹੋਇਆ ਹੈ। ਲੋੜ ਅਨੁਸਾਰ ਹੋਰ ਤੀਰਥ ਸਥਲ ਵੀ ਜੋੜੇ ਜਾ ਸਕਦੇ ਹਨ।

ਉਨ੍ਹਾਂ ਨੇ ਦੱਸਿਆ ਕਿ ਇੱਕ ਟ੍ਰੇਨ ਵਿੱਚ 11 ਕੋਚ ਹੋਣਗੇ। ਇਨ੍ਹਾਂ ਵਿੱਚੋਂ 10 ਕੋਚ ਸ਼ਰਧਾਲੂਆਂ ਲਈ ਅਤੇ ਇੱਕ ਕੋਚ ਸਰਵਿੰਗ ਸਟਾਫ ਲਈ ਰਵੇਗ

ਯਾਤਰਾ ਦੌਰਾਨ ਸ਼ਰਧਾਲੂਆਂ ਲਈ ਖਾਣ-ਪੀਣ ਦੀ ਵਿਵਸਥਾ, ਨਜਦੀਕੀ ਰੇਵਲੇ ਸਟੇਸ਼ਨ ਤੋਂ ਸ਼ਰਧਾਲੂਆਂ ਨੂੰ ਤੀਰਥ ਸਥਲ ਤੱਕ ਪਹੁੰਚਾਉਣ ਲਈ ਬੱਸਾਂ ਦਾ ਪ੍ਰਬੰਧ ਅਤੇ ਠਹਿਰਣ ਦੀ ਵਿਵਸਥਾ ਵੀ ਹਰਿਆਣਾ ਸਰਕਾਰ ਵੱਲੋਂ ਮੁਫਤ ਕੀਤੀ ਜਾਵੇਗੀ।

ਹਰਿਆਣਾ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ 60 ਸਾਲ ਤੋਂ ਵੱਧ ਉਮਰ ਦੇ ਹਰਿਆਣਾ ਦੇ ਸੀਨੀਅਰ ਨਾਗਰਿਕਾਂ, ਜਿਨ੍ਹਾਂ ਦੀ ਆਮਦਣ 1.80 ਲੱਖ ਰੁਪਏ ਤੋਂ ਘੱਟ ਹੈ, ਨੂੰ ਮੁਫਤ ਪਵਿੱਤਰ ਸਥਲਾਂ ਦੀ ਯਾਤਰਾ ਕਰਵਾਈ ਜਾਂਦੀ ਹੈ। ਯੋਜਨਾ ਦਾ ਲਾਭ ਚੁੱਕਣ ਲਈ ਯੋਗ ਵਿਅਕਤੀ ਤੀਰਥ ਯਾਤਰਾ ਲਈ ਅਧਿਕਾਰਿਕ ਪੋਰਟਲ ’ਤੇ ਰਜਿਸਟ੍ਰੇਸ਼ਨ ਕਰਦੇ ਹਨ।

# ਹਰਿਆਣਾ ਦੇ ਕਰਮਚਾਰਿਆਂ ਅਤੇ ਪੈਨਸ਼ਨਰਾਂ ਨੂੰ ਪੰਜਾਬ ਦੇ ਚਾਰ ਵੱਡੇ ਹਸਪਤਾਲਾਂ ਵਿੱਚ ਮਿਲੇਗਾ ਇਲਾਜ : ਸਿਹਤ ਮੰਤਰੀ

**ਚੰਡੀਗੜ੍ਹ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਦੇ ਕਰਮਚਾਰਿਆਂ, ਪੇਨਸ਼ਨਰਾਂ ਅਤੇ ਉਨ੍ਹਾਂ ਦੇ ਪਰਿਵਾਰਜਨਾਂ ਲਈ ਸਿਹਤ ਸਹੂਲਤਾਂ ਨੂੰ ਹੋਰ ਬੇਹਤਰ ਬਨਾਉਣ ਦੀ ਦਿਸ਼ਾ ਵਿੱਚ ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਇੱਕ ਮਹਤੱਵਪੂਰਨ ਕਦਮ ਚੁੱਕਿਆ ਹੈ। ਉਨ੍ਹਾਂ ਦੇ ਯਤਨਾਂ ਨਾਲ ਹੁਣ ਹਰਿਆਣਾ ਸਰਕਾਰ ਦੇ ਕਰਮਚਾਰਿਆਂ, ਪੇਨਸ਼ਨਰਾਂ ਅਤੇ ਉਨ੍ਹਾਂ ਦੇ ਪਰਿਵਾਰਜਨਾਂ ਨੂੰ ਪੰਜਾਬ ਦੇ ਚਾਰ ਪ੍ਰਮੁੱਖ ਹਸਪਤਾਲਾਂ ਵਿੱਚ ਉਪਚਾਰ ਦੀ ਸਹੂਲਤ ਮਿਲ ਸਕੇਗੀ। ਸਿਹਤ ਮੰਤਰੀ ਨੇ ਦੱਸਿਆ ਕਿ ਹਰਿਆਣਾ ਸਰਕਾਰ ਨੇ ਪੰਜਾਬ ਦੇ ਚਾਰ ਪ੍ਰਮੁੱਖ ਹਸਪਤਾਲਾਂ ਨੂੰ ਇਲਾਜ ਲਈ ਲਿਸਟਿਡ ਕੀਤਾ ਹੈ।



ਇਨ੍ਹਾਂ ਵਿੱਚ ਹੋਮੀ ਭਾਭਾ ਕੈਂਸਰ ਹਸਪਤਾਲ ਐਂਡ ਰਿਸਰਚ ਸੇਂਟਰ, ਮੁੱਲਾਪੁਰ, ਪੰਜਾਬ ( ਇਹ ਟਾਟਾ ਮੇਮੋਰਿਅਲ ਸੇਂਟਰ ਮੁੰਬਈ ਦੀ ਯੂਨਿਟ ਹੈ ), ਹੋਮੀ ਭਾਭਾ ਕੈਂਸਰ ਹਸਪਤਾਲ, ਸੰਗਰੂਰ, ਪੰਜਾਬ ( ਇਹ ਵੀ ਟਾਟਾ ਮੇਮੋਰਿਅਲ ਸੇਂਟਰ ਮੁੰਬਈ ਦੀ ਯੂਨਿਟ ਹੈ ), ਰੀਜਨਲ ਸਪਾਇਨਲ ਇੰਜਰੀਜ ਸੇਂਟਰ, ਸੈਕਟਰ-70 ਮੋਹਾਲੀ ਅਤੇ ਪੰਜਾਬ ਇੰਸਟੀਟਯੂਟ ਆਫ਼ ਲਿਵਰ ਐਂਡ ਬਿਲਿਅਰੀ ਸਾਇੰਸ, ਫੇਜ-3 ਬੀ 1, ਸੈਕਟਰ-60 ਮੋਹਾਲੀ ਸ਼ਾਮਲ ਹਨ। ਇਨ੍ਹਾਂ ਹਸਪਤਾਲਾਂ ਵਿੱਚ ਕੈਂਸਰ, ਰੀਢ ਦੀ ਚੋਟ ਅਤੇ ਲਿਵਰ ਨਾਲ ਸਬੰਧਿਤ ਗੰਭੀਰ ਬੀਮਾਰਿਆਂ ਦਾ ਉੱਨਤ ਇਲਾਜ ਉਪਲਬਧ ਹੈ।

ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਇਹ ਫੈਸਲਾ ਰਾਜ ਦੇ ਕਰਮਚਾਰਿਆਂ ਅਤੇ ਪੇਨਸ਼ਨਰਾਂ ਨੂੰ ਬੇਹਤਰ ਅਤੇ ਵਿਸ਼ੇਸ਼ ਇਲਾਜ ਮੁਹੱਈਆ ਕਰਾਉਣ ਦੇ ਉਦੇਸ਼ ਨਾਲ ਲਿਆ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਕਈ ਵਾਰ ਗੰਭੀਰ ਬੀਮਾਰਿਆਂ ਦੇ ਇਲਾਜ ਲਈ ਵਿਸ਼ੇਸ਼ ਹਸਪਤਾਲਾਂ ਦੀ ਲੋੜ ਹੁੰਦੀ ਹੈ ਅਤੇ ਇਨ੍ਹਾਂ ਹਸਪਤਾਲਾਂ ਨੂੰ ਲਿਸਟਿਡ ਕੀਤੇ ਜਾਣ ਨਾਲ ਮਰੀਜਾਂ ਨੂੰ ਸਮੇ ਸਿਰ ਹੋਰ ਬੇਹਤਰ ਇਲਾਜ ਮਿਲ ਸਕੇਗਾ।

ਸਿਹਤ ਵਿਭਾਗ ਦੇ ਬੁਲਾਰੇ ਨੇ ਅੱਗੇ ਜਾਣਕਾਰੀ ਦਿੱਤੀ ਕਿ ਸਰਕਾਰ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਕਿਸੇ ਵੀ ਅਰਮਜੰਸੀ , ਆਪਦਾ, ਮਹਾਮਾਰੀ ਜਾਂ ਸਰਕਾਰੀ ਹਸਪਤਾਲਾਂ ਵਿੱਚ ਮਰੀਜਾਂ ਦੀ ਵੱਧ ਗਿਣਤੀ ਹੋਣ ਦੀ ਸਥਿਤੀ ਵਿੱਚ ਇਹ ਲਿਸਟਿਡ ਹਸਪਤਾਲ ਏਂਬੁਲੇਂਸ, ਆਈਸੀਯੂ/ ਸੀਸੀਯੂ, ਬਰਨ ਯੂਨਿਟ, ਵਾਰਡ, ਬੈਡ ਅਤੇ ਮੋਰਚਰੀ ਜਿਹੀ ਸਹੂਲਤਾਂ ਵੀ ਲੋੜ ਅਨੁਸਾਰ ਮੁਹੱਈਆ ਕਰਾਉਣਗੇ।

ਇਹ ਨਿਰਦੇਸ਼ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਪ੍ਰਭਾਵੀ ਹੋ ਗਏ ਹਨ। ਵਿਸਥਾਰ ਜਾਣਕਾਰੀ ਹਰਿਆਣਾ ਦੇ ਸਿਹਤ ਵਿਭਾਗ ਦੀ ਅਧਿਕਾਰਿਕ ਵੇਬਸਾਇਟ ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਹਰਿਆਣਾ ਸਰਕਾਰ ਸੂਬੇ ਦੇ ਕਰਮਚਾਰਿਆਂ, ਪੇਨਸ਼ਨਰਾਂ ਅਤੇ ਆਮ ਜਨਤਾ ਨੂੰ ਬੇਹਤਰ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ ਅਤੇ ਭਵਿੱਖ ਵਿੱਚ ਵੀ ਅਜਿਹੇ ਕਦਮ ਚੁੱਕੇ ਜਾਂਦੇ ਰਹਿਣਗੇ।

# ਇਨਲਿਸਟਮੈਂਟ/ਆਊਟਸੋਰਸ ਮੁਲਾਜਮਾਂ ਵੱਲੋਂ ਬਜਟ ਦੀਆਂ ਕਾਪੀਆਂ ਸਾੜ ਕੇ ਕੀਤਾ ਰੋਸ਼ ਪ੍ਰਦਰਸ਼ਨ

## ਠੇਕਾ ਮੁਲਾਜਮਾਂ ਨੂੰ ਰੈਗੂਲਰ ਕਰਨ ਦੀ ਮੰਗ ਲਈ ਵਿੱਤ ਮੰਤਰੀ ਦੇ ਹਲਕੇ ਦਿੜ੍ਹਬਾ 'ਚ ਝੰਡਾ ਮਾਰਚ ਪ੍ਰਦਰਸ਼ਨ ਕਰਨ ਦਾ ਐਲਾਨ : ਬਲਕਾਰ ਕਕਰਾਲਾ



**ਸਮਾਣਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮੂਹ ਵਿਭਾਗ ਦੇ ਇਨਲਿਸਟਮੈਂਟ/ਆਊਟਸੋਰਸ ਮੁਲਾਜਮਾਂ ਦੇ ਪੱਕੇ ਰੁਜਗਾਰ ਦੀ ਪੂਰਤੀ ਲਈ ਪੰਜਾਬ ਸਰਕਾਰ ਦੇ ਸਾਲ 2026-27 ਦੇ ਬਜਟ ਵਿਚ ਅਣਦੇਖੀ ਕਰਨ ਦੇ ਰੋਸ਼ ਵਜੋਂ ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਦੇ ਫੈਸਲੇ ਤਹਿਤ ਅੱਜ ਤਹਿਸੀਲ ਕੰਪਲੈਕਸ ਸਮਾਣਾ ਵਿਖੇ ਬਜਟ ਦੀਆਂ ਕਾਪੀਆਂ ਸਾੜ ਕੇ ਰੋਸ਼ ਪ੍ਰਦਰਸ਼ਨ ਕੀਤਾ ਗਿਆ।

ਅੱਜ ਇਥੇ ਇਸ ਸਬੰਧੀ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਬਲਾਕ ਸਮਾਣਾ ਦੇ ਪ੍ਰਧਾਨ ਬਲਕਾਰ ਸਿੰਘ ਕਕਰਾਲਾ ਆਗੂ ਜਿਲ੍ਹਾ ਪ੍ਰਧਾਨ ਜੀਤ ਸਿੰਘ ਬਠੋਈ, ਸਤਪਾਲ ਸਿੰਘ ਬੀਬੀਪੁਰ ਬ੍ਰਾਂਚ ਪ੍ਰਧਾਨ, ਅਤੇ ਪ੍ਰਭਜੀਤ ਕੌਰ, ਕਮਲਜੀਤ ਕੌਰ, ਆਗੂਆਂ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੇ ਦੌਰਾਨ ਆਮ ਆਦਮੀ ਪਾਰਟੀ ਦੀ ਅਗੁਵਾਈ ਵਾਲੀ ਪੰਜਾਬ ਸਰਕਾਰ ਦੇ ਲੀਡਰਾਂ ਵੱਲੋਂ ਇਹ ਵਾਅਦਾ ਕੀਤਾ ਗਿਆ ਸੀ ਕਿ ਆਪ ਸਰਕਾਰ ਬਣਨ ਉਪਰੰਤ ਹਰ ਤਰ੍ਹਾਂ ਦੇ ਠੇਕਾ ਮੁਲਾਜਮਾਂ ਨੂੰ ਰੈਗੂਲਰ ਕੀਤਾ ਜਾਵੇਗਾ, ਪਰ ਹੁਣ ਇਸ ਸਰਕਾਰ ਵੱਲੋਂ 4 ਸਾਲ ਬੀਤ ਜਾਣ ਦੇ ਬਾਅਦ ਵੀ ਇਸ ਮੰਗ ਦਾ ਹੱਲ ਨਹੀਂ ਕੀਤਾ ਗਿਆ ਹੈ। 5 ਮਾਰਚ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਨਾਂ ਵਿਧਾਇਕਾਂ ਰਾਹੀਂ ਮੰਗ-ਪੱਤਰ ਭੇਜ ਕੇ ਮੰਗ ਕੀਤੀ ਗਈ ਕਿ ਇਸ ਵਿਧਾਨ ਸਭਾ ਇਜਲਾਸ ਵਿੱਚ ਠੇਕਾ ਮੁਲਾਜਮਾਂ ਨੂੰ ਰੈਗੂਲਰ ਕਰਨ ਦੇ ਵਾਅਦੇ ਨੂੰ ਪੂਰਾ ਕੀਤਾ ਜਾਵੇ। ਘੱਟੋ ਘੱਟ ਉਜਰਤ ਦੇ ਕਾਨੂੰਨ 1948 ਅਨੁਸਾਰ ਪੰਦਰਵੀਂ ਲੇਬਰ ਕਾਨਫਰੰਸ ਦੀਆਂ ਸਿਫਾਰਸ਼ਾਂ ਨੂੰ ਸ਼ਾਮਲ ਕਰਕੇ ਤਨਖਾਹ ਨਿਸ਼ਚਿਤ ਕੀਤੀ ਜਾਵੇ ਅਤੇ ਹੋਰ ਮੰਗਾਂ ਜਿਨ੍ਹਾਂ ਦਾ ਹੱਲ ਕਰਨ ਲਈ ਵਾਅਦਾ ਕੀਤਾ ਸੀ, ਉਹ ਮੰਗਾਂ ਇਸ ਵਿਧਾਨ ਸਭਾ ਇਜਲਾਸ ਵਿੱਚ ਪ੍ਰਵਾਨ ਕੀਤੀਆਂ ਜਾਣ ਲੇਕਿਨ ਤ੍ਰਾਂਸਦੀ ਇਹ ਹੈ ਕਿ ਮੰਗ-ਪੱਤਰ ਭੇਜਣ ਸਮੇਂ ਜਿਨ੍ਹਾਂ ਵਿਧਾਇਕਾਂ ਨੇ ਇਨ੍ਹਾਂ ਮੰਗਾਂ ਨੂੰ ਵਿਧਾਨ ਸਭਾ ਵਿੱਚ ਰੱਖਣ ਅਤੇ ਪ੍ਰਵਾਨ ਕਰਨ ਦਾ ਭਰੋਸਾ ਦਿੱਤਾ ਸੀ। ਉਨ੍ਹਾਂ ਵਿਧਾਇਕਾਂ ਵਲੋਂ ਸਾਡੀਆਂ ਮੰਗਾਂ ਦਾ ਹੱਲ ਕਰਨ ਦੀ ਗੱਲ ਦੀ ਲੋੜ ਨਹੀਂ ਸਮਝੀ। ਭਾਵੇ ਕਿ ਇਕ ਹੱਲਕਾ ਵਿਧਾਇਕ ਰਾਜਪੁਰਾ ਵਲੋਂ ਇਨ੍ਹਾਂ ਮੰਗਾਂ ਦੇ ਹੱਲ ਦੀ ਗੱਲ ਕੀਤੀ ਗਈ, ਪਰ ਉਸ ਵਲੋਂ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੀ ਮੰਗ ਪੇਸ਼ ਕਰਨ ਤੋਂ ਪਹਿਲਾਂ ਹੀ ਨਾ ਮਨਜ਼ੂਰ ਕੀਤੀ ਗਈ। ਵਿਰੋਧੀ ਧਿਰਾਂ ਦੀ ਚੁੱਪ ਨੇ ਵੀ ਇਸ ਅਸਲੀਅਤ ਨੂੰ ਜੱਗ ਜ਼ਾਹਰ ਕੀਤਾ ਹੈ ਕਿ ਕਹਿਣ ਨੂੰ ਭਾਵੇਂ ਇਹ ਸਭ ਵੱਖਰੇ ਵੱਖਰੇ ਹਨ ਪਰ ਅਸਲ ਵਿੱਚ ਇਹ ਸਭ ਕਾਰਪੋਰੇਟ ਘਰਾਣਿਆਂ ਦੇ ਸੇਵਕ ਹਨ। ਜੋ ਤਨਖਾਹ ਵਾਧੇ ਦੀ ਮੰਗ ਵਿਧਾਇਕਾ ਵਲੋਂ ਰੱਖੀ ਵੀ ਗਈ ਉਸ ਨੂੰ ਵੀ ਸਪੀਕਰ ਵਲੋਂ ਸਬ ਕਮੇਟੀ ਦੇ ਚੇਅਰਮੈਨ ਅਤੇ ਵਿੱਤ ਮੰਤਰੀ ਦੇ ਖਾਤੇ ਵਿੱਚ ਪਾਕੇ ਚਰਚਾ ਦੀ ਲੋੜ ਵੀ ਨਹੀਂ ਸਮਝੀ। ਜਦੋਂਕਿ ਵਿੱਤ ਮੰਤਰੀ ਦੀ ਅਗੁਵਾਈ ਵਾਲੀ ਸਬ ਕਮੇਟੀ ਪਿਛਲੇ 4 ਸਾਲਾਂ ਤੋਂ ਲਾਰੇ ਲਗਾ ਕੇ ਸਮਾਂ ਬਤੀਤ ਕਰ ਰਹੀ ਹੈ।

ਸਰਕਾਰ ਵੱਲੋਂ ਆਪਣੇ ਆਖ਼ਰੀ ਬਜਟ ਸੈਸ਼ਨ ਵਿੱਚ ਠੇਕਾ ਮੁਲਾਜ਼ਮਾਂ ਨਾਲ ਕੀਤੇ ਵਾਅਦਿਆਂ ਨੂੰ ਠੁਕਰਾ ਕੇ ਆਪਣੀ ਮੁਲਾਜ਼ਮ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਜਿਸਦੇ ਰੋਸ ਵਜੋਂ ਅੱਜ ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਦੇ ਫੈਸਲੇ ਤਹਿਤ ਬਜਟ ਦੀਆਂ ਕਾਪੀਆਂ ਸਾੜ ਕੇ ਭਵਿੱਖ ਵਿੱਚ ਤਿੱਖੇ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ। ਠੇਕਾ ਮੁਲਾਜ਼ਮਾਂ ਦੇ ਮਸਲਿਆਂ ਦੇ ਹੱਲ ਲਈ ਬਣੀ ਸਬ ਕਮੇਟੀ ਦੇ ਚੇਅਰਮੈਨ -ਵਿੱਤ ਮੰਤਰੀ ਪੰਜਾਬ ਦੇ ਹਲਕੇ ਦਿੜ੍ਹਬਾ ਵਿਚ ਮਿਤੀ 22 ਮਾਰਚ 2026 ਤੋਂ 5 ਅਪ੍ਰੈਲ 2026 ਤੱਕ ਵੱਡੇ ਇਕੱਠ ਕਰਕੇ ਪਿੰਡਾਂ ਵਿੱਚ ਝੰਡਾ ਮਾਰਚ ਕੀਤੇ ਜਾਣਗੇ।

ਉਨ੍ਹਾਂ ਮੰਗ ਕੀਤੀ ਕਿ ਸਮੂਹ ਵਿਭਾਗ 'ਚ ਕੰਮ ਕਰਦੇ ਇਨਲਿਸਟਮੈਂਟ/ਆਊਟਸੋਰਸ ਮੁਲਾਜਮਾਂ ਨੂੰ ਤਜਰਬੇ ਦੇ ਅਧਾਰ ਤੇ ਵਿਭਾਗ 'ਚ ਮਰਜ ਕਰਕੇ ਪੱਕਾ ਰੁਜਗਾਰ ਕੀਤਾ ਜਾਵੇ। ਇਨਲਿਸਟਮੈਂਟ/ਆਊਟਸੋਰਸ ਵਰਕਰ ਜੋਕਿ ਠੇਕਾ ਪ੍ਰਣਾਲੀ ਦਾ ਸੰਤਾਪ ਭੋਗਦੇ ਹੋਏ 58 ਸਾਲ ਉਮਰ ਹੋ ਗਈ ਹੈ, ਉਨ੍ਹਾਂ ਵੱਲੋਂ ਲਗਾਤਾਰ ਦਿੱਤੀਆਂ ਗਈਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਕਾਮਿਆਂ ਦੇ ਵਾਰਸਾਂ ਨੂੰ ਵੀ ਪੱਕੀ ਨੌਕਰੀ ਦਿੱਤੀ ਜਾਵੇ। ਸਮੂਹ ਵਿਭਾਗ ਦੇ ਪੰਚਾਇਤੀਕਰਨ/ਨਿੱਜੀਕਰਨ, ਸਕਾਡਾ ਪ੍ਰਣਾਲੀ ਲਗਾਉਣ ਦੀਆਂ ਨੀਤੀਆਂ ਨੂੰ ਤੁਰੰਤ ਰੱਦ ਕੀਤਾ ਜਾਵੇ।

# ਆਪ ਸਰਕਾਰ ਦੇ ਵਿਕਾਸ ਕਾਰਜਾਂ ਦੇ ਦਾਅਵੇ ਹੋਏ ਠੁੱਸ: ਚੱਠਾ



**ਪਟਿਆਲਾ, 17 ਮਾਰਚ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਪਟਿਆਲਾ ਦਿਹਾਤੀ ਦੇ ਸੀਨੀਅਰ ਆਗੂ ਜਸਪਾਲ ਸਿੰਘ ਬਿੱਟੂ ਚੱਠਾ ਵੱਲੋਂ ਲਗਾਤਾਰ ਪਿੰਡਾਂ ਦਾ ਦੌਰਾ ਕਰਕੇ ਵਰਕਰਾਂ ਅਤੇ ਆਗੂਆਂ ਨਾਲ ਮੀਟਿੰਗਾਂ ਦਾ ਸਿਲਸਿਲ੍ਹਾ ਤੇਜ਼ ਕੀਤਾ ਹੋਇਆ ਹੈ। ਜਿਸ ਤਹਿਤ ਪਿੰਡ ਘਮਰੌਦਾ ਵਿਖੇ ਅਕਾਲੀ ਵਰਕਰਾਂ ਨਾਲ ਮੀਟਿੰਗ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਪ ਸਰਕਾਰ ਦੇ ਵਿਕਾਸ ਕਾਰਜਾਂ ਦੇ ਦਾਅਵੇ ਬੁਰ੍ਹੀ ਤਰ੍ਹਾਂ ਠੁੱਸ ਹੋ ਚੁੱਕੇ ਹਨ। ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਅੰਦਰ ਵਿਕਾਸ ਕਾਰਜ ਨਾ ਹੋਣ ਕਾਰਨ ਹਾਲਤ ਤਰਸਯੋਗ ਬਣੀ ਹੋਈ ਹੈ। ਜਿਸ ਦਾ ਖਮਿਆਜ਼ਾ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਹੜੀ ਸਰਕਾਰ ਨੇ ਔਰਤਾਂ ਨੂੰ 1500 ਅਤੇ 1000 ਰੁਪਈਆ ਦੇਣ ਦੇ ਵੱਡੇ-ਵੱਡੇ ਐਲਾਨ ਵਿਧਾਨ ਸਭਾ ਵਿਚ ਕੀਤੇ ਹਨ, ਜਿਸ ਤੋਂ ਸਾਫ ਪਤਾ ਚੱਲਦਾ ਹੈ ਕਿ ਚਾਰ ਸਾਲ ਬੀਤ ਜਾਣ ਤੋਂ ਬਾਅਦ ਇਹ ਵਾਅਦਾ ਵੀ ਹਾਲੇ ਤੱਕ ਐਲਾਨ ਬਣ ਕੇ ਹੀ ਚੱਲ ਰਿਹਾ ਹੈ। ਜੇਕਰ ਸਰਕਾਰ ਦੀ ਨੀਅਤ ਸਾਫ ਹੁੰਦੀ ਤਾਂ ਸਰਕਾਰ ਕੋਲ ਸਾਰੇ ਡਾਟੇ ਹੋਣ ਦੇ ਬਾਵਜੂਦ ਵੀ ਇੱਕ ਰੁਪਈਆ ਵੀ ਕਿਸੇ ਦੇ ਖਾਤੇ ਵਿਚ ਨਹੀਂ ਪਾਇਆ। ਹਾਲੇ ਵੀ ਔਰਤਾਂ ਨੂੰ ਰਜਿਸਟਰੇਸ਼ਨਾਂ ਦੇ ਚੱਕਰ ਵਿਚ ਪਾਇਆ ਹੋਇਆ ਹੈ ਤਾਂ ਜੋ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਖਜਾਨਾ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੈ ਪਰ ਪੰਜਾਬ ਸਰਕਾਰ ਦਾਅਵਿਆਂ ਅਤੇ ਵਾਅਦਿਆਂ ਦੀ ਝੜੀਆਂ ਲਗਾ ਕੇ ਲੋਕਾਂ ਨੂੰ ਮੂਰਖ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਦਿਆਂ ਹੀ ਆਮ ਆਦਮੀ ਪਾਰਟੀ ਦੇ ਡਰਾਮੇ ਦਾ ਅੰਤ ਹੋ ਜਾਵੇਗਾ। ਕਿਉਂਕਿ ਪਿਛਲੇ 4 ਸਾਲਾਂ ਵਿਚ ਲੋਕਾਂ ਨੂੰ ਗੁੰਮਰਾਹ ਹੀ ਕੀਤਾ ਹੈ। ਇਸ ਮੌਕੇ ਸਾਬਕਾ ਚੇਅਰਮੈਨ ਗੁਰਚਰਨ ਸਿੰਘ ਘਮਰੌਦਾ, ਗੁਰਦਿਆਲ ਇੰਦਰ ਸਿੰਘ ਬਿੱਲੂ ਸਮੇਤ ਹੋਰ ਆਗੂ ਵੀ ਮੌਜੂਦ ਸਨ।

# ਸ੍ਰੀ ਦਰਬਾਰ ਸਾਹਿਬ ਦੇ ਲੰਗਰ ਘਰ 'ਚ ਗੈਸ ਦੀ ਸਪਲਾਈ ਬਰਕਰਾਰ

**ਅੰਮ੍ਰਿਤਸਰ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਭਰ ਵਿੱਚ ਐਲ.ਪੀ.ਜ਼ੀ. ਦੀ ਸੰਭਾਵੀ ਕਿੱਲਤ ਦੀਆਂ ਖ਼ਬਰਾਂ ਦੇ ਦਰਮਿਆਨ ਸ੍ਰੀ ਦਰਬਾਰ ਸਾਹਿਬ ਸਥਿਤ ਵਿਸ਼ਵ ਦੀ ਸਭ ਤੋਂ ਵੱਡੀ ਸਾਂਝੀ ਰਸੋਈ 'ਸ੍ਰੀ ਗੁਰੂ ਰਾਮਦਾਸ ਜੀ ਲੰਗਰ ਹਾਲ' ਵਿੱਚ ਖਾਣਾ ਪਕਾਉਣ ਵਾਲੀ ਗੈਸ ਦੀ ਸਪਲਾਈ ਲਗਾਤਾਰ ਜਾਰੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਅਨੁਸਾਰ ਲੰਗਰ ਘਰ ਵਿੱਚ ਐਲ.ਪੀ.ਜੀ. ਸਿਲੰਡਰਾਂ ਅਤੇ ਪਾਈਪ ਰਾਹੀਂ ਆਉਣ ਵਾਲੀ ਸੀ.ਐਨ.ਜੀ. ਦਾ ਲੋੜੀਂਦਾ ਸਟਾਕ ਮੌਜੂਦ ਹੈ।

ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਇਸ ਵੇਲੇ ਲੰਗਰ ਹਾਲ ਵਿੱਚ 115 ਸਿਲੰਡਰਾਂ ਦਾ ਸਟਾਕ ਮੌਜੂਦ ਹੈ ਅਤੇ 100 ਹੋਰ ਸਿਲੰਡਰ ਸ਼ੁੱਕਰਵਾਰ ਨੂੰ ਪਹੁੰਚ ਰਹੇ ਹਨ। ਉਨ੍ਹਾਂ ਦੱਸਿਆ ਕਿ ਤਿੰਨ ਪ੍ਰਮੁੱਖ ਤੇਲ ਕੰਪਨੀਆਂ: ਹਿੰਦੁਸਤਾਨ ਪੈਟਰੋਲੀਅਮ, ਇੰਡੇਨ ਅਤੇ ਭਾਰਤ ਗੈਸ ਦੇ ਅਧਿਕਾਰੀਆਂ ਨੇ ਮੀਟਿੰਗ ਲਈ ਸਮਾਂ ਮੰਗਿਆ ਹੈ। ਹਾਲਾਂਕਿ, ਹੁਣ ਤੱਕ



ਕੰਪਨੀਆਂ ਨੇ ਸਪਲਾਈ ਨੂੰ ਲੈ ਕੇ ਕੋਈ ਚਿੰਤਾ ਜ਼ਾਹਰ ਨਹੀਂ ਕੀਤੀ ਹੈ।

ਜ਼ਿਕਰਯੋਗ ਹੈ ਕਿ 2019 ਤੋਂ ਲੰਗਰ ਹਾਲ ਵਿੱਚ ਗੁਜਰਾਤ ਸਟੇਟ ਪੈਟਰੋਲੀਅਮ ਕਾਰਪੋਰੇਸ਼ਨ ਵੱਲੋਂ ਸਿੱਧੀ ਪਾਈਪਲਾਈਨ ਰਾਹੀਂ ਸੀ.ਐਨ.ਜੀ. ਸਪਲਾਈ ਕੀਤੀ ਜਾ ਰਹੀ ਹੈ, ਜਿਸ ਨਾਲ ਐਲ.ਪੀ.ਜੀ. 'ਤੇ ਨਿਰਭਰਤਾ ਕਾਫ਼ੀ ਘੱਟ ਗਈ ਹੈ। ਰੋਜ਼ਾਨਾ ਲਗਭਗ 1,300 ਯੂਨਿਟ ਸੀ.ਐਨ.ਜੀ. ਅਤੇ 30 ਐਲ.ਪੀ.ਜੀ. ਸਿਲੰਡਰਾਂ ਦੀ ਵਰਤੋਂ ਹੁੰਦੀ ਹੈ। ਲੰਗਰ ਹਾਲ ਵਿੱਚ ਰੋਜ਼ਾਨਾ 80,000 ਤੋਂ 90,000 ਸ਼ਰਧਾਲੂ ਪ੍ਰਸ਼ਾਦਾ ਛਕਦੇ ਹਨ, ਜਦੋਂਕਿ ਵੀਕੈਂਡ 'ਤੇ ਇਹ ਗਿਣਤੀ ਇੱਕ ਲੱਖ ਤੋਂ ਪਾਰ ਹੋ ਜਾਂਦੀ ਹੈ। ਪਾਈਪਲਾਈਨ ਸਪਲਾਈ ਹੋਣ ਕਾਰਨ ਲੰਗਰ ਸੇਵਾ ਵਿੱਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਆਉਣ ਦਾ ਕੋਈ ਖ਼ਦਸ਼ਾ ਨਹੀਂ ਹੈ।

**ਦਿੱਲੀ ਕਮੇਟੀ ਵੱਲੋਂ ਗੈਸ ਦੀ ਕਿੱਲਤ ਕਰਕੇ ਹਰਦੀਪ ਸਿੰਘ ਪੁਰੀ ਨੂੰ ਪੱਤਰ**

ਪੱਛਮੀ ਏਸ਼ੀਆ ਵਿੱਚ ਤਣਾਅ ਦੇ ਚਲਦਿਆਂ ਦੇਸ਼ ਵਿੱਚ ਆਈ ਐਲਪੀਜੀ ਦੀ ਕਿੱਲਤ ਦਾ ਅਸਰ ਹੁਣ ਧਾਰਮਿਕ ਸਥਾਨਾਂ 'ਤੇ ਵੀ ਪੈਣ ਲੱਗਿਆ ਹੈ ਕੌਮੀ ਰਾਜਧਾਨੀ ਦਿੱਲੀ ਦੇ ਇਤਿਹਾਸਿਕ ਗੁਰਦੁਆਰਿਆਂ ਦੀ ਸਾਂਭ ਸੰਭਾਲ ਕਰਦੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੇਂਦਰੀ ਗੈਰਤ ਅਤੇ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਪੱਤਰ ਲਿਖ ਕੇ ਦੱਸਿਆ ਗਿਆ ਹੈ ਕਿ ਦਿੱਲੀ ਦੇ ਮੁੱਖ ਗੁਰਦੁਆਰਿਆਂ ਵਿੱਚ ਗੈਸ ਦੀ ਕਿੱਲਤ ਹੋਣ ਕਰਕੇ ਗੁਰੂ ਘਰ ਦੇ ਲੰਗਰ ਪਕਾਉਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਿਉਂਕਿ ਗੈਸ ਏਜੰਸੀਆਂ ਨੇ ਗੈਸ ਦੀ ਸਪਲਾਈ ਕਰਨੀ ਬੰਦ ਕੀਤੀ ਹੈ ਇਸ ਕਰਕੇ ਲੰਗਰ ਪਕਾਉਣ ਵਿੱਚ ਦਿੱਕਤ ਆ ਸਕਦੀ ਹੈ।

# ਨਿਊ ਖੇੜੀ ਵਿਖੇ ਕੌਮੀ ਸੇਵਾ ਯੋਜਨਾ ਤਹਿਤ 7 ਦਿਨਾਂ ਸਫਾਈ ਅਭਿਆਨ ਚਲਾਇਆ




**ਪਟਿਆਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਗ੍ਰਾਮ ਪੰਚਾਇਤ ਨਿਊ ਖੇੜੀ ਦੀ ਪੰਚਾਇਤ ਦੇ ਯਤਨਾਂ ਸਦਕਾ ਵੂਮੈਨ ਕਾਲਜ ਪਟਿਆਲਾ ਦੀਆਂ ਵਲੰਟੀਅਰ ਵਿਦਿਆਰਥਣਾਂ ਵਲੋਂ ਕੌਮੀ ਸੇਵਾ ਯੋਜਨਾ ਕੈਂਪ ਰਾਹੀਂ ਨਿਊ ਖੇੜੀ ਵਿਖੇ ਸੱਤ ਦਿਨਾਂ ਸਫਾਈ ਅਭਿਆਨ ਚਲਾਇਆ ਗਿਆ। ਇਸ ਮੌਕੇ ਲੜਕੀਆਂ ਦੇ ਕਾਲਜ ਦੀਆਂ ਵਲੰਟੀਅਰ ਵਿਦਿਆਰਥਣਾਂ ਵਲੋਂ ਸਟਾਫ ਦੀ ਰਹਿਨੁਮਾਈ ਹੇਠ ਕਲੋਨੀਆਂ ਵਿਚ ਸਫਾਈ ਕੀਤੀ ਅਤੇ ਸਥਾਨਕ ਵਾਸੀਆਂ ਨੂੰ ਆਪਣਾ ਆਲਾ-ਦੁਆਲਾ ਸਾਫ ਰੱਖਣ ਦਾ ਸੁਨੇਹਾ ਦਿੱਤਾ।

ਨਿਊ ਬੀੜ ਖੇੜੀ ਦੇ ਸਰਪੰਚ ਬਲਵਿੰਦਰਜੀਤ ਸੰਧੂ ਵਲੋਂ ਕਾਲਜ ਪ੍ਰਿੰਸੀਪਲ, ਮੌਜੂਦ ਟਿਚਰਾਂ ਅਤੇ ਸਮੂਹ ਵਲੰਟੀਅਰ ਵਿਦਿਆਰਥਣਾਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਸਫਾਈ ਅਭਿਆਨ 'ਚ ਹਿੱਸਾ ਲੈਣ ਵਾਲੀਆਂ ਵਿਦਿਆਰਥਣਾਂ ਨੂੰ ਸਨਮਾਨਿਤ ਕਰਦਿਆਂ ਕਿਹਾ ਕਿ ਸਾਡੇ ਵਲੋਂ ਪਿੰਡ ਨੂੰ ਸਾਫ-ਸੁਥਰਾ ਰੱਖਣ ਲਈ ਹਰ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਵਲੋਂ ਪਹਿਲਾਂ ਹੀ ਪੰਜ ਹਫਤਿਆਂ ਤੋਂ ਸਫਾਈ ਮੁਹਿੰਮ ਵਿੱਢੀ ਹੋਈ ਹੈ। ਇਸ ਮਗਰੋਂ ਵਿਦਿਆਰਥਣਾਂ ਵਲੋਂ ਵੂਮੈਨ ਡੇਅ ਨੂੰ ਸਮਰਪਿਤ ਜਾਗਰੂਕ ਰੈਲੀ ਕੱਢੀ ਗਈ, ਜਿਸ ਵਿੱਚ 'ਬੇਟੀ ਬਚਾਓ ਬੇਟੀ ਪੜ੍ਹਾਓ' ਪ੍ਰਤੀ ਜਾਗਰੂਕ ਕਰਦਿਆਂ ਕਿਹਾ ਔਰਤਾਂ ਨੂੰ ਬਣਦਾ ਸਨਮਾਨ ਅਤੇ ਹਰ ਪੱਧਰ 'ਤੇ ਬਰਾਬਰਤਾ ਦਾ ਹੱਕ ਦਿੱਤਾ ਜਾਵੇ।

ਇਸ ਮੌਕੇ ਪੰਚਾਇਤ ਮੈਂਬਰ ਸ.ਬਲਜੀਤ ਸਿੰਘ, ਜਸਵੰਤ ਸਿੰਘ, ਸ਼ੀਨੂੰ ਗਰਗ, ਚਿਮਨਾ ਰਾਣੀ, ਅਕਾਸ਼ ਖੋਸਲਾ, ਵੀਰਦੇਵ ਸਿੰਘ, ਅਮਰਜੀਤ ਕੌਰ, ਕੁਲਵੰਤ ਕੌਰ ਅਤੇ ਨਵਰੀਤ ਕੌਰ ਸੰਧੂ ਆਦਿ ਹਾਜ਼ਰ ਸਨ।

# ਨਾਭਾ ਵਿੱਚ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਲਈ ਜਾਗਰੂਕਤਾ ਜਾਗੋ ਕੱਢੀ



**ਨਾਭਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਵਿੱਚ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਪੰਜਾਬ ਸਰਕਾਰ ਦੀ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਜਾਗੋ ਕੱਢੀ ਗਈ। ਇਸ ਮੌਕੇ ਵੱਡੀ ਗਿਣਤੀ ਵਿੱਚ ਮਹਿਲਾਵਾਂ ਨੇ ਭਾਗ ਲਿਆ ਅਤੇ ਯੋਜਨਾ ਦਾ ਸਵਾਗਤ ਕਰਦਿਆਂ ਖੁਸ਼ੀ ਦਾ ਪ੍ਰਗਟਾਵਾ ਕੀਤਾ।

ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਮਹਿਲਾਵਾਂ ਦੀ ਸੁਰੱਖਿਆ, ਆਤਮਨਿਰਭਰਤਾ ਅਤੇ ਸਮਾਜਿਕ ਸਤਿਕਾਰ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਯੋਗ ਮਹਿਲਾਵਾਂ ਨੂੰ ਹਰ ਮਹੀਨੇ 1000 ਰੁਪਏ ਅਤੇ ਅਨੁਸੂਚਿਤ ਜਾਤੀ ਵਰਗ ਦੀਆਂ ਮਹਿਲਾਵਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਦੀ ਆਰਥਿਕ ਸਹਾਇਤਾ ਦਿੱਤੀ ਜਾਵੇਗੀ। ਇਹ ਰਕਮ ਸਿੱਧੇ ਤੌਰ 'ਤੇ ਮਹਿਲਾਵਾਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾਵੇਗੀ।

ਉਨ੍ਹਾਂ ਕਿਹਾ ਕਿ ਇਸ ਯੋਜਨਾ ਦਾ ਮੁੱਖ ਉਦੇਸ਼ ਮਾਵਾਂ ਅਤੇ ਧੀਆਂ ਨੂੰ ਆਰਥਿਕ ਸਹਾਇਤਾ ਦੇ ਕੇ ਉਹਨਾਂ ਦੀ ਸਵੈ-ਸਮਰੱਥਾ ਅਤੇ ਸਮਾਜਿਕ ਸਤਿਕਾਰ ਨੂੰ ਮਜ਼ਬੂਤ ਕਰਨਾ ਹੈ, ਤਾਂ ਜੋ ਮਹਿਲਾਵਾਂ ਆਪਣੇ ਜੀਵਨ ਵਿੱਚ ਆਤਮ-ਵਿਸ਼ਵਾਸ ਨਾਲ ਅੱਗੇ ਵਧ ਸਕਣ।

ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਅਪ੍ਰੈਲ ਮਹੀਨੇ ਵਿਸਾਖੀ ਦੇ ਮੌਕੇ 'ਤੇ ਇਸ ਯੋਜਨਾ ਲਈ ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ ਅਤੇ ਯੋਗ ਮਹਿਲਾਵਾਂ ਨੂੰ ਤੁਰੰਤ ਇਸਦਾ ਲਾਭ ਦਿੱਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿੱਚ ਮਹਿਲਾਵਾਂ ਮੌਜੂਦ ਸਨ।

# ਦੇਵ ਮਾਨ ਨੇ ਬਲਾਕ ਸੰਮਤੀ ਨਾਭਾ ਆਮ ਆਦਮੀ ਪਾਰਟੀ ਦੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਕੀਤੇ ਨਿਯੁਕਤ

**ਨਾਭਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਹਲਕਾ ਨਾਭਾ ਵਿਖੇ ਪਿਛਲੇ ਦਿਨੀ ਬਲਾਕ ਸੰਮਤੀ ਨਾਭਾ ਦੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੀ ਚੋਣ ਮੁਲਤਵੀ ਹੋ ਗਈ ਸੀ ਅੱਜ ਅੱਜ ਦੁਬਾਰਾ ਬਲਾਕ ਸੰਮਤੀ ਨਾਭਾ ਵਿਖੇ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ



ਨਾਭਾ,ਐਸ ਡੀ ਐਮ ਨਾਭਾ ਅਤੇ ਬੀ ਡੀ ਪੀ ਓ ਨਾਭਾ ਦੀ ਮੌਜੂਦਗੀ ਵਿੱਚ ਚੋਣ ਜਿਸ ਮੌਜੂਦ ਸਾਰੇ ਮੈਂਬਰਾਂ ਵੱਲੋਂ ਅਮਨਦੀਪ ਕੌਰ ਖਹਿਰਾ ਸਪੁੱਤਨੀ ਤੇਜਿੰਦਰ ਸਿੰਘ ਖਹਿਰਾ ਨੂੰ ਬਲਾਕ ਸੰਮਤੀ ਚੇਅਰਮੈਨ ਅਤੇ ਭੁਪਿੰਦਰ ਸਿੰਘ ਕੱਲਰ ਮਾਜਰੀ ਨੂੰ ਬਲਾਕ ਸੰਮਤੀ ਨਾਭਾ ਦਾ ਵਾਈਸ ਚੇਅਰਮੈਨ ਚੁਣਿਆ ਗਿਆ ਇਸ ਵਿਧਾਇਕ ਦੇਵ ਮਾਨ ਵੱਲੋਂ ਨਵ ਨਿਯੁਕਤ ਚੇਅਰਮੈਨ ਅਤੇ ਵਾਈਸ ਚੇਅਰਮੈਨ ਦਾ ਸਨਮਾਨ ਕੀਤਾ ਗਿਆ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਦੇਵ ਮਾਨ ਨੇ ਦੱਸਿਆ ਕਿ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਆਮ ਆਦਮੀ ਪਾਰਟੀ ਦੀ ਅਮਨਦੀਪ ਕੌਰ ਖਹਿਰਾ ਨੂੰ ਬਲਾਕ ਸੰਮਤੀ ਨਾਭਾ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ ਅਤੇ ਭੁਪਿੰਦਰ ਸਿੰਘ ਕੱਲਰ ਮਾਜਰੀ ਨੂੰ ਵਾਈਸ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ ਉਨ੍ਹਾਂ ਕਿਹਾ ਬਲਾਕ ਸੰਮਤੀ ਦੇ ਅਹੁਦੇਦਾਰਾਂ ਦੀ ਚੋਣ ਹੋਣ ਨਾਲ ਪਿੰਡ ਵਿੱਚ ਰਹਿੰਦੇ ਵਿਕਾਸ ਕਾਰਜਾਂ ਨੂੰ ਹੋਰ ਤੇਜ਼ੀ ਨਾਲ ਕੀਤਾ ਜਾਵੇਗਾ ਇਸ ਮੌਕੇ ਵਿਧਾਇਕ ਵੱਲੋਂ ਸਾਰੇ ਬਲਾਕ ਸੰਮਤੀ ਮੈਂਬਰਾਂ ਦਾ ਸਨਮਾਨ ਕੀਤਾ ਗਿਆ ਨਵ ਨਿਯੁਕਤ ਚੇਅਰਪਰਸਨ ਅਮਨਦੀਪ ਕੌਰ ਖਹਿਰਾ ਅਤੇ ਵਾਈਸ ਚੇਅਰਮੈਨ ਭੁਪਿੰਦਰ ਸਿੰਘ ਕੱਲਰ ਮਾਜਰੀ ਵੱਲੋਂ ਵਿਧਾਇਕ ਦੇਵ ਮਾਨ ਅਤੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਗਿਆ ਇਸ ਮੌਕੇ ਉਨਾਂ ਦੇ ਨਾਲ ਐਡਵੋਕੇਟ ਗਿਆਨ ਸਿੰਘ ਮੂੰਗੋ ਪੰਜਾਬ ਪ੍ਰਧਾਨ,ਸੁਖਜਿੰਦਰ ਸਿੰਘ ਟੌਹੜਾ ਪ੍ਰਧਾਨ ਟਰੱਕ ਯੂਨੀਅਨ, ਗੁਰਦੀਪ ਸਿੰਘ ਦੀਪਾ ਰਾਮਗੜ੍ਹ ਸਾ ਚੇਅਰਮੈਨ, ਮਨਪ੍ਰੀਤ ਸਿੰਘ ਧਾਰੋਕੀ, ਮਨਜੀਤ ਸਿੰਘ ਸਰਪੰਚ ਫਤਿਹਪੁਰ, ਕਰਮਾ ਟੋਪਰ ਜਿਵੇਂ, ਜਸਵਿੰਦਰ ਸਿੰਘ ਅੱਚਲ ਸਰਪੰਚ,ਮੇਜਰ ਸਿੰਘ ਤੁੰਗਾਂ ਬਲਾਕ ਪ੍ਰਧਾਨ,ਸੁਖਦੇਵ ਸਿੰਘ ਮਾਨ, ਹਰਮਨ ਖਹਿਰਾ, ਗੁਰਲਾਲ ਸਿੰਘ ਮੱਲੀ ਚੇਅਰਮੈਨ ਆਦਿ ਹਾਜ਼ਰ ਸਨ।

# ਕੋਹਲੀ ਤੇ ਗੋਗੀਆ ਵੱਲੋਂ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਬਾਰੇ ਜਾਗੋ ਕੱਢ ਕੇ ਜਾਗਰੂਕਤਾ



**ਪਟਿਆਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਅਤੇ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਨੇ ਪੰਜਾਬ ਸਰਕਾਰ ਦੀ ਮਹਿਲਾਵਾਂ ਦੀ ਸੁਰੱਖਿਆ, ਆਤਮ-ਨਿਰਭਰਤਾ ਅਤੇ ਸਮਾਜਿਕ ਸਤਿਕਾਰ ਨੂੰ ਪ੍ਰੋਤਸਾਹਿਤ ਕਰਨ ਲਈ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਦਾ ਅੱਜ ਇੱਥੇ ਜਾਗੋ ਕੱਢ ਕੇ ਪ੍ਰਚਾਰ ਕੀਤਾ ਹੈ। ਇਸ ਮੌਕੇ ਪਟਿਆਲਾ ਦੇ ਖੱਦਰ ਭੰਡਾਰ ਖੱਦਰ ਭੰਡਾਰ ਪੁਰਾਣੀ ਕੋਤਵਾਲੀ ਵਿਖੇ ਕੱਢੀ ਗਈ ਜਾਗੋ ਦੌਰਾਨ ਔਰਤਾਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

ਕੋਹਲੀ ਨੇ ਦਸਿਆ ਕਿ ਇਸ ਯੋਜਨਾ ਤਹਿਤ, ਸਾਰੀਆਂ ਯੋਗ ਲਾਭਪਾਤਰੀ ਮਹਿਲਾਵਾਂ ਨੂੰ ਮਹੀਨੇ ਦੇ 1000 ਰੁਪਏ ਅਤੇ ਅਨੁਸੂਚਿਤ ਜਾਤੀ ਵਰਗ ਦੀਆਂ ਮਹਿਲਾਵਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਦਿੱਤੇ ਜਾਣਗੇ। ਇਹ ਰਕਮ ਸਿੱਧੇ ਤੌਰ 'ਤੇ ਮਹਿਲਾਵਾਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾਵੇਗੀ।ਓਹਨਾ ਕਿਹਾ ਕਿ ਸਕੀਮ ਦਾ ਮੁੱਖ ਉਦੇਸ਼ ਮਾਵਾਂ ਅਤੇ ਧੀਆਂ ਨੂੰ ਆਰਥਿਕ ਸਹਾਇਤਾ ਦੇ ਕੇ ਉਹਨਾਂ ਦੀ ਸਵੈ-ਸਮਰੱਥਾ ਅਤੇ ਸਮਾਜਿਕ ਸਤਿਕਾਰ ਨੂੰ ਮਜ਼ਬੂਤ ਕਰਨਾ ਹੈ।

ਵਿਧਾਇਕ ਕੋਹਲੀ ਅਤੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਇਹ ਯੋਜਨਾ ਪੰਜਾਬ ਦੀਆਂ ਮਹਿਲਾਵਾਂ ਲਈ ਇੱਕ ਇਤਿਹਾਸਕ ਕਦਮ ਹੈ, ਜਿਸ ਨਾਲ ਉਹਨਾਂ ਨੂੰ ਆਰਥਿਕ ਸਹਾਇਤਾ ਮਿਲੇਗੀ ਅਤੇ ਉਹ ਆਪਣੀਆਂ ਜ਼ਿੰਦਗੀਆਂ ਵਿੱਚ ਸੁਤੰਤਰਤਾ ਅਤੇ ਆਤਮ-ਵਿਸ਼ਵਾਸ ਨਾਲ ਅੱਗੇ ਵਧ ਸਕਣਗੀਆਂ।

ਓਹਨਾ ਦਸਿਆ ਕਿ ਸਰਕਾਰ ਅਪ੍ਰੈਲ ਮਹੀਨੇ ਵਿਸਾਖੀ ਮੌਕੇ ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ ਕਰੇਗੀ ਅਤੇ ਯੋਗ ਮਹਿਲਾਵਾਂ ਨੂੰ ਤੁਰੰਤ ਲਾਭ ਪ੍ਰਦਾਨ ਕੀਤਾ ਜਾਵੇਗਾ।

ਇਸ ਮੌਕੇ ਜਿਲ੍ਹਾ ਇੰਚਾਰਜ ਆਰਤੀ ਗੁਪਤਾ ਅਤੇ ਹਲਕਾ ਕੋਆਰਡੀਨੇਟਰ ਰੂਬੀ ਭਾਟੀਆ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਹਿਲਾਵਾਂ ਮੌਜੂਦ ਸਨ।

# ਪੁਨੀਤ ਵਰਮਾ ਮੁੜ ਪਟਿਆਲਾ ਯੂਨਿਟ ਦੇ ਸਰਕਲ ਸਕੱਤਰ ਬਣੇ

**ਪਟਿਆਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਲ ਇੰਡੀਆ ਪੰਜਾਬ ਨੈਸ਼ਨਲ ਬੈਂਕ ਆਫਿਸਰਜ਼ ਐਸੋਸੀਏਸ਼ਨ (AIPNBOA) ਪਟਿਆਲਾ ਯੂਨਿਟ ਦੇ 2026-2029 ਕਾਰਜਕਾਲ ਲਈ ਹੋਈਆਂ ਚੋਣਾਂ ਦੇ ਨਤੀਜੇ ਅੱਜ ਘੋਸ਼ਿਤ ਕੀਤੇ ਗਏ ਹਨ। ਚੋਣ ਪ੍ਰਕਿਰਿਆ ਲੋਕਤਾਂਤਰਿਕ ਅਤੇ ਪਾਰਦਰਸ਼ੀ ਢੰਗ ਨਾਲ ਸੰਪੰਨ ਹੋਈ ਹੈ। ਐਸੋਸੀਏਸ਼ਨ ਦੇ ਮੈਂਬਰਾਂ ਨੇ ਇਕ ਵਾਰ ਫਿਰ ਸਰਕਲ ਸਕੱਤਰ ਸ਼੍ਰੀ ਪੁਨੀਤ ਵਰਮਾ ਅਤੇ ਸਰਕਲ ਪ੍ਰਧਾਨ ਸ਼੍ਰੀ ਸਤੀਸ਼ ਅਲਾਹਾਵਤ ਦੇ ਨੇਤ੍ਰਿਤਵ 'ਤੇ ਭਰੋਸਾ ਜਤਾਇਆ ਹੈ।ਜਿਨ੍ਹਾਂ ਨੂੰ ਇਸ ਯੂਨਿਟ ਦੀ ਅਗਵਾਈ ਲਈ ਮੁੜ ਬਿਨਾਂ ਮੁਕਾਬਲੇ ਚੁਣਿਆ




ਗਿਆ ਹੈ। ਇਸੇ ਦੌਰਾਂਨ ਨਵੀਂ ਚੁਣੀ ਟੀਮ ਵਿੱਚ ਵਰਕਿੰਗ ਪ੍ਰਧਾਨ ਸ਼੍ਰੀ ਸੇਠੀ, ਵਾਈਸ ਪ੍ਰਧਾਨ ਸ਼੍ਰੀ ਸੰਜੈ ਮਿਗਲਾਨੀ, ਵਾਈਸ ਪ੍ਰਧਾਨ ਸ਼੍ਰੀ ਭੂਪੇਸ਼ ਮੰਗਲਾ, ਜੋਆਇੰਟ ਸਕੱਤਰ ਸ਼੍ਰੀ ਪੁਨੀਤ ਕੱਦ, ਜੋਆਇੰਟ ਸਕੱਤਰ ਸ਼੍ਰੀ ਗੌਰਵ ਸਿੰਗਲਾ ਖਜ਼ਾਨਚੀ ਸ਼੍ਰੀ ਕਪਿਲ ਸ਼ਰਮਾ ਅਤੇ ਸਬ-ਖਜ਼ਾਨਚੀ ਸ਼੍ਰੀ ਪਰਮਜੀਤ ਸਿੰਘ ਸਪਰਾ ਸ਼ਾਮਲ ਹਨ।ਮਿਸਜ਼ ਹਰਮੀਤ ਕੌਰ ਅਤੇ ਮਿਸਜ਼ ਗਗਨਪ੍ਰੀਤ ਕੌਰ ਨੂੰ ਮਹਿਲਾ ਸਾਥੀਆਂ ਦੀ ਨੁਮਾਇੰਦਗੀ ਕਰਦੇ ਹੋਏ ਕਾਰਜਕਾਰੀ ਮੈਂਬਰ ਵਜੋਂ ਚੁਣਿਆ ਗਿਆ।ਮੌਜੂਦ ਸਾਰੇ ਮੈਂਬਰਾਂ ਨੇ ਨਵ-ਚੁਣੀ ਟੀਮ ਨੂੰ ਵਧਾਈ ਦਿੱਤੀ ਅਤੇ ਵਿਸ਼ਵਾਸ ਪ੍ਰਗਟ ਕੀਤਾ ਕਿ ਉਨ੍ਹਾਂ ਦੇ ਨੇਤ੍ਰਿਤਵ ਹੇਠ ਐਸੋਸੀਏਸ਼ਨ ਅਧਿਕਾਰੀਆਂ ਦੇ ਭਲੇ ਲਈ ਕੰਮ ਕਰਦੀ ਰਹੇਗੀ।ਨਵ-ਚੁਣੇ ਨੇਤ੍ਰਿਤਵ ਨੇ ਸਾਰੇ ਮੈਂਬਰਾਂ ਦਾ ਭਰੋਸੇ ਅਤੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਹ ਅਧਿਕਾਰੀਆਂ ਅਤੇ ਸੰਸਥਾ ਦੇ ਹਿੱਤ ਵਿੱਚ ਪੂਰੀ ਨਿਸ਼ਠਾ ਅਤੇ ਸਮਰਪਣ ਨਾਲ ਕੰਮ ਕਰਦੇ ਰਹਿਣਗੇ।

# ਇਫ਼ਤਾਰ ਪਾਰਟੀਆਂ ਰਾਹੀਂ ਆਪਸੀ ਭਾਈਚਾਰਕ ਸਾਂਝ ਨੂੰ ਬੜਾਵਾ ਮਿਲਦਾ ਹੈ : ਐਸ ਐਮ ਓ ਸੁਖਵਿੰਦਰ ਸਿੰਘ

**ਮਲੇਰਕੋਟਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਸੁਖਵਿੰਦਰ ਸਿੰਘ ਵੱਲੋਂ ਰੋਜ਼ਾ ਇਫ਼ਤਾਰ ਪਾਰਟੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਹਿੰਦੂ, ਮੁਸਲਿਮ ਅਤੇ ਸਿੱਖ ਭਾਈਚਾਰੇ ਨੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋ ਕੇ ਆਪਸੀ ਭਾਈਚਾਰਕ ਸਾਂਝ ਦਾ ਸੁਨੇਹਾ ਦਿੱਤਾ। ਇਸ ਮੌਕੇ ਵਿਧਾਇਕ ਡਾਕਟਰ ਜਮੀਲ ਉਰ ਰਹਿਮਾਨ ਦੀ ਧਰਮ ਪਤਨੀ ਮੈਡਮ ਫਰਿਆਲ ਰਹਿਮਾਨ ਵਿਸੇਸ਼ ਤੌਰ ਤੇ ਹਾਜ਼ਰ ਹੋਏ, ਇਨ੍ਹਾਂ ਨੇ ਸਾਰੇ ਧਰਮਾਂ ਦੇ ਲੋਕਾਂ ਵਿੱਚ ਇਕੱਠੇ ਬੈਠ ਕੇ ਰੋਜ਼ਾ ਖੋਲ ਕੇ ਆਪਸੀ ਭਾਈਚਾਰਕ ਸਾਂਝ ਨੂੰ ਹੋਰ ਮਜਬੂਤ ਕੀਤਾ! ਮੈਡਮ ਫਰਿਆਲ ਰਹਿਮਾਨ ਨੇ ਕਿਹਾ ਕਿ ਆਪਸੀ ਭਾਈਚਾਰਕ ਸਾਂਝ ਨੂੰ ਬਨਾਈ ਰੱਖਣ ਲਈ ਇਹੋ ਜਿਹੇ ਸਮਾਗਮ ਸਾਰੇ ਧਰਮ ਦੇ ਲੋਕਾਂ ਨੂੰ ਇਕੱਠੇ ਹੋ ਕੇ ਮਨਾਉਣੇ ਚਾਹੀਦੇ ਹਨ। ਡਾ ਸੁਖਵਿੰਦਰ ਸਿੰਘ ਨੇ ਕਿਹਾ ਕਿ ਰਮਜ਼ਾਨ ਉਲ ਮੁਬਾਰਕ ਦੇ ਪਵਿੱਤਰ ਮਹੀਨੇ ਦੌਰਾਨ ਮਾਲੇਰਕੋਟਲਾ ਵਿੱਚ ਹੀ ਨਹੀਂ ਸਗੋਂ ਹੁਣ ਤਾਂ ਪੂਰੇ ਪੰਜਾਬ ਵਿੱਚ ਜੋ ਅਜਿਹੀਆਂ ਇਫਤਾਰ ਪਾਰਟੀਆਂ ਰਾਹੀਂ ਆਪਸੀ ਭਾਈਚਾਰਕ ਸਾਂਝ ਨੂੰ ਬੜਾਵਾ ਮਿਲਦਾ ਹੈ ਉਸ ਦਾ ਕੋਈ ਸਾਨੀ ਨਹੀਂ ਡਾਕਟਰ ਸੁਖਵਿੰਦਰ ਸਿੰਘ ਨੇ ਇਹ ਵੀ ਕਿਹਾ ਕਿ ਹਰ ਰੋਜ਼ ਸੈਂਕੜਿਆਂ ਦੀ ਗਿਣਤੀ ਵਿੱਚ ਹੋ ਰਹੀਆਂ ਇਫ਼ਤਾਰ ਪਾਰਟੀਆਂ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦਾ ਵੱਡਾ ਕਾਰਜ ਕਰ ਰਹੀਆਂ ਹਨ। ਇਸ ਤਰਾਂ ਦੇ ਪ੍ਰੋਗਰਾਮ ਕਰਵਾਕੇ ਮਨ ਨੂੰ ਸਾਂਤੀ ਮਿਲਦੀ ਹੈ ਅਤੇ ਆਪਸੀ ਪਿਆਰ ਵਧਦਾ ਹੈ!

ਇਸ ਮੌਕੇ ਪੀਏ ਗੁਰਮੁਖ ਸਿੰਘ ਸਰਪੰਚ ਖਾਨਪੁਰ, ਮੈਡਮ ਫਰਿਆਲ ਰਹਿਮਾਨ, ਚੇਅਰਮੈਨ ਜਾਫ਼ਰ ਅਲੀ, ਪ੍ਰਧਾਨ ਸਕੂਰ ਕਿਲਾ, ਹਲੀਮ ਮਿਲਕੋਵੈਲ, ਮੈਡਮ ਮੰਜੂ ਸਿਮਰਨ, ਯਾਸਰ ਅਰਫਾਤ ਅਤੇ ਯਾਸੀਨ ਨੇਸਤੀ ਤੋਂ ਇਲਾਵਾ ਸਰਕਾਰੀ ਹਸਪਤਾਲ ਦਾ ਸਟਾਫ਼, ਪੱਤਰਕਾਰ ਭਾਈਚਾਰਾ ਤੋਂ ਇਲਾਵਾ ਹੋਰ ਵੀ ਡਾਕਟਰ ਸਾਹਿਬ ਦੇ ਮਿੱਤਰ ਦੋਸਤ ਇਸ ਇਫਤਾਰ ਪਾਰਟੀ ਵਿੱਚ ਮੌਜੂਦ ਸਨ! ਐਸ ਐਮ ਡਾ ਸੁਖਵਿੰਦਰ ਸਿੰਘ ਨੇ ਆਏ ਹੋਏ ਸਾਰੇ ਲੋਕਾਂ ਦਾ ਧੰਨਵਾਦ ਕੀਤਾ!



# ਰਾਜਪੁਰਾ 'ਚ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਲਈ ਨੀਨਾ ਮਿੱਤਲ ਵੱਲੋਂ ਜਾਗਰੂਕਤਾ ਜਾਗੋ ਕੱਢੀ



**ਰਾਜਪੁਰਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜਪੁਰਾ ਤੋਂ ਵਿਧਾਇਕ ਨੀਨਾ ਮਿੱਤਲ ਵੱਲੋਂ ਪੰਜਾਬ ਸਰਕਾਰ ਦੀ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਅੱਜ ਰਾਜਪੁਰਾ ਵਿੱਚ ਜਾਗੋ ਕੱਢੀ ਗਈ। ਇਸ ਜਾਗੋ ਦੌਰਾਨ ਵੱਡੀ ਗਿਣਤੀ ਵਿੱਚ ਮਹਿਲਾਵਾਂ ਨੇ ਭਾਗ ਲਿਆ ਅਤੇ ਯੋਜਨਾ ਲਈ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਵਿਧਾਇਕ ਨੀਨਾ ਮਿੱਤਲ ਨੇ ਕਿਹਾ ਕਿ ਪੰਜਾਬ ਸਰਕਾਰ ਮਹਿਲਾਵਾਂ ਦੀ ਸੁਰੱਖਿਆ, ਆਤਮਨਿਰਭਰਤਾ ਅਤੇ ਸਮਾਜਿਕ ਸਤਿਕਾਰ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਯੋਗ ਮਹਿਲਾਵਾਂ ਨੂੰ ਹਰ ਮਹੀਨੇ 1000 ਰੁਪਏ ਅਤੇ ਅਨੁਸੂਚਿਤ ਜਾਤੀ ਵਰਗ ਦੀਆਂ ਮਹਿਲਾਵਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਦੀ ਆਰਥਿਕ ਸਹਾਇਤਾ ਦਿੱਤੀ ਜਾਵੇਗੀ, ਜੋ ਸਿੱਧੀ ਤੌਰ 'ਤੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾਵੇਗੀ।

ਉਨ੍ਹਾਂ ਕਿਹਾ ਕਿ ਇਸ ਯੋਜਨਾ ਦਾ ਮੁੱਖ ਉਦੇਸ਼ ਮਾਵਾਂ ਅਤੇ ਧੀਆਂ ਨੂੰ ਆਰਥਿਕ ਮਜ਼ਬੂਤੀ ਦੇਣਾ ਅਤੇ ਸਮਾਜ ਵਿੱਚ ਉਨ੍ਹਾਂ ਦੇ ਸਤਿਕਾਰ ਨੂੰ ਵਧਾਉਣਾ ਹੈ, ਤਾਂ ਜੋ ਮਹਿਲਾਵਾਂ ਆਪਣੀ ਜ਼ਿੰਦਗੀ ਵਿੱਚ ਹੋਰ ਵੱਧ ਆਤਮ-ਵਿਸ਼ਵਾਸ ਨਾਲ ਅੱਗੇ ਵਧ ਸਕਣ।

ਨੀਨਾ ਮਿੱਤਲ ਨੇ ਦੱਸਿਆ ਕਿ ਸਰਕਾਰ ਵੱਲੋਂ ਅਪ੍ਰੈਲ ਮਹੀਨੇ ਵਿਸਾਖੀ ਦੇ ਮੌਕੇ 'ਤੇ ਇਸ ਯੋਜਨਾ ਲਈ ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ ਅਤੇ ਯੋਗ ਮਹਿਲਾਵਾਂ ਨੂੰ ਤੁਰੰਤ ਇਸਦਾ ਲਾਭ ਦਿੱਤਾ ਜਾਵੇਗਾ।

ਇਸ ਮੌਕੇ ਵੱਡੀ ਗਿਣਤੀ ਵਿੱਚ ਮਹਿਲਾਵਾਂ ਮੌਜੂਦ ਸਨ।

# ਮੋਹਿੰਦਰਾ ਨੇ 'ਖੇਲੋ ਇੰਡੀਆ' ਅਲਾਟਮੈਂਟ 'ਤੇ ਉਠਾਇਆ ਸਵਾਲ , ਪੁੱਛਿਆ ਕਿ ਪੰਜਾਬ ਦੇ ਮੁਕਾਬਲੇ ਗੁਜਰਾਤ ਨੂੰ ਕਿਉਂ ਦਿੱਤੇ ਗਏ 7 ਗੁਣਾ ਫੰਡ

**ਪਟਿਆਲਾ, 17 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਭਾਜਪਾ ਦੀ ਆਉਣ ਵਾਲੀ ਰੈਲੀ ਤੋਂ ਪਹਿਲਾਂ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮੋਹਿੰਦਰਾ ਨੇ ਕੇਂਦਰ ਸਰਕਾਰ ਦੀਆਂ ਨੀਤੀਆਂ 'ਤੇ ਤਿੱਖਾ ਹਮਲਾ ਕਰਦਿਆਂ ਪੰਜਾਬ ਨਾਲ ਹੋ ਰਹੇ ਭੇਦਭਾਵ 'ਤੇ ਸਵਾਲ ਉਠਾਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਲਗਾਤਾਰ ਪੰਜਾਬ ਨਾਲ ਸੌਤੇਲਾ ਵਿਹਾਰ ਕਰ ਰਹੀ ਹੈ ਅਤੇ ਹੁਣ ਰੈਲੀ ਕਰਨ ਲਈ ਪੰਜਾਬ ਆਉਣ ਦਾ ਕੋਈ ਨੈਤਿਕ ਹੱਕ ਨਹੀਂ ਬਣਦਾ।

ਮੋਹਿੰਦਰਾ ਨੇ 'ਖੇਲੋ ਇੰਡੀਆ' ਯੋਜਨਾ ਤਹਿਤ ਮਿਲੇ ਫੰਡਾਂ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ 2024 ਦੇ ਪੈਰਿਸ ਓਲੰਪਿਕ ਵਿੱਚ ਭਾਰਤ ਦੀ ਟੀਮ ਦੇ 117 ਖਿਡਾਰੀਆਂ ਵਿੱਚੋਂ 19 ਖਿਡਾਰੀ ਪੰਜਾਬ ਨਾਲ ਸੰਬੰਧਿਤ ਸਨ, ਜਦਕਿ ਗੁਜਰਾਤ ਤੋਂ ਕੇਵਲ 2 ਖਿਡਾਰੀ ਸਨ। ਇਸ ਦੇ ਬਾਵਜੂਦ



ਕੇਂਦਰ ਸਰਕਾਰ ਨੇ ਪੰਜਾਬ ਨੂੰ ਖੇਡ ਢਾਂਚੇ ਲਈ ਸਿਰਫ਼ 78.02 ਕਰੋੜ ਰੁਪਏ ਦਿੱਤੇ, ਜਦਕਿ ਗੁਜਰਾਤ ਨੂੰ 426- 606 ਕਰੋੜ ਰੁਪਏ ਮੁਹੱਈਆ ਕਰਵਾਏ ਗਏ। ਉਨ੍ਹਾਂ ਕਿਹਾ ਕਿ ਪੰਜਾਬ ਦੇ ਖਿਡਾਰੀ ਦੇਸ਼ ਦਾ ਨਾਮ ਰੌਸ਼ਨ ਕਰ ਰਹੇ ਹਨ, ਪਰ ਜਦੋਂ ਗੱਲ ਫੰਡਾਂ ਅਤੇ ਸਹਾਇਤਾ ਦੀ ਆਉਂਦੀ ਹੈ ਤਾਂ ਕੇਂਦਰ ਸਰਕਾਰ ਪੰਜਾਬ ਨੂੰ ਨਜ਼ਰਅੰਦਾਜ਼ ਕਰਦੀ ਹੈ।

ਮੋਹਿੰਦਰਾ ਨੇ ਕੇਂਦਰ ਸਰਕਾਰ ਨੂੰ ਕਈ ਸਵਾਲਾਂ ਦੇ ਘੇਰੇ ਵਿੱਚ ਲਿਆਂਦਾ। ਉਨ੍ਹਾਂ ਪੁੱਛਿਆ ਕਿ ਪੰਜਾਬ ਲਈ ਰੂਰਲ ਡਿਵੈਲਪਮੈਂਟ ਫੰਡ ਕਿਉਂ ਰੋਕਿਆ ਗਿਆ ਹੈ, ਰਿਵੈਨਿਊ ਡਿਫਿਸਿਟ ਗ੍ਰਾਂਟ ਕਿਉਂ ਜਾਰੀ ਨਹੀਂ ਕੀਤੀ ਗਈ ਅਤੇ ਕਿਸਾਨਾਂ ਲਈ ਐਮ ਐੱਸ ਪੀ ਦੀ ਗਾਰੰਟੀ, ਕਰਜ਼ ਮਾਫ਼ੀ ਅਤੇ ਹੋਰ ਪ੍ਰੋਤਸਾਹਨ ਦੇ ਮਾਮਲੇ ਵਿੱਚ ਕੇਂਦਰ ਸਰਕਾਰ ਵੱਲੋਂ ਢੁੱਕਵਾਂ ਸਹਿਯੋਗ ਕਿਉਂ ਨਹੀਂ ਦਿੱਤਾ ਗਿਆ।

ਉਨ੍ਹਾਂ ਨੇ ਖਾਦਾਂ ਦੇ ਮਸਲੇ ਨੂੰ ਵੀ ਉਠਾਉਂਦਿਆਂ ਕਿਹਾ ਕਿ ਡਾਈ-ਅਮੋਨਿਅਮ ਫਾਸਫੇਟ ਅਤੇ ਹੋਰ ਖਾਦਾਂ ਦੀ ਸਪਲਾਈ ਅਤੇ ਕੀਮਤਾਂ ਬਾਰੇ ਕੇਂਦਰ ਦੀ ਨੀਤੀ ਸਪਸ਼ਟ ਨਹੀਂ ਹੈ, ਜਿਸ ਕਾਰਨ ਪੰਜਾਬ ਦੇ ਕਿਸਾਨ ਪ੍ਰਭਾਵਿਤ ਹੋ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਪੁੱਛਿਆ ਕਿ ਅਮਰੀਕਾ ਨਾਲ ਹੋਏ ਵਪਾਰਕ ਸਮਝੌਤੇ ਨਾਲ ਪੰਜਾਬ ਦੀ ਖੇਤੀਬਾੜੀ 'ਤੇ ਪੈਣ ਵਾਲੇ ਪ੍ਰਭਾਵ ਬਾਰੇ ਕੇਂਦਰ ਸਰਕਾਰ ਦੀ ਕੀ ਸੋਚ ਹੈ।

# ਜੇਬ 'ਤੇ ਭਾਰੀ ਪਵੇਗਾ ਸਫ਼ਰ ! 1 ਅਪ੍ਰੈਲ ਤੋਂ ਮਹਿੰਗਾ ਹੋਵੇਗਾ ਸਾਲਾਨਾ ਟੋਲ ਪਾਸ, ਜਾਣੋ ਕਿੰਨਾ ਕਰਨਾ ਹੋਵੇਗਾ ਭੁਗਤਾਨ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 17 ਮਾਰਚ। ਰਾਸ਼ਟਰੀ ਰਾਜਮਾਰਗਾਂ 'ਤੇ ਅਕਸਰ ਯਾਤਰਾ ਕਰਨ ਵਾਲੇ ਵਾਹਨ ਚਾਲਕਾਂ ਲਈ 1 ਅਪ੍ਰੈਲ, 2026 ਤੋਂ



ਸਾਲਾਨਾ ਟੋਲ ਪਾਸ ਹੋਰ ਮਹਿੰਗਾ ਹੋਣ ਜਾ ਰਿਹਾ ਹੈ। ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਟੀ (©819) ਨੇ ਸਾਲਾਨਾ ਪਾਸ ਫੀਸ ?3,000 ਤੋਂ ਵਧਾ ਕੇ ?3,075 ਕਰਨ ਦਾ ਫੈਸਲਾ ਕੀਤਾ ਹੈ। ਇਹ ਨਵੀਂ ਦਰ ਵਿੱਤੀ ਸਾਲ 2026-27 ਲਈ ਲਾਗੂ ਹੋਵੇਗੀ। ਇਹ ਪਾਸ ਇੱਕ ਵੈਧ ਅਤੇ ਕਿਰਿਆਸ਼ੀਲ FASTag ਨਾਲ ਲੈਸ ਨਿੱਜੀ (ਗੈਰ-ਵਪਾਰਕ) ਵਾਹਨਾਂ ਲਈ ਹੈ। ਨਵੇਂ ਨਿਯਮਾਂ ਅਨੁਸਾਰ, ਇਹ ਪਾਸ 3,075 ਰੁਪਏ ਦੀ ਕੀਮਤ ਵਾਲਾ ਇੱਕ ਸਾਲ ਦੀ ਮਿਆਦ ਲਈ ਜਾਂ 200 ਟੋਲ ਕਰਾਸਿੰਗਾਂ ਤੱਕ, ਜੋ ਵੀ ਪਹਿਲਾਂ ਆਵੇ, ਲਈ ਵੈਧ ਰਹੇਗਾ। ਇਸਦਾ ਮਤਲਬ ਹੈ ਕਿ ਇੱਕ ਵਾਰ 200 ਟੋਲ ਕਰਾਸਿੰਗਾਂ ਦੀ ਸੀਮਾ ਪੂਰੀ ਹੋਣ ਤੋਂ ਬਾਅਦ ਪਾਸ ਦੀ ਵੈਧਤਾ ਖਤਮ ਹੋ ਜਾਵੇਗੀ, ਭਾਵੇਂ ਇੱਕ ਸਾਲ ਦੀ ਮਿਆਦ ਅਜੇ ਪੂਰੀ ਨਹੀਂ ਹੋਈ ਹੈ। NHAI ਨੇ ਸਾਰੇ ਟੋਲ ਪਲਾਜ਼ਿਆਂ ਅਤੇ ਸਬੰਧਤ ਅਧਿਕਾਰੀਆਂ ਨੂੰ 1 ਅਪ੍ਰੈਲ, 2026 ਤੋਂ ਨਵੀਆਂ ਦਰਾਂ ਲਾਗੂ ਕਰਨ ਅਤੇ ਯਾਤਰੀਆਂ ਅਤੇ ਹੋਰ ਹਿੱਸੇਦਾਰਾਂ ਨੂੰ ਇਸ ਜਾਣਕਾਰੀ ਦਾ ਪ੍ਰਸਾਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਸਰਕਾਰ ਦੇ ਅਨੁਸਾਰ, ਟੋਲ ਦਰਾਂ ਦੀ ਸਮੀਖਿਆ ਅਤੇ ਸੋਧ ਸਾਲਾਨਾ ਕੀਤੀ ਜਾਂਦੀ ਹੈ, ਇਸ ਮਿਆਰੀ ਪ੍ਰਕਿਰਿਆ ਅਨੁਸਾਰ ਇਸ ਸਾਲ ਸਾਲਾਨਾ ਪਾਸ ਦੀ ਕੀਮਤ ਵਿੱਚ ਇੱਕ ਮਾਮੂਲੀ ਵਾਧਾ ਲਾਗੂ ਕੀਤਾ ਗਿਆ ਹੈ। ਰਾਸ਼ਟਰੀ ਰਾਜਮਾਰਗਾਂ 'ਤੇ ਰੋਜ਼ਾਨਾ ਜਾਂ ਅਕਸਰ ਯਾਤਰਾ ਕਰਨ ਵਾਲੇ ਵਿਅਕਤੀਆਂ ਲਈ ਇਹ ਸਾਲਾਨਾ ਟੋਲ ਪਾਸ ਇੱਕ ਸੁਵਿਧਾਜਨਕ ਵਿਕਲਪ ਬਣਿਆ ਹੋਇਆ ਹੈ, ਕਿਉਂਕਿ ਇਹ ਵਾਰ-ਵਾਰ ਟੋਲ ਭੁਗਤਾਨ ਕਰਨ ਦੀ ਪਰੇਸ਼ਾਨੀ ਨੂੰ ਖਤਮ ਕਰਦਾ ਹੈ। ਰਾਸ਼ਟਰੀ ਰਾਜਮਾਰਗਾਂ 'ਤੇ ਅਕਸਰ ਯਾਤਰਾ ਕਰਨ ਵਾਲੇ ਮੋਟਰ ਚਾਲਕ ਆਸਾਨੀ ਨਾਲ ਸਾਲਾਨਾ ਟੋਲ ਪਾਸ ਪ੍ਰਾਪਤ ਕਰ ਸਕਦੇ ਹਨ। ਇਹ ਸਹੂਲਤ NHAI ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਵਾਹਨ ਵਿੱਚ ਇੱਕ ਸਰਗਰਮ FASTag ਲਗਾਉਣਾ ਇੱਕ ਲਾਜ਼ਮੀ ਪੂਰਵ ਸ਼ਰਤ ਹੈ। ਵਾਹਨ ਮਾਲਕ ©819 ਦੇ ਪੋਰਟਲ ਜਾਂ ਬੈਂਕ/ਐਪ ਵਿੱਚ ਲੌਗਇਨ ਕਰਕੇ ਸਾਲਾਨਾ ਪਾਸ ਲਈ ਅਰਜ਼ੀ ਦੇ ਸਕਦੇ ਹਨ ਜਿਸਨੇ ਆਪਣਾ FASTag ਜਾਰੀ ਕੀਤਾ ਹੈ। ਸਾਲਾਨਾ ਪਾਸ ਲਈ ਨਿਰਧਾਰਤ ਫੀਸ ਔਨਲਾਈਨ ਅਦਾ ਕੀਤੀ ਜਾਣੀ ਚਾਹੀਦੀ ਹੈ। ਸਫਲ ਭੁਗਤਾਨ 'ਤੇ ਸਾਲਾਨਾ ਪਾਸ ਤੁਹਾਡੇ FASTag ਨਾਲ ਜੁੜ ਜਾਂਦਾ ਹੈ

## ਚੋਰਾਂ ਦੇ ਹੌਸਲੇ ਬੁਲੰਦ ! ਅਧਿਆਪਕਾ ਦੇ ਘਰ 'ਚੋਂ ਦੋ ਲੈਪਟਾਪ

ਨਵਾਂਸ਼ਹਿਰ 17 ਮਾਰਚ। ਅਧਿਆਪਕ ਦੇ ਸੁੰਨੇ ਪਏ ਘਰ 'ਚੋਂ ਲੈਪਟਾਪ, ਮੋਬਾਇਲ ਫ਼ੋਨ ਅਤੇ ਘੜੀ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਪੋਜੇਵਾਲ ਵਿੱਚ ਦਰਜ ਕਰਵਾਈ ਸ਼ਿਕਾਇਤ ਵਿੱਚ ਮਨਜੀਤ ਕੁਮਾਰੀ ਪਤਨੀ ਰਾਮ ਕੁਮਾਰ ਵਾਸੀ ਕਰੀਮਪੁਰੀ ਚਾਹਵਾਲਾ ਨੇ ਦੱਸਿਆ ਕਿ ਉਹ ਸਰਕਾਰੀ ਐਲੀਮੈਂਟਰੀ ਸਕੂਲ ਚੰਦਿਆਣੀ ਖੁਰਦ ਵਿੱਚ ਸੈਂਟਰ ਹੈੱਡ ਟੀਚਰ ਵਜੋਂ ਕੰਮ ਕਰਦੀ ਹੈ। 3 ਮਾਰਚ ਨੂੰ ਸਕੂਲ ਤੋਂ ਛੁੱਟੀ ਹੋਣ ਤੋਂ ਬਾਅਦ ਉਹ ਸਕੂਲ ਦਾ ਕੰਮ ਕਰਨ ਲਈ ਇਕ ਸਰਕਾਰੀ ਲੈਪਟਾਪ ਘਰ ਲੈ ਗਈ ਸੀ। ਉਸ ਨੇ ਦੱਸਿਆ ਕਿ ਉਹ ਅਤੇ ਉਸ ਦਾ ਪਰਿਵਾਰ ਅਗਲੇ ਦਿਨ ਰਿਸ਼ਤੇਦਾਰਾਂ ਨੂੰ ਮਿਲਣ ਗਿਆ ਸੀ। ਜਦੋਂ ਉਹ ਘਰ ਪਰਤੀ ਤਾਂ ਵੇਖਿਆ ਕਿ ਘਰ ਦੇ ਮੇਨ ਗੇਟ ਦਾ ਤਾਲਾ ਟੁੱਟਿਆ ਹੋਇਆ ਸੀ ਅਤੇ ਅੰਦਰ ਕਮਰੇ ਵਿਚ ਸਾਮਾਨ ਖਿਲਰਿਆ ਪਿਆ ਸੀ। ਉਸ ਨੇ ਦੱਸਿਆ ਕਿ ਘਰ ਦੇ ਸਾਮਾਨ ਦੀ ਚੈਕਿੰਗ ਕਰਨ 'ਤੇ ਉਸ ਨੇ ਵੇਖਿਆ ਕਿ ਘਰ 'ਚੋਂ ਦੋ ਲੈਪਟਾਪ, ਦੋ ਮੋਬਾਇਲ ਫ਼ੋਨ ਅਤੇ ਇਕ ਘੜੀ ਗਾਇਬ ਸੀ, ਜੋ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਚੋਰੀ ਕਰ ਲਈ ਗਈ ਹੈ। ਅਧਿਆਪਕਾ ਦੀ ਸ਼ਿਕਾਇਤ ਦੇ ਆਧਾਰ 'ਤੇ ਥਾਣਾ ਪੋਜੇਵਾਲ ਦੀ ਪੁਲਸ ਨੇ ਅਣਪਛਾਤੇ ਚੋਰ ਖ਼?ਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## 'ਦੋਸਤ' ਨੇ 2 ਬੱਚਿਆਂ ਦੀ ਮਾਂ ਨੂੰ ਬਣਾਇਆ ਹਵਸ ਦਾ ਸ਼ਿਕਾਰ, ਪਤੀ ਤੋਂ ਤਲਾਕ ਕਰਵਾ ਕੇ ਠੱਗੇ 15 ਲੱਖ ਰੁਪਏ

ਲੁਧਿਆਣਾ 17 ਮਾਰਚ। ਰਾਜਸਥਾਨ ਦੇ ਇਕ ਵਿਅਕਤੀ ਨੇ ਲੁਧਿਆਣਾ ਦੀ ਵਿਆਹੁਤਾ ਔਰਤ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਲਿਆ। ਔਰਤ 2 ਬੱਚਿਆਂ ਦੀ ਮਾਂ ਹੈ। ਮੁਲਜ਼ਮ ਨੇ ਔਰਤ ਨੂੰ ਵਿਆਹ ਦਾ ਝਾਂਸਾ ਦੇ ਕੇ ਤਲਾਕ ਕਰਵਾਇਆ ਅਤੇ ਉਸ ਦੇ ਗਹਿਣੇ ਤੇ 15 ਲੱਖ ਰੁਪਏ ਹੜੱਪ ਲਏ। ਪੀੜਤ ਔਰਤ ਸ਼ਿਵਪੁਰੀ ਇਲਾਕੇ ਦੀ ਰਹਿਣ ਵਾਲੀ ਹੈ, ਜਿਸ ਨੇ ਥਾਣਾ ਦਰੇਸੀ ਦੀ ਪੁਲਸ ਨੂੰ ਸ਼ਿਕਾਇਤ ਦਿੱਤੀ, ਜਿਸ ਤੋਂ ਬਾਅਦ ਪੁਲਸ ਨੇ ਪੀੜਤ ਔਰਤ ਦੇ ਬਿਆਨਾਂ 'ਤੇ ਮੁਲਜ਼ਮ ਰਾਜਵਿੰਦਰ ਸਿੱਧੂ ਨਿਵਾਸੀ ਸ਼ਿੰਗਾਰੀਆ ਮੰਡੀ, ਪਿੰਡ ਮਕੇਰਾ, ਹਨੂਮਾਨਗੜ੍ਹ, ਰਾਜਸਥਾਨ ਦੇ ਖ਼?ਲਾਫ਼ ਧਾਰਾ 376 ਦੇ ਤਹਿਤ ਕੇਸ ਦਰਜ ਕਰ ਲਿਆ ਹੈ। ਪੀੜਤਾ ਅਨੁਸਾਰ 2019 ਵਿਚ ਉਸ ਦੇ ਪਿਤਾ ਨਿੱਜੀ ਹਸਪਤਾਲ ਵਿਚ ਦਾਖਲ ਸਨ। ਪਿਤਾ ਦੀ ਦੇਖਭਾਲ ਲਈ ਅਕਸਰ ਉਸਦਾ ਹਸਪਤਾਲ ਆਉਣਾ-ਜਾਣਾ ਲੱਗਿਆ ਰਹਿੰਦਾ ਸੀ। ਹਸਪਤਾਲ ਵਿਚ ਉਸ ਦੀ ਪਛਾਣ ਰਾਜਵਿੰਦਰ ਨਾਲ ਹੋਈ। ਰਾਜਵਿੰਦਰ ਦਾ ਦੋਸਤ ਹਸਪਤਾਲ ਵਿਚ ਦਾਖਲ ਸੀ, ਜਿਸ ਨੂੰ ਦੇਖਣ ਲਈ ਉਹ ਰਾਜਸਥਾਨ ਤੋਂ ਲੁਧਿਆਣਾ ਆਇਆ ਸੀ। ਦੋਵਾਂ ਵਿਚਾਲੇ ਦੋਸਤੀ ਹੋਈ ਅਤੇ ਮੋਬਾਈਲ ਨੰਬਰਾਂ ਦੀ ਅਦਲਾ-ਬਦਲੀ ਹੋਈ। ਪੀੜਤਾ ਨੇ ਦੱਸਿਆ ਕਿ ਉਸ ਦਾ ਪਤੀ ਨਾਲ ਵਿਵਾਦ ਚੱਲ ਰਿਹਾ ਸੀ। ਇਸੇ ਗੱਲ ਦਾ ਰਾਜਵਿੰਦਰ ਨੇ ਫਾਇਦਾ ਚੁੱਕਿਆ ਅਤੇ ਉਸ ਨਾਲ ਦੋਸਤੀ ਕਰ ਲਈ। ਜਿਸ ਤੋਂ ਬਾਅਦ ਰਾਜਵਿੰਦਰ ਨੇ ਉਸ ਨੂੰ ਵਿਆਹ ਦਾ ਝਾਂਸਾ ਦੇ ਕੇ ਕਈ ਵਾਰ ਹਵਸ ਦਾ ਸ਼ਿਕਾਰ ਬਣਾਇਆ। ਰਾਜਵਿੰਦਰ ਨੇ ਉਸ ਦੇ ਸੋਨੇ ਦੇ ਗਹਿਣਿਆਂ ਸਮੇਤ 15 ਲੱਖ ਰੁਪਏ ਹੜੱਪ ਲਏ। ਪੀੜਤਾ ਨੇ ਦੱਸਿਆ ਕਿ 2025 ਵਿਚ ਰਾਜਵਿੰਦਰ ਕਾਰਨ ਉਸ ਦਾ ਤਲਾਕ ਹੋ ਗਿਆ। ਜਦੋਂ ਉਸ ਨੇ ਰਾਜਵਿੰਦਰ ਨਾਲ ਵਿਆਹ ਦੀ ਗੱਲ ਕੀਤੀ ਤਾਂ ਉਸ ਨੂੰ ਪਤਾ ਲੱਗਾ ਕਿ ਰਾਜਵਿੰਦਰ ਪਹਿਲਾਂ ਹੀ ਸ਼ਾਦੀਸ਼ੁਦਾ ਹੈ। ਰਾਜਵਿੰਦਰ ਨੇ ਉਸ ਨੂੰ ਵਿਆਹ ਦਾ ਝਾਂਸਾ ਦੇ ਕੇ ਦੋਸਤੀ ਕੀਤੀ, ਪਤੀ ਤੋਂ ਤਲਾਕ ਕਰਵਾਇਆ ਅਤੇ ਗਹਿਣੇ ਤੇ ਰੁਪਏ ਹੜੱਪ ਲਏ। ਮੁਲਜ਼ਮ ਰਾਜਵਿੰਦਰ ਨੇ ਸਾਜ਼ਿਸ਼ ਤਹਿਤ ਉਸ ਨੂੰ ਸ਼ਿਕਾਰ ਬਣਾਇਆ ਹੈ। ਜਦੋਂ ਉਹ ਰਾਜਵਿੰਦਰ ਦੇ ਪਿੰਡ ਗਈ ਤਾਂ ਉੱਥੇ ਵੀ ਉਸ ਦੀ ਕੁੱਟਮਾਰ ਕੀਤੀ ਗਈ। ਇਸ ਸਬੰਧੀ ਥਾਣਾ ਇੰਚਾਰਜ ਗੁਰਮੀਤ ਸਿੰਘ ਨੇ ਦੱਸਿਆ ਕਿ ਮੁਲਜ਼ਮ ਹਨੂਮਾਨਗੜ੍ਹ ਰਾਜਸਥਾਨ ਦਾ ਰਹਿਣ ਵਾਲਾ ਹੈ। ਸ਼ਿਕਾਇਤ ਮਿਲਣ ਤੋਂ ਬਾਅਦ ਪਹਿਲ ਦੇ ਆਧਾਰ 'ਤੇ ਕੇਸ ਦਰਜ ਕਰਕੇ ਮੁਲਜ਼ਮ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਜਲਦੀ ਹੀ ਮੁਲਜ਼ਮ ਨੂੰ ਕਾਬੂ ਕਰ ਲਿਆ ਜਾਵੇਗਾ। ਪੀੜਤਾ ਨੇ ਆਪਣੀ ਹੱਡਬੀਤੀ ਸੁਣਾਉਂਦੇ ਹੋਏ ਕਿਹਾ ਕਿ ਰਾਜਵਿੰਦਰ ਕਾਰਨ ਉਹ ਨਾ ਘਰ ਦੀ ਰਹੀ ਨਾ ਘਾਟ ਦੀ। ਉਸ ਦੇ ਪਤੀ ਨੂੰ ਰਾਜਵਿੰਦਰ ਨਾਲ ਦੋਸਤੀ ਬਾਰੇ ਪਤਾ ਚੱਲਿਆ ਤਾਂ ਉਸ ਨੇ ਤਲਾਕ ਦੇ ਦਿੱਤਾ। ਉਸ ਦੇ 2 ਬੇਟੇ ਹਨ। ਪਤੀ ਨੇ ਬੱਚਿਆਂ ਦੀ ਕਸਟਡੀ ਵੀ ਆਪਣੇ ਕੋਲ ਰੱਖ ਲਈ। ਉਹ ਜਿਸ ਮਕਾਨ ਵਿਚ ਰਹਿ ਰਹੀ ਸੀ, ਉਸ ਮਕਾਨ ਨੂੰ ਵੀ ਸਾਬਕਾ ਪਤੀ ਨੇ ਖਾਲੀ ਕਰਨ ਦਾ ਅਲਟੀਮੇਟਮ ਦੇ ਦਿੱਤਾ ਹੈ। ਰਾਜਵਿੰਦਰ ਨਾਲ ਦੋਸਤੀ ਕਰਨ ਤੋਂ ਬਾਅਦ ਉਹ ਨਾ ਘਰ ਦੀ ਰਹੀ ਨਾ ਘਾਟ ਦੀ ਅਤੇ ਉਸ ਦੀ ਜ਼ਿੰਦਗੀ ਨਰਕ ਤੋਂ ਬਦਤਰ ਹੋ ਗਈ ਹੈ।

## ਹਰਿਆਣਾ ਨੂੰ ਦਹਿਲਾਉਣ ਦੀ ਵੱਡੀ ਸਾਜ਼ਿਸ਼ ਨਾਕਾਮ

ਅੰਬਾਲਾ 17 ਮਾਰਚ। ਹਰਿਆਣਾ ਵਿੱਚ ਇੱਕ ਵੱਡੀ ਦਹਿਸ਼ਤਗਰਦ ਸਾਜ਼ਿਸ਼ ਨੂੰ ਨਾਕਾਮ ਕਰਦਿਆਂ ਸਪੈਸ਼ਲ ਟਾਸਕ ਫੋਰਸ ਨੇ ਅੰਬਾਲਾ ਤੋਂ ਤਿੰਨ ਨੌਜਵਾਨਾਂ ਨੂੰ ਭਾਰੀ ਮਾਤਰਾ ਵਿੱਚ ਵਿਸਫੋਟਕ ਪਦਾਰਥਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਲਗਭਗ 2 ਕਿਲੋ ਆਰ.ਡੀ.ਐਕਸ. ਬਰਾਮਦ ਕੀਤਾ ਹੈ। ਜਾਣਕਾਰੀ ਅਨੁਸਾਰ, ਐਸ.ਟੀ.ਐਫ. ਅੰਬਾਲਾ ਦੀ ਟੀਮ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਕੁਝ ਸ਼ੱਕੀ ਵਿਅਕਤੀ ਵਿਸਫੋਟਕ ਲੈ ਕੇ ਜਾ ਰਹੇ ਹਨ। ਇਸ ਸੂਚਨਾ ਦੇ ਅਧਾਰ 'ਤੇ ਕਾਰਵਾਈ ਕਰਦਿਆਂ ਪੁਲਸ ਨੇ ਬਰਾੜਾ ਤੋਂ ਅੰਬਾਲਾ ਵੱਲ ਜਾ ਰਹੇ ਇੱਕ ਮੋਟਰਸਾਈਕਲ ਨੂੰ ਰੋਕਿਆ। ਜਦੋਂ ਮੋਟਰਸਾਈਕਲ ਸਵਾਰਾਂ ਦੇ ਬੈਗ ਦੀ ਤਲਾਸ਼ੀ ਲਈ ਗਈ, ਤਾਂ ਉਸ ਵਿੱਚੋਂ ਵਿਸਫੋਟਕ ਪਦਾਰਥ ਬਰਾਮਦ ਹੋਏ। ਗ੍ਰਿਫ਼ਤਾਰ ਕੀਤੇ ਗਏ ਤਿੰਨਾਂ ਮੁਲਜ਼ਮਾਂ ਦੀ ਉਮਰ 20 ਤੋਂ 25 ਸਾਲ ਦੇ ਵਿਚਕਾਰ ਹੈ। ਇਨ੍ਹਾਂ ਵਿੱਚੋਂ ਇੱਕ ਮੁਲਜ਼ਮ ਪਿੰਡ ਕੰਬਾਸੀ ਦਾ ਰਹਿਣ ਵਾਲਾ ਹੈ, ਜਦਕਿ ਬਾਕੀ ਦੋ ਅਜਮੇਰ ਅਤੇ ਮੇਰਠ ਨਾਲ ਸਬੰਧਤ ਹਨ। ਜਿਸ ਬਾਈਕ 'ਤੇ ਇਹ ਸਵਾਰ ਸਨ, ਉਹ ਮੁਲਜ਼ਮ ਜਗਵੀਰ ਦੀ ਦੱਸੀ ਜਾ ਰਹੀ ਹੈ। ਪੁਲਸ ਵੱਲੋਂ ਮੁਲਜ਼ਮਾਂ ਕੋਲੋਂ ਸਖ਼ਤੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਉਨ੍ਹਾਂ ਦੇ ਅਸਲ ਮਕਸਦ ਦਾ ਪਤਾ ਲਗਾਇਆ ਜਾ ਸਕੇ। ਸ਼ੁਰੂਆਤੀ ਜਾਂਚ ਵਿੱਚ ਇਹ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਇਹ ਲੋਕ ਹਰਿਆਣਾ ਵਿੱਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਸਨ। ਪੁਲਸ ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇੰਨੀ ਵੱਡੀ ਮਾਤਰਾ ਵਿੱਚ ਵਿਸਫੋਟਕ ਉਨ੍ਹਾਂ ਕੋਲ ਕਿੱਥੋਂ ਆਇਆ ਅਤੇ ਉਨ੍ਹਾਂ ਦੇ ਪਿੱਛੇ ਹੋਰ ਕੌਣ ਲੋਕ ਸ਼ਾਮਲ ਹਨ।

## 15 ਲੱਖ ਟਨ ਕੂੜਾ ਸਾਫ਼ ਕਰਕੇ ਇੰਦੌਰ ਬਣਿਆ ਨੰਬਰ ਇਕ, ਜਲੰਧਰ 'ਚ 30 ਕਰੋੜ ਖ਼ਰਚਣ ਦੇ ਬਾਵਜੂਦ ਲੱਗੇ ਢੇਰ

ਜਲੰਧਰ 17 ਮਾਰਚ। ਸਮਾਰਟ ਸਿਟੀ ਦੇ ਨਾਂ ਨਾਲ ਜਾਣਿਆ ਜਾਣ ਵਾਲਾ ਮਹਾਨਗਰ ਜਲੰਧਰ 30 ਕਰੋੜ ਰੁਪਏ ਖ਼ਰਚਣ ਦੇ ਬਾਵਜੂਦ ਵੀ ਗੰਦਗੀ ਦੇ ਢੇਰ ਇਥੇ ਅਜੇ ਵੀ ਲੱਗੇ ਹੋਏ ਹਨ। ਉਥੇ ਹੀ ਸਫ਼ਾਈ ਦੇ ਪੱਖੋਂ ਇੰਦੌਰ 15 ਲੱਖ ਟਨ ਕੂੜਾ ਸਾਫ਼ ਕਰਕੇ ਨੰਬਰ ਬਣ ਚੁੱਕਿਆ ਹੈ। ਦੱਸਣਯੋਗ ਹੈ ਕਿ ਜਲੰਧਰ ਨਗਰ ਨਿਗਮ ਦੇ 85 ਵਾਰਡ ਹਨ ਅਤੇ ਇੰਦੌਰ ਨਗਰ ਨਿਗਮ ਦੇ ਵੀ 85 ਵਾਰਡ ਹਨ। ਦਿਲਚਸਪ ਗੱਲ ਇਹ ਹੈ ਕਿ ਅੱਜ ਵੀ ਜਲੰਧਰ 'ਚ ਹਰ ਪਾਸੇ ਕੂੜੇ ਦੇ ਢੇਰ ਵਿਖਾਈ ਦਿੰਦੇ ਹਨ, ਜਦਕਿ ਇੰਦੌਰ ਸਫ਼ਾਈ ਵਿੱਚ ਦੇਸ਼ ਦਾ ਨੰਬਰ ਇਕ ਸ਼ਹਿਰ ਬਣ ਗਿਆ ਹੈ। 2017 ਵਿੱਚ ਜਲੰਧਰ ਅਤੇ ਇੰਦੌਰ ਦੋਵਾਂ ਨੇ ਮਿਲ ਕੇ ਸਫ਼ਾਈ ਸੁਧਾਰ ਮੁਹਿੰਮ ਸ਼ੁਰੂ ਕੀਤੀ। ਉਸ ਸਮੇਂ ਇੰਦੌਰ ਵਿੱਚ 1.5 ਮਿਲੀਅਨ ਮੀਟ੍ਰਿਕ ਟਨ ਕੂੜੇ ਦਾ ਪਹਾੜ ਸੀ ਅਤੇ ਜਲੰਧਰ ਦੇ ਵਰਿਆਣਾ 'ਚ 1.6 ਮਿਲੀਅਨ ਮੀਟ੍ਰਿਕ ਟਨ ਕੂੜਾ ਸੀ। ਇੰਦੌਰ ਨੇ 18 ਮਹੀਨਿਆਂ ਵਿੱਚ ਸਾਰਾ ਕੂੜਾ ਖ਼ਤਮ ਕਰ ਦਿੱਤਾ, ਜਦਕਿ ਜਲੰਧਰ ਅਜਿਹਾ ਕਰਨ ਵਿੱਚ ਅਸਫ਼ਲ ਰਿਹਾ। ਜਲੰਧਰ ਨੂੰ ਸਵੱਛ ਭਾਰਤ ਮੁਹਿੰਮ ਤਹਿਤ 31 ਮਿਲੀਅਨ ਰੁਪਏ ਪ੍ਰਾਪਤ ਹੋਏ ਅਤੇ ਹੁਣ ਤੱਕ ਵੱਖ-ਵੱਖ ਫੰਡਾਂ ਤੋਂ 300 ਮਿਲੀਅਨ ਰੁਪਏ ਖ਼ਰਚ ਕੀਤੇ ਹਨ। ਇੰਦੌਰ ਨੇ ਸ਼ਹਿਰ ਵਿੱਚੋਂ 2,600 ਡਸਟਬਿਨ ਹਟਾ ਕੇ ਘਰ-ਘਰ ਕੂੜਾ ਇਕੱਠਾ ਕਰਨ ਦੀ ਪ੍ਰਣਾਲੀ ਲਾਗੂ ਕੀਤੀ। ਇਹ ਕੂੜੇ ਤੋਂ ਸਾਲਾਨਾ 3 ਕਰੋੜ ਰੁਪਏ ਕਮਾ ਰਿਹਾ ਹੈ। ਜਲੰਧਰ 'ਚ ਇੰਦੌਰ ਮਾਡਲ ਨੂੰ ਅਪਣਾਉਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਵਿਰੋਧ ਕਾਰਨ ਯੋਜਨਾਵਾਂ ਅੱਗੇ ਨਹੀਂ ਵਧ ਸਕੀਆਂ।

### ਪਠਾਨਕੋਟ 'ਚ ਅਵਾਰਾ ਕੁੱਤਿਆਂ ਦਾ ਖੌਫ, ਪਿੰਡ ਕੁਠੇੜ 'ਚ ਨਾਬਾਲਿਗ ਬੱਚੇ 'ਤੇ ਹਮਲਾ

ਪਠਾਨਕੋਟ 17 ਮਾਰਚ। ਜ਼ਿਲ੍ਹੇ 'ਚ ਅਵਾਰਾ ਕੁੱਤਿਆਂ ਦੀ ਵਧ ਰਹੀ ਗਿਣਤੀ ਲੋਕਾਂ ਲਈ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ। ਹਰ ਰੋਜ਼ ਕਿਸੇ ਨਾ ਕਿਸੇ ਨੂੰ ਇਹ ਅਵਾਰਾ ਕੁੱਤੇ ਆਪਣਾ ਸ਼ਿਕਾਰ ਬਣਾ ਰਹੇ ਹਨ। ਤਾਜ਼ਾ ਮਾਮਲਾ ਪਿੰਡ ਕੁਠੇੜ ਤੋਂ ਸਾਹਮਣੇ ਆਇਆ ਹੈ, ਜਿੱਥੇ ਇੱਕ ਨਾਬਾਲਿਗ ਬੱਚੇ 'ਤੇ ਅਵਾਰਾ ਕੁੱਤਿਆਂ ਨੇ ਹਮਲਾ ਕਰ ਦਿੱਤਾ। ਪਰਿਵਾਰਕ ਮੈਂਬਰਾਂ ਅਤੇ ਸਥਾਨਕ ਲੋਕਾਂ ਵੱਲੋਂ ਤੁਰੰਤ ਬੱਚੇ ਨੂੰ ਇਲਾਜ ਲਈ ਪਠਾਨਕੋਟ ਦੇ ਸਿਵਲ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਉਸਦਾ ਇਲਾਜ ਕੀਤਾ ਜਾ ਰਿਹਾ ਹੈ। ਸਥਾਨਕ ਲੋਕਾਂ ਨੇ ਦੱਸਿਆ ਕਿ ਇਲਾਕੇ ਵਿੱਚ ਅਵਾਰਾ ਕੁੱਤਿਆਂ ਦੀ ਗਿਣਤੀ ਕਾਫ਼ੀ ਵੱਧ ਚੁੱਕੀ ਹੈ ਅਤੇ ਅਕਸਰ ਇਹ ਲੋਕਾਂ 'ਤੇ ਹਮਲੇ ਕਰ ਰਹੇ ਹਨ।

## ਧੜੰਮ ਡਿੱਗੀ ਚਾਂਦੀ ਤੇ ਸੋਨਾ ਵੀ 12,000 ਰੁਪਏ ਟੁੱਟਿਆ, ਜਾਣੋ ਗਿਰਾਵਟ ਦੇ ਕਾਰਨ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 17 ਮਾਰਚ। ਹਾਲ ਹੀ ਦੇ ਦਿਨਾਂ ਵਿੱਚ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਗਿਰਾਵਟ ਆ ਰਹੀ ਹੈ। ਦਿਲਚਸਪ ਗੱਲ ਇਹ ਹੈ ਕਿ ਵਿਸ਼ਵ ਯੁੱਧ ਵਰਗੀ ਸਥਿਤੀ, ਸਟਾਕ ਬਾਜ਼ਾਰਾਂ ਵਿੱਚ ਤੇਜ਼ੀ ਨਾਲ ਗਿਰਾਵਟ, ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਅਤੇ ਸਪਲਾਈ ਲੜੀ ਵਿੱਚ ਵਿਘਨ ਦੇ ਬਾਵਜੂਦ, ਸੋਨੇ ਦੀਆਂ ਕੀਮਤਾਂ ਨਹੀਂ ਵਧ ਰਹੀਆਂ ਹਨ। ਆਮ ਤੌਰ 'ਤੇ, ਅਜਿਹੇ ਸਮੇਂ ਦੌਰਾਨ, ਨਿਵੇਸ਼ਕ ਸੋਨੇ ਨੂੰ ਇੱਕ ਸੁਰੱਖਿਅਤ ਪਨਾਹਗਾਹ ਵਜੋਂ ਮੰਨਦੇ ਹਨ, ਜਿਸ ਨਾਲ ਇਸਦੀ ਕੀਮਤ ਵੱਧ ਜਾਂਦੀ ਹੈ। ਹਾਲਾਂਕਿ, ਇਸ ਵਾਰ ਬਾਜ਼ਾਰ ਦਾ ਰੁਝਾਨ ਵੱਖਰਾ ਦਿਖਾਈ ਦਿੰਦਾ ਹੈ। ਮਾਹਿਰਾਂ ਅਨੁਸਾਰ, ਇਕੁਇਟੀ ਬਾਜ਼ਾਰਾਂ ਵਿੱਚ ਤੇਜ਼ ਗਿਰਾਵਟ ਕਾਰਨ ਬਹੁਤ ਸਾਰੇ ਨਿਵੇਸ਼ਕਾਂ ਨੂੰ ਕਾਫ਼ੀ ਨੁਕਸਾਨ ਹੋਇਆ ਹੈ। ਇਨ੍ਹਾਂ ਨੁਕਸਾਨਾਂ ਦੀ ਭਰਪਾਈ ਕਰਨ ਅਤੇ ਆਪਣੀਆਂ ਨਕਦੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ, ਨਿਵੇਸ਼ਕ ਸੋਨੇ ਵਿੱਚ ਮੁਨਾਫ਼ਾ ਬੁੱਕ ਕਰ ਰਹੇ ਹਨ। ਇਹੀ ਕਾਰਨ ਹੈ ਕਿ ਸੋਨੇ ਦੀਆਂ ਕੀਮਤਾਂ ਦਬਾਅ ਹੇਠ ਆ ਰਹੀਆਂ ਹਨ ਅਤੇ ਲਗਾਤਾਰ ਗਿਰਾਵਟ ਦਾ ਅਨੁਭਵ ਕਰ ਰਹੀਆਂ ਹਨ। 2 ਮਾਰਚ ਨੂੰ, ਮਲਟੀ ਕਮੋਡਿਟੀ ਐਕਸਚੇਂਜ ਆਫ਼ ਇੰਡੀਆ ($3✓) 'ਤੇ ਸੋਨੇ ਦੀ ਵਾਅਦਾ ਕੀਮਤ ਵਪਾਰਕ ਸੈਸ਼ਨ ਦੌਰਾਨ ਲਗਭਗ 1,69,880 ਰੁਪਏ ਪ੍ਰਤੀ 10 ਗ੍ਰਾਮ ਦੇ ਉੱਚ ਪੱਧਰ 'ਤੇ ਪਹੁੰਚ ਗਈ। 13 ਮਾਰਚ ਨੂੰ, ਇਹ ਡਿੱਗ ਕੇ 1,57,540 ਰੁਪਏ ਪ੍ਰਤੀ 10



ਗ੍ਰਾਮ ਹੋ ਗਈ। ਇਸ ਤਰ੍ਹਾਂ, ਸਿਰਫ਼ 12 ਦਿਨਾਂ ਵਿੱਚ ਸੋਨੇ ਦੀ ਕੀਮਤ ਲਗਭਗ 12,340 ਰੁਪਏ ਪ੍ਰਤੀ 10 ਗ੍ਰਾਮ ਡਿੱਗ ਗਈ। ਇਸ ਸਮੇਂ ਦੌਰਾਨ ਚਾਂਦੀ ਦੀਆਂ ਕੀਮਤਾਂ ਵਿੱਚ ਵੀ ਭਾਰੀ ਗਿਰਾਵਟ ਦੇਖਣ ਨੂੰ ਮਿਲੀ। 2 ਮਾਰਚ ਨੂੰ, $3✓ 'ਤੇ ਚਾਂਦੀ ਦੀ ਵਾਅਦਾ ਕੀਮਤ 2,97,799 ਰੁਪਏ ਪ੍ਰਤੀ ਕਿਲੋਗ੍ਰਾਮ ਤੱਕ ਪਹੁੰਚ ਗਈ। 13 ਮਾਰਚ ਨੂੰ, ਇਹ ਲਗਭਗ 2,54,474 ਰੁਪਏ ਪ੍ਰਤੀ ਕਿਲੋਗ੍ਰਾਮ ਤੱਕ ਡਿੱਗ ਗਈ। ਇਸਦਾ ਮਤਲਬ ਹੈ ਕਿ ਲਗਭਗ 12 ਦਿਨਾਂ ਵਿੱਚ, ਚਾਂਦੀ ਦੀ ਕੀਮਤ ਲਗਭਗ 43,325 ਰੁਪਏ ਪ੍ਰਤੀ ਕਿਲੋਗ੍ਰਾਮ ਡਿੱਗ ਗਈ। ਸ਼ੁੱਕਰਵਾਰ ਨੂੰ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਵੀ ਗਿਰਾਵਟ ਆਈ। 3®$5✓ 'ਤੇ ਸੋਨਾ ਲਗਭਗ 1.25% ਡਿੱਗ ਕੇ ਲਗਭਗ £5,061 ਪ੍ਰਤੀ ਔਂਸ 'ਤੇ ਬੰਦ ਹੋਇਆ, ਜਦੋਂ ਕਿ ਸਪਾਟ ਗੋਲਡ ਵੀ ਲਗਭਗ £5,019 ਪ੍ਰਤੀ ਔਂਸ 'ਤੇ ਬੰਦ ਹੋਇਆ। ਚਾਂਦੀ ਦੀਆਂ ਕੀਮਤਾਂ ਵਿੱਚ ਵੀ ਕਾਫ਼ੀ ਗਿਰਾਵਟ ਦੇਖਣ ਨੂੰ ਮਿਲੀ। 3®$5✓ 'ਤੇ ਚਾਂਦੀ ਲਗਭਗ 4.4% ਡਿੱਗ ਕੇ ਲਗਭਗ £81 ਪ੍ਰਤੀ ਔਂਸ 'ਤੇ ਬੰਦ ਹੋਈ, ਜਦੋਂ ਕਿ ਸਪਾਟ ਚਾਂਦੀ ਵੀ ਲਗਭਗ £80 ਪ੍ਰਤੀ ਔਂਸ 'ਤੇ ਵਪਾਰ ਕਰਨ ਵਿੱਚ ਗਿਰਾਵਟ ਆਈ। ਬਾਜ਼ਾਰ ਮਾਹਿਰਾਂ ਦਾ ਮੰਨਣਾ ਹੈ ਕਿ ਨਿਵੇਸ਼ਕਾਂ ਦੀਆਂ ਨਕਦੀ ਜ਼ਰੂਰਤਾਂ ਅਤੇ ਮੁਨਾਫ਼ਾ-ਵਸੂਲੀ ਕਾਰਨ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਇਸ ਸਮੇਂ ਦਬਾਅ ਹੇਠ ਹਨ। ਹਾਲਾਂਕਿ, ਜੇਕਰ ਵਿਸ਼ਵਵਿਆਪੀ ਅਨਿਸ਼ਚਿਤਤਾ ਬਣੀ ਰਹਿੰਦੀ ਹੈ, ਤਾਂ ਭਵਿੱਖ ਵਿੱਚ ਕੀਮਤਾਂ ਦੁਬਾਰਾ ਵੱਧ ਸਕਦੀਆਂ ਹਨ।

## ਹੁਣ ਨਹੀਂ ਮਿਲੇਗੀ ਮੁਫ਼ਤ ਬਿਜਲੀ ! ਬਦਲੇਗਾ ਨਿਯਮ, 44 ਲੱਖ ਖਪਤਕਾਰਾਂ ਨੂੰ ਦਿੱਲੀ ਸਰਕਾਰ ਦਾ ਝਟਕਾ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 17 ਮਾਰਚ। ਮੁਫ਼ਤ ਬਿਜਲੀ ਦਾ ਲਾਭ ਲੈਣ ਵਾਲਿਆਂ ਲਈ ਇਹ ਖ਼ਬਰ ਬਹੁਤ ਖ਼ਾਸ ਹੈ। ਦਿੱਲੀ ਸਰਕਾਰ ਆਪਣੀ ਬਿਜਲੀ ਸਬਸਿਡੀ ਯੋਜਨਾ ਵਿੱਚ ਵੱਡੇ ਬਦਲਾਅ ਦੀ ਤਿਆਰੀ ਕਰ ਰਹੀ ਹੈ, ਜਿਸ ਨਾਲ ਲੱਖਾਂ ਖਪਤਕਾਰਾਂ ਦੀਆਂ ਜੇਬਾਂ 'ਤੇ ਭਾਰ ਪੈ ਸਕਦਾ ਹੈ। ਦਿੱਲੀ ਸਰਕਾਰ ਹੁਣ ਉਨ੍ਹਾਂ ਕਨੈਕਸ਼ਨਾਂ ਨੂੰ ਨਿਸ਼ਾਨਾ ਬਣਾ ਰਹੀ ਹੈ, ਜਿੱਥੇ ਬਿਜਲੀ ਦੀ ਖਪਤ ਜ਼ੀਰੋ ਜਾਂ ਬਹੁਤ ਘੱਟ ਹੈ। ਅਜਿਹੇ ਕਨੈਕਸ਼ਨਾਂ ਨੂੰ 'ਡੋਰਮੈਂਟ' (ਨਿਸ਼ਕਿਰਿਆ) ਸ਼੍ਰੇਣੀ ਵਿੱਚ ਰੱਖ ਕੇ ਸਬਸਿਡੀ ਬੰਦ ਕੀਤੀ ਜਾ ਸਕਦੀ ਹੈ। ਨਵੀਂ ਵਿਵਸਥਾ ਲਾਗੂ ਹੋਣ ਤੋਂ ਬਾਅਦ ਕਰੀਬ 44.5 ਲੱਖ ਘਰਾਂ ਦੇ ਬਿਜਲੀ ਬਿੱਲਾਂ ਵਿੱਚ ਹਰ ਮਹੀਨੇ ਲਗਭਗ 200 ਰੁਪਏ ਤੱਕ ਦਾ ਫਿਕਸਡ ਚਾਰਜ ਜੁੜ ਸਕਦਾ ਹੈ। ਜੇਕਰ ਖਪਤ 200 ਯੂਨਿਟ ਤੱਕ ਹੁੰਦੀ ਸੀ, ਤਾਂ ਪੂਰਾ ਬਿੱਲ ਮਾਫ਼ ਸੀ ਅਤੇ ਫਿਕਸਡ ਚਾਰਜ ਵੀ ਸਰਕਾਰ ਭਰਦੀ ਸੀ। ਜੇਕਰ ਮੀਟਰ ਲੱਗਾ ਹੈ ਪਰ ਬਿਜਲੀ ਦੀ ਵਰਤੋਂ ਨਹੀਂ ਹੋ ਰਹੀ, ਤਾਂ ਸਰਕਾਰ ਫਿਕਸਡ ਚਾਰਜ ਦੀ ਸਬਸਿਡੀ ਬੰਦ ਕਰ ਦੇਵੇਗੀ। ਅਧਿਕਾਰੀਆਂ ਮੁਤਾਬਕ, ਆਉਣ ਵਾਲੇ ਸਮੇਂ ਵਿੱਚ ਨਿਸ਼ਕਿਰਿਆ ਕਨੈਕਸ਼ਨਾਂ ਦੀ ਪਛਾਣ ਕਰਨ ਲਈ 'ਘੱਟੋ-ਘੱਟ ਬਿਜਲੀ ਖਪਤ' ਦੀ ਇੱਕ ਸੀਮਾ ਤੈਅ ਕੀਤੀ ਜਾ ਸਕਦੀ ਹੈ। ਜੇਕਰ ਤੁਹਾਡੀ ਮਹੀਨਾਵਾਰ ਖਪਤ ਉਸ ਸੀਮਾ ਤੋਂ ਘੱਟ ਹੋਈ, ਤਾਂ ਤੁਹਾਨੂੰ ਸਬਸਿਡੀ ਦੇ ਦਾਇਰੇ ਤੋਂ ਬਾਹਰ ਕਰ ਦਿੱਤਾ ਜਾਵੇਗਾ। ਬਿਜਲੀ ਵਿਭਾਗ ਵਲੋਂ ਕੀਤੀ ਗਈ ਜਾਂਚ ਵਿੱਚ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਕਈ ਘਰਾਂ ਦੇ ਮਾਲਕ ਦਿੱਲੀ ਤੋਂ ਬਾਹਰ ਰਹਿੰਦੇ ਹਨ ਅਤੇ ਮਕਾਨ ਬੰਦ ਪਏ ਹਨ, ਫਿਰ ਵੀ ਉਹ ਸਬਸਿਡੀ ਦਾ ਲਾਭ ਲੈ ਰਹੇ ਹਨ। ਕੁਝ ਲੋਕਾਂ ਨੇ ਸਬਸਿਡੀ ਹਾਸਲ ਕਰਨ ਲਈ ਇੱਕੋ ਘਰ ਵਿੱਚ ਇੱਕ ਤੋਂ ਵੱਧ ਕਨੈਕਸ਼ਨ ਲਏ ਹੋਏ ਹਨ। ਸਾਲ 2020 ਤੋਂ 2025 ਦੇ ਵਿਚਕਾਰ ਬਿਜਲੀ ਕਨੈਕਸ਼ਨਾਂ ਵਿੱਚ 12 ਲੱਖ ਦਾ ਵਾਧਾ ਹੋਇਆ ਹੈ, ਜਦਕਿ ਪਾਣੀ ਦੇ ਕਨੈਕਸ਼ਨ ਉਸ ਰਫ਼ਤਾਰ ਨਾਲ ਨਹੀਂ ਵਧੇ। ਇਸ ਤੋਂ ਸੰਕੇਤ ਮਿਲਦਾ ਹੈ ਕਿ ਵਾਧੂ ਕਨੈਕਸ਼ਨ ਸਿਰਫ਼ ਮੁਫ਼ਤ ਬਿਜਲੀ ਲਈ ਲਏ ਗਏ ਹਨ। ਸੂਤਰਾਂ ਮੁਤਾਬਕ ਸਰਕਾਰ ਦੇ ਇਸ ਸਖ਼ਤ ਕਦਮ ਦਾ ਮੁੱਖ ਕਾਰਨ ਲਗਾਤਾਰ ਵਧ ਰਿਹਾ ਵਿੱਤੀ ਬੋਝ ਹੈ। ਸਾਲ



2015-16 ਵਿੱਚ ਸਬਸਿਡੀ ਦਾ ਖ਼ਰਚਾ 1,442.76 ਕਰੋੜ ਰੁਪਏ ਸੀ। ਸਾਲ 2025-26 ਤੱਕ ਇਹ ਵਧ ਕੇ 4,000 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਦਿੱਲੀ ਵਿੱਚ ਕੁੱਲ 62 ਲੱਖ ਖਪਤਕਾਰਾਂ ਵਿੱਚੋਂ ਲਗਭਗ 58.72 ਲੱਖ ਲੋਕ ਸਬਸਿਡੀ ਲੈ ਰਹੇ ਹਨ।

### ਕੇਂਦਰੀ ਜੇਲ 'ਚ ਕੈਦੀ ਕੋਲੋਂ ਨਸ਼ੀਲੀਆਂ ਗੋਲੀਆਂ ਬਰਾਮਦ

ਗੁਰਦਾਸਪੁਰ 17 ਮਾਰਚ। ਕੇਂਦਰੀ ਜੇਲ੍ਹ ਗੁਰਦਾਸਪੁਰ 'ਚ ਤਲਾਸ਼ੀ ਦੌਰਾਨ ਇਕ ਕੈਦੀ ਕੋਲੋਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਜੇਲ ਪ੍ਰਸ਼ਾਸਨ ਦੀ ਸ਼ਿਕਾਇਤ 'ਤੇ ਪੁਲਸ ਨੇ ਸਬੰਧਤ ਕੈਦੀ ਖ਼?ਲਾਫ਼ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਸਹਾਇਕ ਸੁਪਰਡੈਂਟ ਕੇਂਦਰੀ ਜੇਲ ਨੇ ਦੱਸਿਆ ਕਿ 6 ਮਾਰਚ ਨੂੰ ਭਾਨੂਪ੍ਰਤਾਪ ਸਿੰਘ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤਣ ਤੋਂ ਬਾਅਦ ਆਪਣੀ ਬੈਰਕ ਨੰਬਰ 06 ਵੱਲ ਜਾ ਰਿਹਾ ਸੀ, ਜਿਸ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਗਿਆ। ਡਿਊਟੀ 'ਤੇ ਤਾਇਨਾਤ ਵਾਰਡਰ ਹਰਿੰਦਰ ਸਿੰਘ ਨੇ ਸ਼ੱਕ ਹੋਣ 'ਤੇ ਤਲਾਸ਼ੀ ਦੌਰਾਨ ਕੈਦੀ ਦੇ ਪਜਾਮੇ ਦੀ ਖੱਬੀ ਜੇਬ 'ਚੋਂ ਇਕ ਪਲਾਸਟਿਕ ਦੀ ਡੱਬੀ ਮਿਲੀ, ਜਿਸ 'ਚੋਂ 18 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਜੇਲ ਅਧਿਕਾਰੀਆਂ ਦੀ ਰਿਪੋਰਟ ਦੇ ਆਧਾਰ 'ਤੇ ਮੁਲਜ਼ਮ ਕੈਦੀ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ।

## ਨਸ਼ਾ ਤਸਕਰਾਂ ਦੀ ਗੁੰਡਾਗਰਦੀ: ਪੁਲਸ ਦੀ ਮੁਖ਼ਬਰੀ ਦੇ ਸ਼ੱਕ 'ਚ ਨੌਜਵਾਨ 'ਤੇ ਕੀਤਾ ਕਾਤਲਾਨਾ ਹਮਲਾ

ਲੁਧਿਆਣਾ 17 ਮਾਰਚ। ਉਦਯੋਗਿਕ ਨਗਰੀ ਵਿੱਚ ਨਸ਼ਾ ਤਸਕਰਾਂ ਦੇ ਹੌਸਲੇ ਇਸ ਕਦਰ ਬੁਲੰਦ ਹੋ ਚੁੱਕੇ ਹਨ ਕਿ ਹੁਣ ਉਹ ਪੁਲਸ ਦੇ ਮਦਦਗਾਰਾਂ ਨੂੰ ਸ਼ਰੇਆਮ ਨਿਸ਼ਾਨਾ ਬਣਾਉਣ ਲੱਗੇ ਹਨ। ਇੱਕ ਤਾਜ਼ਾ ਮਾਮਲੇ ਵਿੱਚ ਨਸ਼ਾ ਤਸਕਰੀ ਦੀ ਸੂਚਨਾ ਪੁਲਸ ਨੂੰ ਦੇਣ ਦੇ ਸ਼ੱਕ ਵਿੱਚ ਕੁਝ ਬਦਮਾਸ਼ਾਂ ਨੇ ਇੱਕ ਨੌਜਵਾਨ ਨੂੰ ਘੇਰ ਕੇ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕਰ ਦਿੱਤੀ। ਜ਼ਖ਼ਮੀ ਨੌਜਵਾਨ ਨੇ ਦੋਸ਼ ਲਾਇਆ ਹੈ ਕਿ ਹਮਲਾਵਰਾਂ ਨੂੰ ਸ਼ੱਕ ਸੀ ਕਿ ਉਹ ਉਨ੍ਹਾਂ ਦੇ ਕਾਲੇ ਧੰਦੇ ਦੀ ਮੁਖ਼ਬਰੀ ਪੁਲਸ ਕੋਲ ਕਰਦਾ ਹੈ। ਪੀੜਤ ਵਿਕਾਸ ਕੁਮਾਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਇਹ ਘਟਨਾ 28 ਫਰਵਰੀ ਦੀ ਸ਼ਾਮ ਕਰੀਬ 7:00 ਵਜੇ ਦੀ ਹੈ। ਉਸ ਵਕਤ ਉਹ ਆਪਣੇ ਕੰਮ 'ਤੇ ਬੈਠਾ ਹੋਇਆ ਸੀ ਕਿ ਅਚਾਨਕ ਦੀਪਕ, ਪ੍ਰਿੰਸ, ਰਵੀ ਅਤੇ ਸੁੱਖੀ ਨਾਮਕ ਨੌਜਵਾਨ ਆਪਣੇ 4-5 ਅਣਪਛਾਤੇ ਸਾਥੀਆਂ ਸਮੇਤ ਉੱਥੇ ਧਾਵਾ ਬੋਲ ਦਿੱਤਾ। ਇਸ ਤੋਂ ਪਹਿਲਾਂ ਕਿ ਉਹ ਕੁਝ ਸਮਝ ਪਾਉਂਦਾ, ਮੁਲਜ਼ਮਾਂ ਨੇ ਉਸ 'ਤੇ ਹਮਲਾ ਕਰ ਦਿੱਤਾ ਅਤੇ ਜੰਮ ਕੇ ਕੁੱਟਮਾਰ ਕੀਤੀ। ਪੀੜਤ ਦੇ ਅਨੁਸਾਰ, ਇਸ ਹਮਲੇ ਦੀ ਮੁੱਖ ਵਜ?ਹਾ ਪੁਰਾਣੀ ਰੰਜਿਸ਼ ਅਤੇ ਨਸ਼ਾ ਤਸਕਰੀ ਹੈ। ਮੁਲਜ਼ਮ ਉਸ ਨੂੰ ਲੰਬੇ ਸਮੇਂ ਤੋਂ ਧਮਕੀਆਂ ਦੇ ਰਹੇ ਸਨ, ਕਿਉਂਕਿ ਉਨ੍ਹਾਂ ਨੂੰ ਸ਼ੱਕ ਸੀ ਕਿ ਉਹ ਇਲਾਕੇ ਵਿੱਚ ਉਨ੍ਹਾਂ ਵੱਲੋਂ ਵੇਚੇ ਜਾ ਰਹੇ ਨਸ਼ੇ ਦੇ ਕਾਰੋਬਾਰ ਦੀ ਜਾਣਕਾਰੀ ਗੁਪਤ ਰੂਪ ਵਿੱਚ ਪੁਲਸ ਤੱਕ ਪਹੁੰਚਾਉਂਦਾ ਹੈ। ਇਸੇ ਸ਼ੱਕ ਦੇ ਚਲਦਿਆਂ ਮੁਲਜ਼ਮਾਂ ਨੇ ਯੋਜਨਾਬੱਧ ਤਰੀਕੇ ਨਾਲ ਉਸ 'ਤੇ ਹਮਲਾ ਕਰ ਦਿੱਤਾ ਤਾਂ ਜੋ ਉਸ ਨੂੰ ਡਰਾਇਆ-ਧਮਕਾਇਆ ਜਾ ਸਕੇ। ਓਧਰ, ਇਸ ਮਾਮਲੇ ਦੇ ਸਬੰਧ ਵਿਚ ਪੁਲਸ ਦਾ ਕਹਿਣਾ ਹੈ ਕਿ ਪੀੜਤ ਦੇ ਬਿਆਨ ਦਰਜ ਕਰਕੇ ਮੁਲਜ਼ਮਾਂ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

### ਕੋਲਹਾਪੁਰ ਦੇ ਤਿਉਹਾਰ ਦੌਰਾਨ ਕੋਲਡ ਡਰਿੰਕਸ ਪੀਣ ਨਾਲ 35 ਸ਼ਰਧਾਲੂ ਬੀਮਾਰ

ਕੋਹਾਪੁਰ 17 ਮਾਰਚ। ਮਹਾਰਾਸ਼ਟਰ ਦੇ ਕੋਲਹਾਪੁਰ ਜ਼ਿਲ੍ਹੇ ਦੀ ਭੂਦਰਗੜ੍ਹ ਤਹਿਸੀਲ ਦੇ ਆਦਮਪੁਰ ਤੀਰਥ ਸਥਾਨ 'ਤੇ ਐਤਵਾਰ ਦੇਰ ਰਾਤ ਸ਼੍ਰੀ ਸੰਤ ਬਾਲੂ ਮਾਮਾ ਭੰਡਾਰਾ ਤਿਉਹਾਰ ਦੌਰਾਨ ਕਥਿਤ ਤੌਰ 'ਤੇ ਕੋਲਡ ਡਰਿੰਕਸ ਪੀਣ ਤੋਂ ਬਾਅਦ ਲਗਭਗ 35 ਸ਼ਰਧਾਲੂ ਬਿਮਾਰ ਹੋ ਗਏ। ਇਸ ਘਟਨਾ ਨਾਲ ਉਕਤ ਸਥਾਨ 'ਤੇ ਹਫ਼ੜਾ-ਦਫ਼ੜੀ ਮਚ ਗਈ। ਪੁਲਸ ਦੇ ਅਨੁਸਾਰ, ਤਿਉਹਾਰ ਦੌਰਾਨ ਕੁਝ ਲੋਕ ਸ਼ਰਧਾਲੂਆਂ ਨੂੰ ਕੋਲਡ ਡਰਿੰਕ ਵੰਡ ਰਹੇ ਸਨ। ਇਸ ਦੌਰਾਨ ਕੋਲਡ ਡਰਿੰਕ ਪੀਣ ਤੋਂ ਤੁਰੰਤ ਬਾਅਦ ਕਈ ਸ਼ਰਧਾਲੂਆਂ ਨੂੰ ਉਲਟੀਆਂ ਆਉਣ ਲੱਗੀਆਂ ਅਤੇ ਪੇਟ ਦੀਆਂ ਸਮੱਸਿਆਵਾਂ ਦੀ ਸ਼ਿਕਾਇਤ ਹੋਈ। ਉਨ੍ਹਾਂ ਨੂੰ ਇਲਾਜ ਲਈ ਗਾਰਗੋਟੀ ਉਪ-ਜ਼ਿਲ੍ਹਾ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਹੁਣ ਸਾਰੇ ਸ਼ਰਧਾਲੂਆਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।

## 7 ਸਾਲ ਬਾਅਦ ਇਨਸਾਫ਼ : ਮੁੰਡੇ ਨੂੰ ਅਗਵਾ ਕਰਕੇ ਕਤਲ ਕਰਨ ਵਾਲੇ ਦੋਸ਼ੀਆਂ ਨੂੰ ਉਮਰਕੈਦ

**ਏਜੰਸੀਆਂ**

ਬਠਿੰਡਾ 17 ਮਾਰਚ। ਸੋਸ਼ਲ ਮੀਡੀਆ 'ਤੇ ਦੋਸਤੀ ਕਰਕੇ 16 ਸਾਲਾ ਮੁੰਡੇ ਨੂੰ ਅਗਵਾ ਕਰਕੇ ਉਸ ਦਾ ਕਤਲ ਕਰਨ ਦੇ ਸਨਸਨੀਖੇਜ਼ ਮਾਮਲੇ 'ਚ ਕਰੀਬ 7 ਸਾਲ ਬਾਅਦ ਅਦਾਲਤ ਨੇ ਦੋ ਦੋਸ਼ੀਆਂ ਨੂੰ ਉਮਰਕੈਦ ਦੀ ਸਜ਼ਾ ਸੁਣਾਈ ਹੈ। ਹਾਲਾਂਕਿ ਫ਼ੈਸਲੇ ਨਾਲ ਅਸੰਤੁਸ਼ਟ ਮ੍ਰਿਤਕ ਦੇ ਪਿਤਾ ਨੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿਵਾਉਣ ਲਈ ਹਾਈਕੋਰਟ ਜਾਣ ਦੀ ਗੱਲ ਕਹੀ ਹੈ। ਇਹ ਮਾਮਲਾ ਰਾਮਪੁਰਾ ਫੂਲ ਦੀ ਸ਼ਹੀਦ ਭਗਤ ਸਿੰਘ ਕਾਲੋਨੀ ਦੇ ਰਹਿਣ ਵਾਲੇ 16 ਸਾਲਾ ਖੁਸ਼ਾਂਤ ਗਰਗ ਉਰਫ਼ ਅਨਮੋਲ ਨਾਲ ਜੁੜਿਆ ਹੈ। ਇੰਟਰਨੈੱਟ ਮੀਡੀਆ ਰਾਹੀਂ ਉਸ ਦੀ ਦੋਸਤੀ ਲੁਧਿਆਣਾ ਨਿਵਾਸੀ ਹਰਸ਼ ਕੁਮਾਰ ਉਰਫ਼ ਗਾਂਧੀ ਅਤੇ ਕਰਾੜਵਾਲਾ ਨਿਵਾਸੀ ਜਸਪ੍ਰੀਤ ਸਿੰਘ ਉਰਫ਼ ਜੈਪੀ ਨਾਲ ਹੋ ਗਈ ਸੀ। 20 ਦਸੰਬਰ 2018 ਦੀ ਸ਼ਾਮ ਦੋਹਾਂ ਦੋਸ਼ੀਆਂ ਨੇ ਅਨਮੋਲ ਨੂੰ ਫੋਟੋ ਖਿੱਚਣ ਦੇ ਬਹਾਨੇ ਘਰ ਤੋਂ ਬੁਲਾਇਆ ਅਤੇ ਮੋਟਰਸਾਈਕਲ 'ਤੇ ਬਿਠਾ ਕੇ ਅਣਜਾਣ ਥਾਂ 'ਤੇ ਲੈ ਗਏ। ਦੇਰ ਸ਼ਾਮ ਤੱਕ ਘਰ ਨਾ ਆਉਣ 'ਤੇ ਪਰਿਵਾਰ ਨੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ। ਇਸ ਦੌਰਾਨ ਰਾਤ ਕਰੀਬ 9 ਵਜੇ ਅਨਮੋਲ ਦੇ ਮੋਬਾਇਲ ਤੋਂ ਕਾਲ ਕਰਕੇ ਦੋਸ਼ੀਆਂ ਨੇ ਪਰਿਵਾਰ ਤੋਂ ਦੋ ਕਰੋੜ ਰੁਪਏ ਦੀ ਫ਼?ਰੌਤੀ ਮੰਗੀ ਸੂਚਨਾ ਮਿਲਦੇ ਹੀ ਪੁਲਸ ਨੇ ਤਤਕਾਲੀਨ ਐੱਸ. ਐੱਸ. ਪੀ. ਡਾ. ਨਾਨਕ ਸਿੰਘ ਦੀ ਅਗਵਾਈ ਹੇਠ ਜਾਂਚ ਸ਼ੁਰੂ ਕੀਤੀ ਅਤੇ ਸੀ. ਸੀ. ਟੀ. ਵੀ. ਫੁਟੇਜ ਤੇ ਹੋਰ ਸੁਰਾਗਾਂ ਦੇ ਆਧਾਰ 'ਤੇ ਦੋਸ਼ੀਆਂ ਦੀ ਤਲਾਸ਼ ਕੀਤੀ। ਪੁਲਸ ਨੇ ਟਰੈਪ ਲਾ ਕੇ ਦੋਹਾਂ ਦੋਸ਼ੀਆਂ ਨੂੰ ਕਾਬੂ ਕਰ ਲਿਆ। ਪੁੱਛਗਿੱਛ ਦੌਰਾਨ ਦੋਸ਼ੀਆਂ ਨੇ ਖੁਲਾਸਾ ਕੀਤਾ ਕਿ ਅਗਵਾ ਤੋਂ ਕੁੱਝ ਸਮੇਂ ਬਾਅਦ ਹੀ ਉਨ੍ਹਾਂ ਨੇ ਅਨਮੋਲ ਦਾ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਸੀ। ਉਨ੍ਹਾਂ ਦੀ ਨਿਸ਼ਾਨਦੇਹੀ 'ਤੇ ਪੁਲਸ ਨੇ ਫੂਲ ਰੋਡ ਸਥਿਤ ਬੀੜ ਜੰਗਲ ਵਿੱਚੋਂ ਲਾਸ਼ ਅਤੇ ਲਾਸ਼ ਵਿੱਚ ਵਰਤਿਆ ਹਥਿਆਰ ਬਰਾਮਦ ਕੀਤਾ ਗਿਆ ਸੀ। ਕਰੀਬ ਸੱਤ ਸਾਲ ਚੱਲੀ ਸੁਣਵਾਈ ਤੋਂ ਬਾਅਦ ਸੈਸ਼ਨ ਜੱਜ ਰਾਜੇਸ਼ ਕੁਮਾਰ ਦੀ ਅਦਾਲਤ ਨੇ ਐਡਵੋਕੇਟ ਹਰਪਾਲ ਸਿੰਘ ਖ਼ਾਰਾ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਦੋਹਾਂ ਨੂੰ ਦੋਸ਼ੀ ਕਰਾਰ ਦਿੱਤਾ। ਅਦਾਲਤ ਨੇ ਹਰਸ਼ ਕੁਮਾਰ ਉਰਫ਼ ਗਾਂਧੀ ਨੂੰ 20 ਸਾਲ ਕੈਦ ਅਤੇ ਜਸਪ੍ਰੀਤ ਸਿੰਘ ਉਰਫ਼ ਜੈਪੀ ਨੂੰ ਦੋਹਰੀ ਉਮਰ ਕੈਦ ਦੀ ਸਜ਼ਾ ਸੁਣਾਈ।

## 'ਆਪ' ਨੇ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਦੀ ਥਾਂ 'ਕੰਗਲਾ ਪੰਜਾਬ' ਬਣਾ ਦਿੱਤਾ : ਤਰੁਣ ਚੁੱਘ

**ਕੌਮੀ ਪਤ੍ਰਿਕਾ**

ਚੰਡੀਗੜ੍ਹ/ਮੋਗਾ 17 ਮਾਰਚ। ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਦੀ ਮੋਗਾ ਰੈਲੀ ਨੂੰ ਪੰਜਾਬ ਦੀ ਸਿਆਸਤ 'ਚ ਇੱਕ ਇਤਿਹਾਸਕ ਮੋੜ ਦੱਸਦਿਆਂ ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਕਿ ਇਸ ਰੈਲੀ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਬਿਗੁਲ ਵਜਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੋਗਾ ਦੀ ਪਵਿੱਤਰ ਧਰਤੀ 'ਤੇ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਤੋਂ ਇਕੱਠੀ ਹੋਈ ਜਨਤਾ ਦੀ ਆਵਾਜ਼ ਇੱਕ ਸਪੱਸ਼ਟ ਸੰਕੇਤ ਦੇ ਰਹੀ ਹੈ ਕਿ ਸੂਬੇ ਦੇ ਲੋਕ ਹੁਣ ਵੱਡਾ ਬਦਲਾਅ ਚਾਹੁੰਦੇ ਹਨ। ਚੁੱਘ ਅਨੁਸਾਰ ਲੋਕਾਂ ਦੇ ਇਸ ਉਤਸ਼ਾਹ ਤੋਂ ਇਹ ਸਾਫ਼ ਹੁੰਦਾ ਹੈ ਕਿ ਪੰਜਾਬ ਦੀ ਜਨਤਾ ਨੇ ਹੁਣ ਸੂਬੇ 'ਚ ਭਾਜਪਾ ਦੀ ਸਰਕਾਰ ਬਣਾਉਣ ਦਾ ਪੂਰਾ ਮਨ ਬਣਾ ਲਿਆ ਹੈ। ਉਨ੍ਹਾਂ ਕਿਹਾ ਕਿ ਮੋਗਾ ਦਾ ਇਤਿਹਾਸ ਰਿਹਾ ਹੈ ਕਿ ਜਦੋਂ ਵੀ ਇੱਥੋਂ ਕੋਈ ਵੱਡੀ ਗਰਜ ਹੋਈ ਹੈ, ਪੰਜਾਬ ਦੀ ਸੱਤਾ 'ਚ ਤਬਦੀਲੀ ਆਈ ਹੈ। ਚੁੱਘ ਨੇ ਅਤੀਤ ਦਾ ਹਵਾਲਾ ਦਿੰਦੇ ਹੋਏ ਯਾਦ ਦਿਵਾਇਆ ਕਿ ਸਾਲ 1996 ਅਤੇ 2006 'ਚ ਭਾਰਤ ਰਤਨ ਅਤੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਇਸੇ ਮੋਗਾ ਦੀ ਧਰਤੀ ਤੋਂ ਵਿਸ਼ਾਲ ਜਨਸਭਾਵਾਂ ਨੂੰ ਸੰਬੋਧਨ ਕੀਤਾ ਸੀ। ਉਨ੍ਹਾਂ ਰੈਲੀਆਂ ਤੋਂ ਬਾਅਦ ਹੀ ਪੰਜਾਬ ਦੀ ਸਿਆਸਤ 'ਚ ਸੱਤਾ ਪਰਿਵਰਤਨ ਦਾ ਰਾਹ ਪੱਧਰਾ ਹੋਇਆ ਸੀ। ਹੁਣ 2026 'ਚ ਉਸੇ ਮਿੱਟੀ ਤੋਂ ਦੇਸ਼ ਦੇ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਸ਼ੇਰ ਵਰਗੀ ਗਰਜ ਨਾਲ ਪੰਜਾਬ 'ਚ ਬਦਲਾਅ ਦਾ ਬਿਗੁਲ ਫੂਕ ਦਿੱਤਾ ਹੈ। ਚੁੱਘ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਹੈ ਕਿ ਅੱਜ ਪੰਜਾਬ ਕਰਜ਼ੇ, ਨਸ਼ਿਆਂ, ਭ੍ਰਿਸ਼ਟਾਚਾਰ, ਗੈਂਗਸਟਰਵਾਦ ਅਤੇ ਪ੍ਰਸ਼ਾਸਨਿਕ ਅਰਾਜਕਤਾ ਵਰਗੀਆਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ 2022 ਦੀਆਂ ਚੋਣਾਂ ਦੌਰਾਨ ਕੀਤੇ ਆਪਣੇ ਸਾਰੇ ਵਾਅਦਿਆਂ ਨੂੰ ਪੂਰੀ ਤਰ੍ਹਾਂ ਭੁਲਾ ਦਿੱਤਾ ਹੈ। ਚੁੱਘ ਨੇ ਕਿਹਾ ਕਿ ਪੰਜਾਬ ਨੂੰ



'ਰੰਗਲਾ ਪੰਜਾਬ' ਬਣਾਉਣ ਦੇ ਵੱਡੇ-ਵੱਡੇ ਦਾਅਵੇ ਕੀਤੇ ਗਏ ਸਨ, ਪਰ ਅਸਲੀਅਤ 'ਚ ਇਸ ਨੂੰ 'ਕੰਗਲਾ ਪੰਜਾਬ' ਬਣਾ ਦਿੱਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਸੂਬੇ ਸਿਰ ਲਗਾਤਾਰ ਵੱਧਦਾ ਕਰਜ਼ਾ ਅਤੇ ਨੌਜਵਾਨਾਂ 'ਚ ਫੈਲੀ ਨਿਰਾਸ਼ਾ ਇਸ ਸਰਕਾਰ ਦੀ ਵੱਡੀ ਨਾਕਾਮੀ ਦਾ ਸਭ ਤੋਂ ਵੱਡਾ ਸਬੂਤ ਹੈ। ਤਰੁਣ ਚੁੱਘ ਨੇ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਦੇ ਸੰਬੋਧਨ ਦਾ ਹਵਾਲਾ ਦਿੰਦੇ ਹੋਏ ਸਪੱਸ਼ਟ ਕੀਤਾ ਹੈ ਕਿ ਭਾਰਤੀ ਜਨਤਾ ਪਾਰਟੀ ਪੰਜਾਬ 'ਚ ਸਿਰਫ਼ ਸੱਤਾ ਹਾਸਲ ਕਰਨ ਲਈ ਨਹੀਂ, ਸਗੋਂ ਸੂਬੇ 'ਚ ਬੁਨਿਆਦੀ ਤਬਦੀਲੀ ਲਿਆਉਣ ਲਈ ਚੋਣ ਮੈਦਾਨ 'ਚ ਉਤਰੇਗੀ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ 'ਚ ਭਾਜਪਾ ਦੀ ਸਰਕਾਰ ਬਣਦੀ ਹੈ ਤਾਂ ਸੂਬੇ ਦੇ ਵਿਕਾਸ ਅਤੇ ਸੁਰੱਖਿਆ ਲਈ ਹਰ ਤਰ੍ਹਾਂ ਦੇ ਕਦਮ ਚੁੱਕੇ ਜਾਣਗੇ। ਚੁੱਘ ਨੇ ਦਾਅਵਾ ਕੀਤਾ ਹੈ ਕਿ ਮੋਗਾ 'ਚ ਹੋਈ ਰੈਲੀ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ ਹੁਣ ਇੱਕ ਫ਼ੈਸਲਾਕੁੰਨ ਬਦਲਾਅ ਵੱਲ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਜਨਤਾ ਹੁਣ ਅਜਿਹੀ ਸਰਕਾਰ ਦੀ ਤਲਾਸ਼ 'ਚ ਹੈ, ਜੋ ਪੰਜਾਬ ਨੂੰ ਮੁੜ ਦੇਸ਼ ਦੇ ਮੋਹਰੀ ਸੂਬਿਆਂ 'ਚ ਸ਼ਾਮਲ ਕਰ ਸਕੇ।

### ਠੇਕੇਦਾਰ ਵੱਲੋਂ 83 ਲੱਖ 73 ਹਜ਼ਾਰ ਰੁਪਏ ਤੋਂ ਵੱਧ ਦੀ ਧੋਖਾਧੜੀ ਕਰਨ 'ਤੇ ਕੇਸ ਦਰਜ

ਗੁਰਦਾਸਪੁਰ 17 ਮਾਰਚ। ਗੁਰਦਾਸਪੁਰ 'ਚ ਨਵੇ ਬਣੇ ਬਾਬਾ ਬੰਦਾ ਬਹਾਦਰ ਇੰਟਰਸਟੇਟ ਬੱਸ ਟਰਮੀਨਲ ਗੁਰਦਾਸਪੁਰ ਅਤੇ ਉਸ ਦੀ ਪਾਰਕਿੰਗ ਦੇ ਠੇਕੇ ਦੀ 83,73,786 ਰੁਪਏ ਦੀ ਰਾਸ਼ੀ ਨਗਰ ਸੁਧਾਰ ਟਰੱਸਟ ਦੇ ਕੋਲ ਜਮ?ਹਾ ਨਾ ਕਰਵਾਉਣ ਸਬੰਧੀ ਸਿਟੀ ਪੁਲਸ ਨੇ ਠੇਕੇਦਾਰ ਖ਼?ਲਾਫ਼ ਕੇਸ ਦਰਜ ਕੀਤਾ ਹੈ। ਸਿਟੀ ਪੁਲਸ ਸਟੇਸ਼ਨ ਵਿੱਚ ਤਾਇਨਾਤ ਸਬ-ਇੰਸਪੈਕਟਰ ਵਰਿੰਦਰਪਾਲ ਨੇ ਦੱਸਿਆ ਕਿ ਗੁਰਦਾਸਪੁਰ ਨਗਰ ਸੁਧਾਰ ਟਰੱਸਟ ਨੇ ਈਮੇਲ ਰਾਹੀਂ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਦੋਸ਼ੀ ਠੇਕੇਦਾਰ ਲਖਵੀਰ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਪਿੰਡ ਹਰਦੋਥਲਾ, ਹੁਸ਼ਿਆਰਪੁਰ ਨੇ ਗੁਰਦਾਸਪੁਰ ਵਿੱਚ ਨਵੇਂ ਬਣੇ ਬਾਬਾ ਬੰਦਾ ਬਹਾਦਰ ਇੰਟਰਸਟੇਟ ਬੱਸ ਟਰਮੀਨਲ 'ਤੇ ਬੱਸ ਸਟੈਂਡ ਅਤੇ ਪਾਰਕਿੰਗ ਦਾ ਠੇਕਾ ਲਿਆ ਸੀ